ਪੰਜਵਾਂ ਸਾਲ

# ਪਰਦੇਸ ਟਾਇਮਜ਼

Pardes Times Bi-weekly

ਮਾਂ-ਬੋਲੀ ਨੂੰ ਸਮਰਪਿਤ

ਬਲਬੀਰ ਸਿੰਘ ਐਮ.ਏ. ਮੁੱਖ ਸੰਪਾਦਕ | 5th Year in Publication | www.pardestimes.com

VOL. 5 No. 125 August 17, 2011 E-mail : info@pardestimes.com Ph.: 510-938-7771, Fax- 510-740-3520



ਲੰਮੀਆਂ ਰਾਹਵਾਂ ਸਤਿੰਦਰ ਤੋਂ ਸਰਤਾਜ ਦੀਆਂ.. -ਜਗਤਾਰ ਗਿੱਲ 5

ਪੰਜਾਬ ਦੀ ਧਰਤੀ ਤੇ ਭਾਸ਼ਾ ਸੁਰਿੰਦਰ ਸਿੰਘ ਸੁੰਨੜ 7

ਬੁੱਲੇ ਸ਼ਾਹ ਏ ਬਾਤ ਇਸ਼ਾਰੇ ਦੀ ਹੈ ਕੋਈ ਇਸ 'ਤਮਾਸ਼ੇ' ਦਾ ਹੱਲ ? 9


# ਕੈਪਟਨ ਅਮਰਿੰਦਰ ਸਿੰਘ ਦੀਵਾਲੀ ਤੋਂ ਪਹਿਲਾਂ ਬੇ-ਏਰੀਆ 'ਚ ਪੁੱਜਣਗੇ

ਫਰੀਮਾਂਟ- ਇਹ ਖ਼ਬਰ ਪਰਦੇਸ ਟਾਇਮਜ਼ ਵੱਲੋਂ ਉਚੇਚੇ ਤੌਰ 'ਤੇ ਸਾਂਝੀ ਕੀਤੀ ਜਾ ਰਹੀ ਹੈ ਕਿ ਕੈਲੀਫੋਰਨੀਆ ਤੇ ਵਿਸ਼ੇਸ਼ ਕਰਕੇ ਬੇ-ਏਰੀਏ ਦੇ ਸ਼ਹਿਰਾਂ ਵਿਚ ਪੰਜਾਬੀਆਂ ਦੇ ਹਰਮਨ ਪਿਆਰੇ ਲੀਡਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਪਾਰਟੀ ਦੇ ਪੰਜਾਬ ਇਕਾਈ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਇੱਥੇ ਪਹੁੰਚ ਰਹੇ ਹਨ।

ਕਾਂਗਰਸ ਪਾਰਟੀ ਦੇ ਏਜੰਡੇ ਬਾਰੇ ਉਹ ਇਸ ਫੇਰੀ ਦਰਮਿਆਨ ਖੁੱਲ੍ਹ ਕੇ ਵਿਚਾਰ ਕਰਨਗੇ ਤੇ ਹਰ ਭਾਰਤੀ ਨੂੰ ਮਿਲਣ ਲਈ ਖੁੱਲ੍ਹੇ ਦਿਲ ਨਾਲ ਆ ਰਹੇ ਹਨ। ਫੋਨ 'ਤੇ ਹੋਈ ਗੱਲਬਾਤ ਦੌਰਾਨ ਜੱਸੀ ਖੰਗੂੜਾ ਐਮ. ਐਲ. ਏ. ਕਾਂਗਰਸ ਨੇ ਇਸ ਸੁਨੇਹੇ ਵਿਚ ਕਿਹਾ ਕਿ 10 ਦਿਨਾਂ ਦਾ ਇਹ ਦੌਰਾ ਜੋ ਕਿ ਕੈਲੀਫੋਰਨੀਆ ਤੋਂ ਸ਼ੁਰੂ ਹੋਵੇਗਾ, ਕੈਲੀਫੋਰਨੀਆ ਦੇ ਸਾਰੇ ਸ਼ਹਿਰਾਂ ਵਿਚ ਹਜ਼ਾਰਾਂ ਪੰਜਾਬੀਆਂ ਦੇ ਸਾਹਮਣੇ ਆਪਣੇ ਵਿਚਾਰ ਪ੍ਰਗਟ ਕਰਕੇ ਜਾਣਗੇ ਤੇ ਲੋਕਾਂ ਨੂੰ ਲਾਮਬੰਦ ਕਰਨਗੇ ਤਾਂ ਜੋ ਪੰਜਾਬ ਵਿਚੋਂ ਲੁੱਟ-ਖਸੁੱਟ ਦਾ ਰਾਜ ਖਤਮ ਕੀਤਾ ਜਾ ਸਕੇ।

ਜੱਸੀ ਖੰਗੂੜਾ ਹੁਰਾਂ ਦੱਸਿਆ ਕਿ ਉਹਨਾਂ ਦੇ ਐਨ. ਆਰ. ਆਈ. ਦੇ ਕੋਆਰਡੀਨੇਟਰ ਬਣਨ ਤੋਂ ਬਾਅਦ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਬਾਹਰ ਰਹਿੰਦੇ ਲੱਖਾਂ ਪੰਜਾਬੀਆਂ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਮੁਲਾਕਾਤ ਸਿੱਧੀ ਕਰਵਾਈ ਜਾ ਸਕੇ, ਤਾਂ ਕਿ ਕਿਸੇ ਦੇ ਮਨ ਵਿਚ ਕਾਂਗਰਸ ਪ੍ਰਤੀ ਕੋਈ ਸਵਾਲ ਹੋਵੇ ਜਾਂ ਫਿਰ ਕੋਈ ਸੁਝਾਅ ਹੋਣ, ਜਿਸ ਨਾਲ ਪੰਜਾਬ ਦਾ ਭਲਾ ਹੋ ਸਕੇ ਜਾਂ ਪੰਜਾਬ ਇਸ ਕੰਗਾਲੀ ਦੇ ਦੌਰ 'ਚੋਂ ਨਿਕਲ ਸਕੇ। ਅਕਾਲੀ ਦਲ ਬਾਦਲ ਤੇ ਤਿੱਖਾ ਹਮਲਾ ਕਰਦਿਆਂ ਸ੍ਰੀ ਜੱਸੀ ਖੰਗੂੜਾ ਨੇ ਕਿਹਾ ਕਿ ਇਹ ਸਰਕਾਰ ਫਰਵਰੀ 2012 ਵਿਚ ਬੋਰੀਆ ਬਿਸਤਰਾ ਗੋਲ ਕਰਕੇ ਚਲੀ ਜਾਵੇਗੀ ਅਤੇ ਅਗਲੀ ਸਰਕਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਬਣੇਗੀ ਤੇ ਅਗਲੇ 5 ਸਾਲ ਪੰਜਾਬ ਲਈ ਸੁਨਹਿਰੇ ਹੋਣਗੇ, ਕਿਉਂਕਿ ਕਾਂਗਰਸ ਨੇ ਜਿੰਨੇ ਵੀ ਕੰਮ 5 ਸਾਲ ਪਹਿਲਾਂ ਆਰੰਭੇ ਸਨ, ਉਹੀ ਦੁਬਾਰਾ ਸ਼ੁਰੂ ਕਰ ਦਿੱਤੇ ਜਾਣਗੇ, ਜਿਸ ਵਿਚ ਪੰਜਾਬ ਨੂੰ ਪੱਛੜੇ ਰਾਜ ਤੋਂ ਦੁਬਾਰਾ ਨੰਬਰ ਇਕ ਵੱਲ



ਵਾਪਸ ਲਿਆਂਦਾ ਜਾਵੇਗਾ। ਕਿਸਾਨਾਂ ਲਈ ਖਾਸ ਰਿਆਇਤਾਂ ਦਾ ਦੌਰ ਸਹੀ ਮਾਅਨਿਆਂ ਵਿਚ ਸ਼ੁਰੂ ਕੀਤਾ ਜਾਵੇਗਾ। ਬੇ-ਏਰੀਆ ਦੇ ਸਾਰੇ ਸ਼ਹਿਰਾਂ ਤੇ ਕੈਲੀਫੋਰਨੀਆ ਦੇ ਹੋਰ ਸਾਰੇ ਸ਼ਹਿਰਾਂ ਵਿਚ ਕੈਪਟਨ ਸਾਹਿਬ ਆ ਰਹੇ ਹਨ ਤੇ ਇਸ ਦਾ ਇੰਤਜ਼ਾਮ ਸ੍ਰੀ ਜੱਸੀ ਖੰਗੂੜਾ ਦੇ ਨੇੜਲੇ ਰਿਸ਼ਤੇਦਾਰ ਕਮਲ ਖੰਗੂੜਾ, ਬਲਬੀਰ ਸਿੰਘ ਸੇਖੋਂ (ਮਾਉਂਟੇਨ ਮਾਈਕ ਸਟੋਰਾਂ ਦੇ ਮਾਲਕ) ਅਤੇ ਰਣਜੀਤ ਗਿੱਲ ਤੇ ਬਲਜਿੰਦਰ ਕੈਲੇ ਕਰ ਰਹੇ ਹਨ।

ਕੈਪਟਨ ਅਮਰਿੰਦਰ ਸਿੰਘ ਕਾਂਗਰਸ ਪ੍ਰਧਾਨ ਦੇ ਦੌਰੇ ਬਾਰੇ ਆਉਂਦੇ ਦਿਨਾਂ ਵਿਚ ਹੋਰ ਜਾਣਕਾਰੀ ਵੀ ਦਿੱਤੀ ਜਾਵੇਗੀ। ਕਾਂਗਰਸ ਵਰਕਿੰਗ ਕਮੇਟੀ ਦਾ ਗਠਨ ਕੈਲੀਫੋਰਨੀਆ ਲਈ ਕੁਝ ਕੁ ਦਿਨਾਂ ਵਿਚ ਹੀ ਕੀਤਾ ਜਾ ਰਿਹਾ ਹੈ ਅਤੇ ਅਹੁਦੇਦਾਰਾਂ ਦੇ ਨਾਵਾਂ ਦਾ ਵੇਰਵਾ ਅਖ਼ਬਾਰ ਵਿਚ ਦਿੱਤਾ ਜਾਵੇਗਾ।

ਸ੍ਰੀ ਜੱਸੀ ਖੰਗੂੜਾ ਦੇ ਐਨ. ਆਰ. ਆਈ. ਕੋਆਰਡੀਨੇਟਰ ਬਣਨ 'ਤੇ ਪੰਜਾਬ ਦੇ ਲੋਕਾਂ ਅਤੇ ਕੈਪਟਨ ਸਾਹਿਬ ਦਾ ਧੰਨਵਾਦ ਕੀਤਾ ਗਿਆ। ਹੋਰ ਜਾਣਕਾਰੀ ਬਲਬੀਰ ਸਿੰਘ ਸੇਖੋਂ 209-216-8131 ਜਾਂ ਕਮਲ ਖੰਗੂੜਾ 510-468-9008 ਤੇ ਗੱਲਬਾਤ ਕੀਤੀ ਜਾ ਸਕਦੀ ਹੈ।

## ਪਰਦੇਸ ਟਾਇਮਜ਼ ਸਾਰੇ ਲਾਸ ਏਂਜਲਸ ਦੇ ਗੁਰੂ ਘਰਾਂ ਅਤੇ ਦੁਕਾਨਾਂ ਉਤੇ ਮਿਲੇਗਾ

ਬੇਅ ਏਰੀਆ- ਪਿਛਲੇ 5 ਸਾਲਾਂ ਤੋਂ ਅਮਰੀਕਾ ਦੀ ਧਰਤੀ ਉਤੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਿਹਾ ਪਰਦੇਸ ਟਾਇਮਜ਼ ਹੁਣ ਪੰਜਾਬੀ ਵਸੋਂ ਦੇ ਵੱਡੇ ਗੜ੍ਹ ਬਣ ਚੁੱਕੇ ਲਾਸ ਏਂਜਲਸ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿਚ ਵੀ ਪਹੁੰਚ ਗਿਆ ਹੈ। ਇਸ ਖੇਤਰ ਦੇ ਵਾਸੀਆਂ ਸ. ਸੁਰਿੰਦਰ ਸਿੰਘ ਸੁੰਨੜ ਪੰਜਾਬੀ ਦੇ ਪ੍ਰਸਿੱਧ ਲੇਖਕ ਅਤੇ ਚਿੰਤਕ, ਗੈਰੀ ਗਰੇਵਾਲ, ਸੁਰਜੀਤ ਸਿੰਘ ਬੋਪਾਰਾਏ ਅਤੇ ਪਰਦੇਸ ਟਾਇਮਜ਼ ਦੇ ਕਈ ਹੋਰ ਸਹਿਯੋਗੀਆਂ ਦੇ ਸਹਿਯੋਗ ਨਾਲ ਅੱਜ ਤੋਂ ਲਾਸ ਏਂਜਲਸ ਦੇ ਸਾਰੇ ਗੁਰੂ ਘਰਾਂ ਅਤੇ ਦੁਕਾਨਾਂ ਉਤੇ ਮਿਲੇਗਾ। ਇਸ ਖੇਤਰ ਦੀਆਂ ਮੁਸ਼ਕਿਲਾਂ, ਪੰਜਾਬੀ ਭਾਈਚਾਰੇ ਦੀਆਂ ਗਤੀਵਿਧੀਆਂ, ਸਿਆਸੀ, ਰਾਜਸੀ ਕਾਰਵਾਈਆਂ ਅਤੇ ਪੰਜਾਬੀ ਭਾਈਚਾਰੇ ਦੀ ਆਵਾਜ਼ ਨੂੰ ਬੁਲੰਦ ਕਰਨ ਲਈ ਇਸ ਸ਼ਹਿਰ ਵਿਚ ਵਿਸ਼ੇਸ਼ ਪ੍ਰਤੀਨਿਧੀ ਦੇ ਤੌਰ ਤੇ ਮਾਰਕੀਟਿੰਗ ਮੈਨੇਜਰ ਵਜੋਂ ਸ. ਜਗਜੀਤ ਸਿੰਘ ਬੈਂਸ ਨੂੰ ਨਿਯੁਕਤ ਕੀਤਾ ਗਿਆ ਹੈ।

ਆਸ ਹੈ ਕਿ ਸਾਰੇ ਪੰਜਾਬੀ ਬੋਲੇ ਦੇ ਪ੍ਰੇਮੀ ਪਰਦੇਸ ਟਾਇਮਜ਼ ਨੂੰ ਸਿਰ ਅੱਖਾਂ ਤੇ ਬਿਠਾਉਣਗੇ। -ਮੁੱਖ ਸੰਪਾਦਕ


= Discounts.
See me today and get the discounts and service you deserve
STATE FARM INSURANCE
GURBINDER S MAVI, AGENT
Insurance Lic.# 0F22244
Bus : 650-326-0660, Cell : 408-829-6284
101 University Avenue Palo Alto, CA 94301
Like a Good Neighbor, State Farm is There
statefarm.com
State farm mutual Automobile Insurance Company. State Farm Indemnity Company Bloomington. IL

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ
PANNUN THE LAW FIRM
ATTORNEYS & COUNSELLORS
ਇੰਮੀਗ੍ਰੇਸ਼ਨ ਲਾਅ
❑ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ
❑ 9th & 2nd ਸਰਕਿਟ ਅਪੀਲਜ਼
ਡੀਪੋਰਟੇਸ਼ਨ ਪਟੀਸ਼ਨਜ
❑ ਬੋਨਾਫਾਇਡ ਅਸਾਇਲਮ ਪਟੀਸ਼ਨਜ਼
❑ ਸਿਟੀਜ਼ਨਸ਼ਿਪ ਅਪੀਲ
CALIFORNIA T 510.796.9000
FREMONT. CA 94538

ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
IMMIGRATION, DEPORTATION DEFENSE, APPEALS
FAMILY LAW, DIVORCE CASES, BANKPUPTCY
ਕੈਲੀਫੋਰਨੀਆ ਦਫ਼ਤਰ: 44790 S. Grimmer blvd.#204 Fremont, CA 94538 510-657-6444
ਨਿਊਯਾਰਕ ਦਫ਼ਤਰ: 2953 w capitol ave w sacramento CA 95691 916-372-4448 Facsimile 916-372-4440
ਸੈਕਰਾਮੈਂਟੋ ਦਫ਼ਤਰ: 44790 s grimmer blvd # 208 Fremont CA 94538 510-657-6444 Facsimile 510-657-4443

ਬੋਨਡਿਡ ਇੰਮੀਗਰੇਸ਼ਨ ਕਨਸਲਟੈਂਟ
FILING SERVICES OFFERED FOR FOLLOWING PETITIONS
Atul Kapoor MBA JD
▪ ਫੈਮਲੀ ਇੰਮੀਗਰੇਸ਼ਨ
▪ ਅਸਾਇਲਮ ਪਟੀਸ਼ਨਜ਼
▪ ਗ੍ਰੀਨ ਕਾਰਡ ਐਪਲੀਕੇਸ਼ਨ
▪ ਸਿਟੀਜ਼ਨਸ਼ਿਪ ਐਪਲੀਕੇਸ਼ਨ
▪ ਇੰਡੀਆ ਦਾ ਵੀਜ਼ਾ ਅਤੇ ਦੋਹਰੀ ਨਾਗਰਿਕਤਾ (OCI)
ਟਰੱਕ ਵਾਲੇ ਵੀਰਾਂ ਲਈ ਖਾਸ ਛੂਟ
ਅਮਰੀਕੀ ਅਸਾਇਲਮ ਪ੍ਰਾਪਤ ਕਿਤੇ ਲੋਕਾਂ ਲਈ ਹੁਣ ਇੰਡੀਆ ਦਾ ਵੀਜ਼ਾ ਲੇਣਾ ਹੋਇਆ ਅਸਾਨ!
Global Allianz
Immigration Consultants
1111 W. ROBINHOOD DR, STOCKTON, SUITE-G CA-95207
PH:209-808-2136
Fax: 209-373-2227, e-mail: atulkapoor8@gmail.com

BA Budwal & Associates
Your Financial Friends for Life
• Investment Advisory • Retirement Planning
• Education Planning • Living Trust Real Estate
• Health Insurance • Notary Public
Budwal & Associates
315 Piercy Road
San Jose, CA 95138
408-972-8000
408-835-0202 Call
408-521-3002 Fax
Raj S. Budwal
www.budwal.com

A-1 INTERIOR DECORATION INC.
BEST PRICES IN THE BAY AREA
◆ KITCHEN CABINETS
◆ GRANITE COUNTERTOPS
◆ SINKS & FAUCETS
◆ HARDWOOD & LAMINATE FLOORS
◆ DOORS AND WINDOWS
◆ REMODLING & NEW CONSTRUCTION
FREE ESTIMATES
CELL 510 565-6667 OFFICE 510 732-1555 FAX 510 732-0555
Visit our showroom NOW!!!
1244 W. Winton ave. HAYWARD, CA 94545

Allstate. You're in good hands.
Avninder Singh
Insurance Specialist, CA Lic. # 0822501
Auto › Home › Life › Health › Business › Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544

ਬੀਤੇ ਦਿਨੀਂ ਆਡਿਗੀ ਸਿਸਟਮ ਇੰਕ: ਵੱਲੋਂ ਆਯੋਜਿਤ 'ਸਜਦਾ' ਪ੍ਰੋਗਰਾਮ ਦੇ ਕੁਝ ਝਲਕਾਰੇ। ਇਸ ਪ੍ਰੋਗਰਾਮ ਵਿਚ ਸਾਹਿਲ ਦੁਆਰਾ ਗਜ਼ਲ, ਗੀਤ ਅਤੇ ਕਵਿਤਾਵਾਂ ਦਾ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਇਸ ਪ੍ਰੋਗਰਾਮ ਲਈ ਹਰਜਿੰਦਰ ਕੰਗ, ਕੁਲਵਿੰਦਰ (ਗ਼ਜ਼ਲਗੋ), ਰੇਸ਼ਮ ਸਿੱਧੂ, ਜਗਜੀਤ ਨੌਸ਼ਹਿਰਵੀ, ਓਮ ਪ੍ਰਕਾਸ਼ ਕਮਲ (ਸਹਾਇਕ ਸੰਪਾਦਕ ਪਰਦੇਸ ਟਾਇਮਜ਼), ਤਾਰਾ ਸਾਗਰ, ਗੁਰਵਿੰਦਰ ਗੁਰੀ, ਅਮਰੀਕ ਸਿੰਘ, ਪ੍ਰੋ. ਜਸਪਾਲ ਸਿੰਘ ਸੈਣੀ, ਪੰਕਜ ਅੰਸਲ, ਜੂਨੀਅਰ ਕਿਸ਼ੋਰ ਅਤੇ ਨਿਸ਼ਾ ਖਾਨ, ਉਸਤਾਦ ਮਾਨ ਸਿੰਘ, ਪ੍ਰਸਿੱਧ ਨਾਟਕਕਾਰ ਸੁਰਿੰਦਰ ਧਨੋਆ ਅਤੇ ਬੀਬੀ ਜਸਵਿੰਦਰ ਧਨੋਆ, ਰੌਸ਼ਨੀ ਸਟੋਰ ਦੇ ਮਾਲਕ, ਹਾਸ ਕਲਾਕਾਰ ਵਿਜੇ, ਮਾਸਟਰ ਦੀਪਕ, ਐਨ. ਐਸ. ਬਾਦਲ ਅਤੇ ਪਰਦੇਸ ਟਾਇਮਜ਼ ਨੇ ਵੀ ਭਰਪੂਰ ਸਹਿਯੋਗ ਦਿੱਤਾ। ਇਹ ਪ੍ਰੋਗਰਾਮ ਬੀਤੀ 5 ਅਗਸਤ ਨੂੰ ਹੋਇਆ। ਇਸ ਪ੍ਰੋਗਰਾਮ ਵਿਚ ਸੁਖਦੇਵ ਸਾਹਿਲ ਵੱਲੋਂ ਰਾਗਾਂ 'ਤੇ ਆਧਾਰਿਤ ਬਹੁਤ ਸ਼ਾਨਦਾਰ ਗ਼ਜ਼ਲਾਂ ਅਤੇ ਕਵਿਤਾਵਾਂ ਸੁਣਾਈਆਂ ਗਈਆਂ।



















# ਸ. ਹਰਭਜਨ ਸਿੰਘ ਜੌਹਲ

ਪੰਜਾਬ ਦੇ ਜੰਮਪਲ ਸ. ਹਰਭਜਨ ਸਿੰਘ ਜੌਹਲ, ਜੂਨ 15, 1936 ਨੂੰ ਜਨਮੇ, ਜੰਡਿਆਲਾ ਜਲੰਧਰ ਦੇ ਵਸਨੀਕ ਸਨ। ਪਿਛਲੇ ਹਫਤੇ ਅਗਸਤਦੀ 4 ਤਾਰੀਖ 2011 ਨੂੰ ਉਹ ਫਰੀਮਾਂਟ ਵਿਚ ਹੀ ਸਵਰਗਵਾਸ ਹੋ ਗਏ ਸਨ।



ਉਨ੍ਹਾਂ ਦਾ ਸਸਕਾਰ ਅਗਸਤ 9, 2011 ਨੂੰ 'ਚੈਪਲ ਆਫ ਦੀ ਚਾਈਮ'' ਵਿਚ ਬਹੁਤ ਸਾਰੇ ਦੋਸਤਾਂ, ਰਿਸ਼ਤੇਦਾਰ ਦੀ ਹਾਜ਼ਰੀ ਵਿਚ ਕਰ ਦਿੱਤਾ ਗਿਆ।

ਸ. ਜੌਹਲ ਸੀਨੀਅਰ ਸਿਟੀਜਨ ਕਮੇਟੀ ਦੇ ਸਰਗਰਮ ਮੈਂਬਰ ਤੇ ਅਹੁਦੇਦਾਰ ਦੀ ਰਹੇ। ਪੰਜਾਬ ਤੋਂ ਬਾਹਰ ਉਹ ਪਹਿਲਾਂ ਇੰਗਲੈਂਡ ਗਏ ਤੇ ਬਹੁਤੇ ਵਰ੍ਹੇ ਇਹ ਉਥੇ ਵੀ ਲੰਘਾ ਕੇ ਆਈ, ਉਹਨਾਂਦੇ ਦਾਮਾਦ ਅਨੁਸਾਰ ਉਹ ਲੰਡਨ ਵਿਚ ਬੱਸ ਵੀ ਚਲਾਉਂਦੇ ਰਹੇ ਕਿਉਂਕਿ ਇਕ ਵਾਰ ਮੇਰੇ ਲੰਡਨ ਬਾਰੇ ਲਿਖੇ ਲੇਖ 'ਲੰਡਨ ਦੀਆਂ ਗਲੀਆਂ ਵਿਚ' ਪੜ੍ਹ ਕੇਕਹਿਣ ਲੱਗੇ 'ਬਈ ਤੁਸੀਂ ਤਾਂ ਲੰਡਨ ਉਂਗਲੀਫੜ ਕੇ ਦਿਖਾ ਦਿੱਤਾ, ਮੈਂ ਜਿੱਥੇ ਜਿੱਥੇ ਬੱਸ ਚਲਾਉਂਦਾ ਰਿਹਾ ਤੁਸੀਂ ਵੀ ਉਥੇ ਉਥੇ ਗਏ।'

ਗੁਰੂ ਘਰ ਫਰੀਮਾਂਟ ਵਿਚ ਚੰਗੇ ਸੇਵਾਦਾਰ ਵਜੋਂ ਜਾਣੇ ਜਾਂਦੇ ਜੌਹਲ ਸਾਹਿਬ ਇਕ ਚੰਗੇ ਇਨਸਾਨ ਸਨ, ਚੰਗੇ ਮਦਦਗਾਰ ਵੀ ਰਹੇ।

ਗੁਰੂ ਘਰ ਵਿਚ ਹਮੇਸ਼ਾ ਹੀ ਸੇਵਾ ਭਾਵਨਾ ਨਾਲ ਕੰਮ ਕਰਦੇ ਰਹੇ ਤੇ ਪੰਜਾਬ ਦੇ ਇਕ ਗੁਰੂ ਘਰ ਤੇ ਹਸਪਤਾਲ ਲਈ ਮਾਇਆ ਜਿੰਨੀ ਵੀ ਸੰਗਤਾਂ ਦੇਂਦੀਆਂ, ਉਥੇ ਪਹੁੰਚਾਉਂਦੇ ਰਹੇ।

ਵਾਹਿਗੁਰੂ ਅੱਗੇ ਉਨ੍ਹਾਂ ਦੀ ਰੂਹ ਦੀ ਸ਼ਾਂਤੀ ਲਈ ਅਰਦਾਸ ਹੈ। ਪਰਦੇਸ ਟਾਇਮਜ਼ ਵੱਲੋਂ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਲਈ ਗੁਰੂ ਅੱਗੇ ਅਰਦਾਸਕੀਤੀ ਜਾਂਦੀ ਹੈ। ਉਹਨਾਂ ਦੇ ਪਰਿਵਾਰ ਨਾਲ ਗੱਲਬਾਤ ਕਰਨ ਲਈ ਸਟੀਵ 510-729-8843, ਗੁਰੂ ਘਰ ਫਰੀਮਾਂਟ ਵਿਖੇ ਸਾਰੇ ਸੀਨੀਅਰ ਸਿਟੀਜਨਸ ਕਮੇਟੀ ਨੇ ਇਕ ਮਿੰਟ ਦਾ ਮੌਨ ਰੱਖ ਕੇ ਸ. ਜੌਹਲ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੱਤੀ।

## ਮਨਪ੍ਰੀਤ ਬਾਦਲ ਤੋਂ ਬਾਅਦ ਹੁਣ ਕਾਂਗਰਸ ਦੀ ਵਾਰੀ

# ਪੰਜਾਬ ਵਿਚ ਅਗਲੀ ਸਰਕਾਰ ਕਾਂਗਰਸ ਦੀ ਹੋਵੇਗੀ-ਜੱਸੀ ਖੰਗੂੜਾ

ਸਰੀ- ਪੰਜਾਬ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਲਈ ਸਰਗਰਮੀ ਜਿੱਥੇ ਪੰਜਾਬ ਵਿਚ ਸਿਖਰਾਂ 'ਤੇ ਹੈ, ਉਥੇ ਹੀ ਵਿਦੇਸ਼ੀ ਦੌਰਿਆਂ ਦਾ ਦੌਰ ਵੀ ਪੂਰੇ ਜੋਰ-ਸ਼ੋਰ ਨਾਲ ਚੱਲ ਪਿਆ ਹੈ। ਪੀ.ਪੀ.ਪੀ. ਦੇ ਮਨਪ੍ਰੀਤ ਸਿੰਘ ਬਾਦਲ ਦੁਆਰਾ ਅਮਰੀਕਾ ਅਤੇ ਕੈਨੇਡਾ ਦੇ ਦੌਰਿਆਂ ਦੇ ਨਾਲ ਹੀ ਹੁਣ ਵਾਰੀ ਕਾਂਗਰਸ ਦੀ ਆ ਰਹੀ ਹੈ। ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਖੁਦ ਕੈਨੇਡਾ ਆ ਰਹੇ ਹਨ ਅਤੇ ਉਹਨਾਂ ਦੇ ਦੌਰੇ ਦੀ ਰੂਪ-ਰੇਖਾ ਵਿੱਢਣ ਲਈ ਸਰੀ ਪਹੁੰਚੇ ਵਿਧਾਇਕ ਸ੍ਰੀ ਜੱਸੀ ਖੰਗੂੜਾ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀ ਭਾਈਚਾਰੇ ਨੂੰ ਇਸ ਦੌਰੇ ਦੌਰਾਨ ਕਾਂਗਰਸ ਨੂੰ ਸਹਿਯੋਗ ਦੇਣਦੀ ਅਪੀਲ ਕੀਤੀ ਜਾਵੇਗੀ। ਸ੍ਰੀ ਖੰਗੂੜਾ ਨੇ ਦੱਸਿਆ ਕਿ ਉਹਨਾਂ ਦਾ ਇਹ ਦੌਰਾ ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਦੀਆਂ ਹਕੀਕਤਾਂ ਤੋਂ ਜਾਣੂ ਕਰਵਾਉਣਾ ਹੋਵੇਗਾ। ਇੱਥੇ ਧੂਮ ਰੈਸਟੋਰੈਂਟ ਵਿਖੇ ਆਯੋਜਿਤ ਪੱਤਰਕਾਰ ਸੰਮੇਲਨ ਵਿਚ ਸ੍ਰੀ ਖੰਗੂੜਾ ਨਾਲ ਓਵਰਸੀਜ਼ ਕਾਂਗਰਸ ਕੈਨੇਡਾ ਦੇ ਪ੍ਰਧਾਨ ਦਵਿੰਦਰ ਸਿੰਘ ਗਰਚਾ, ਯੂਥ ਕਾਂਗਰਸ ਦੇ ਪ੍ਰਧਾਨ ਜਸਪ੍ਰੀਤ ਸਿੰਘ ਜੱਸੀ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਬਾਸੀ ਵੀ ਮੌਜੂਦ ਸਨ।



ਮਨਪ੍ਰੀਤ ਬਾਦਲ ਦੀ ਵਿਸ਼ਾਲ ਰੈਲੀ ਤੋਂ ਤੁਰੰਤ ਬਾਅਦ ਕੈਪਟਨ ਅਮਰਿੰਦਰ ਸਿੰਘ ਦੇ ਦੌਰੇ ਦਾ ਐਲਾਨ ਇਸ ਗੱਲ ਦਾ ਸੰਕੇਤ ਹੈ ਕਿ ਪੰਜਾਬ ਵਿਧਾਨ ਸਭਾ ਦੀ ਚੋਣ ਮੁਹਿੰਮ ਦਾ ਆਗਾਜ਼ ਇਸ ਵਾਰ ਵੈਨਕੂਵਰ ਤੋਂ ਹੀ ਹੋਣ ਜਾ ਰਿਹਾ ਹੈ। ਜੱਸੀ ਖੰਗੂੜਾ ਨੇ ਦਾਅਵਾ ਕੀਤਾ ਕਿ ਪੀਪਲਸ ਪਾਰਟੀ ਕੇਵਲ ਅਕਾਲੀ ਵੋਟ ਬੈਂਕ ਨੂੰ ਹੀ ਖੋਰਾ ਲਾਵੇਗੀ, ਜਿਸ ਦਾ ਫਾਇਦਾ ਕਾਂਗਰਸ ਨੂੰ ਹੋਵੇਗਾ। ਉਹਨਾਂ ਪੰਜਾਬ ਅੰਦਰ ਤੀਜੇ ਬਦਲ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਕਿਹਾ ਕਿ ਅਗਲੀ ਸਰਕਾਰ ਕਾਂਗਰਸ ਦੀ ਹੀ ਬਣੇਗੀ। ਸ੍ਰੀ ਖੰਗੂੜਾ ਨੇ ਕਿਹਾ ਕਿ ਕਾਂਗਰਸ ਭਾਜਪਾ ਦੀਆਂ ਘੱਟੋ ਘੱਟ 16 ਸੀਟਾਂ ਖੋਹ ਲਵੇਗੀ।

ਕਾਂਗਰਸੀ ਆਗੂ ਨੇ ਮਨਪ੍ਰੀਤ ਬਾਦਲ ਨਾਲ ਕਿਸੇ ਸਾਂਝ ਦੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਜਾਤੀ ਤੌਰ 'ਤੇ ਮਨਪ੍ਰੀਤ ਬਾਦਲ ਦਾ ਸਤਿਕਾਰ ਕਰਦੇ ਹਨ। ਉਹਨਾਂ ਮਨਪ੍ਰੀਤ ਨੂੰ ਬਾਦਲਾਂ ਵਿਚੋਂ 'ਗੁੱਡ ਬਾਦਲ' ਕਹਿ ਕੇ ਸੰਬੋਧਨ ਕੀਤਾ। ਪੰਜਾਬ ਦੀ ਮੌਜੂਦਾ ਆਰਥਿਕ ਹਾਲਤ ਲਈ ਬਾਦਲ ਸਰਕਾਰ ਦੀਆਂ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਉਹਨਾਂ ਕਿਹਾ ਕਿ ਜਿੰਨਾ ਚਿਰ ਪੰਜਾਬ ਅੰਦਰ ਪੂੰਜੀ ਨਿਵੇਸ਼ ਕਰਨ ਵਾਲੇ ਵਪਾਰੀਆਂ ਦਾ ਵਿਸ਼ਵਾਸ ਨਹੀਂ ਜਿੱਤਿਆ ਜਾਂਦਾ, ਉਨੀ ਦੇਰ ਪੰਜਾਬ ਦਾ ਕਲਿਆਣ ਸੰਭਵ ਨਹੀਂ ਤੇ ਇਸ ਲਈ ਪ੍ਰਵਾਸੀ ਪੰਜਾਬੀਆਂ ਦਾ ਸਾਥ ਬਹੁਤ ਜ਼ਰੂਰੀ ਹੈ।

ਅਕਤੂਬਰ ਦੇ ਪਹਿਲੇ ਹਫਤੇ ਵੈਨਕੂਵਰ ਤੋਂ ਸ਼ੁਰੂ ਹੋ ਰਹੇ ਕੈਪਟਨ ਦੇ ਦੌਰੇ ਦੀ ਸ਼ੁਰੂਆਤ ਇੱਥੇ ਵੱਡੀ ਰੈਲੀ ਕਰਕੇ ਕੀਤੀ ਜਾਵੇਗੀ। ਇਸ ਤੋਂ ਬਾਅਦ ਉਹ ਟਰਾਂਟੋ, ਕੈਲਗਰੀ, ਨਿਊਯਾਰਕ ਅਤੇ ਸੈਨਹੋਜ਼ੇ ਜਾਣਗੇ। ਬਾਅਦਵਿਚ ਜੱਸੀ ਖੰਗੂੜਾ ਕਾਫਲੇ ਸਮੇਤ ਪਿਛਲੇ ਦਿਨੀਂ ਸਰੀ ਵਿਚ ਕਤਲ ਹੋਈ ਪੰਜਾਬੀ ਕੁੜੀ ਰਵਿੰਦਰ ਕੌਰ ਭੰਗੂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਗਏ।

# ਡਾ.ਚਰਨਜੀਤ ਸਿੰਘ ਗੁਮਟਾਲਾ ਦੀ ਕੈਲੀਫੋਰਨੀਆ ਫੇਰੀ 19 ਅਗਸਤ ਤੋਂ

ਪੰਜਾਬੀ ਲੇਖਕ ਤੇ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਡਾ.ਚਰਨਜੀਤ ਸਿੰਘ ਗੁਮਟਾਲਾ ਜੋ ਅੱਜਕਲ ਅਮਰੀਕਾ ਦੇ ਓਹਾਇਹੋ ਸੂਬੇ ਦੇ ਸ਼ਹਿਰ ਡੇਟਨ ਵਿਖੇ ਰਹਿੰਦੇ ਹਨ 19 ਅਗਸਤ ਨੂੰ ਬਾਦ ਦੁਪਿਹਰ ਸੈਕਰਾਮੈਂਟੋ ਪੁੱਜ ਰਹਿ ਹਨ। ਉਹ 29 ਅਗਸਤ ਤੀਕ ਕੈਲੀਫੋਰਨੀਆ ਸੂਬੇ ਵਿਚ ਰਹਿਣਗੇ। ਉਨ੍ਹਾਂ ਦਾ ਸੈਕਰਾਮੈਂਟੋ ਤੋਂ ਇਲਾਵਾ ਯੂਬਾ ਸਿਟੀ,ਸੈਨ ਹੋਜ਼ੇ ,ਟਰੇਸੀ ਆਦਿ ਸ਼ਹਿਰਾਂ ਵਿਖੇ ਜਾਣ ਦਾ ਪ੍ਰੋਗਰਾਮ ਹੈ। ਉਨ੍ਹਾਂ ਨੂੰ ਮਿਲਣ ਦੇ ਚਾਹਵਾਨ ਵਿਅਕਤੀ, ਉਨ੍ਹਾਂ ਨਾਲ ਉਨ੍ਹਾਂ ਦੇ ਫੋਨ ਨੰਬਰ 937-573-9812 ਤੇ ਸੰਪਰਕ ਕਰ ਸਕਦੇ ਹਨ।



## ਵਿਸ਼ੇਸ਼ ਸੂਚਨਾ

Sir Speedy Tustin
Printing and Marketing Services

ਸ. ਜਗਜੀਤ ਸਿੰਘ ਬੈਂਸ ਲਾਸ ਏਂਜਲਸ ਅਤੇ ਇਸ ਦੇ ਆਸ ਪਾਸ ਦੇ ਖੇਤਰ ਤੋਂ ਪਰਦੇਸ ਟਾਇਮਜ਼ ਦੇ ਮਾਰਕੀਟਿੰਗ ਮੈਨੇਜਰ ਨਿਯੁਕਤ ਕੀਤੇ ਗਏ ਹਨ। ਸ. ਜਗਜੀਤ ਸਿੰਘ ਪਿਛਲੇ ਕਾਫੀ ਸਮੇਂ ਤੋਂ ਪੰਜਾਬੀ ਭਾਈਚਾਰੇ ਅਤੇ ਸਥਾਨਕ ਲੋਕਾਂ ਨਾਲ ਬਹੁਤ ਨੇੜਿਉਂ ਜੁੜੇ ਹੋਏ ਹਨ। ਉਹਨਾਂ ਨੂੰ ਕਿਸੇ ਵੀ ਕਿਸਮ ਦੇ ਇਸ਼ਤਿਹਾਰ, ਖ਼ਬਰਾਂ ਜਾਂ ਹੋਰ ਜਾਣਕਾਰੀ ਦੇਣ ਜਾਂ ਲੈਣ ਲਈ 562-881-7430 ਤੇ ਸੰਪਰਕ ਕੀਤਾ ਜਾ ਸਕਦਾ ਹੈ।


AUTOBAHN Body & Paint

BEFORE AND AFTER




Specializing in Convenience & Quality

Baghel Singh Jaswal

PHONE (650) 966-1840 FAX (650) 966-1023
WWW.AUTOBAHNBODYANDPAINT.COM

778 YUBA DRIVE, MOUNTAIN VIEW, CA 94041



ਆਪਣਾ ਰਿਵਾਜ਼ ਸਟਿੱਚਿਗ ਪੁਆਇੰਟ

ਲੇਡੀਜ਼ਸੂਟ, ਬਲਾਊਜ਼, ਸਾੜੀਆਂ ਤੇ ਹੋਰ ਕਪੜੇ ਸਿਲਵਾਉਣ ਲਈ ਪੰਜਾਬੀਆਂ ਦੀ ਪਹਿਲੀ ਦੁਕਾਨ

ਸੂਟਾਂ ਨੂੰ ਸਾਇਜ਼ ਅਨੁਸਾਰ ਫਿਟ ਕਰਾਉਣ ਲਈ ਇਕ ਵਾਰ ਸੇਵਾ ਦਾ ਮੌਕਾ ਦਿਓ

Call : Soni Wed. to Sun. 1 1.00 to 8 pm

ਸਸਤੇ ਰੇਟਾਂ ਦੀ ਗਾਰੰਟੀ

Cell: 510-759-9297 Shop : 510-538-4737

APNA RAWAAZ STITCHING POINT

Blouses, Saris, Any Kind of ladies Suits& Alterations

29576 Mission Blvd. Hayward, CA 94544
Behind Kash Fabrics





TANVIR
Tour & Travels

WHERE JOURNEYS DON'T COST THE WORLD

Noth India Tour starting from only $715 pp
Rajasthan Specials starting from only $890 pp
Goa Tour package - 6 Nights/7Days $412 pp

Make early bookings and save hundreds of dollars.
Special discounts available for summer vacations.

Air Ticket is not included in these prices and all prices are subject to change anytime. Other terms and conditions also apply. Please contact us for more information and for all your queries.

✔ CHEAPEST AIRFARE AROUND THE WORLD
✔ TOURS & HOLIDAY PACKAGES
✔ PASSPORT & VISA SERVICES ALSO AVAILABLE
✔ SPECIAL DEALS ON BRITISH AIRWAYS

Call Today
(559-803-0055)
(559-905-0092)

## ਲੜਕੀ ਦੀ ਲੋੜ

ਖੂਬਸੂਰਤ, ਸ਼ਹਿਰੀ, ਜੱਟ ਸਿੱਖ, 27 ਸਾਲ, 6 ਫੁੱਟ ਕੱਦ, B.A, B, Ed, PGDCA, Doing LLB ਮੁੰਡੇ ਲਈ ਇੰਗਲੈਂਡ, ਅਮਰੀਕਾ ਜਾਂ ਕੈਨੇਡਾ ਦੀ ਪੜ੍ਹੀ-ਲਿਖੀ ਲੜਕੀ ਦੀ ਲੋੜ, ਪਿਤਾ ਵਕੀਲ, ਮਾਤਾ ਸਰਕਾਰੀ ਅਧਿਆਪਕ, ਸ਼ਹਿਰ ਅਤੇ ਪਿੰਡ ਵਿਚ ਸੰਪਤੀ, ਸੰਪਰਕ ਕਰੋ 096467-85498, 097799-62695

email; facebook jpsandhuadv@yahoo.com


# ਸਰੀ 'ਚ ਵਧਦੀ ਗੈਂਗ ਹਿੰਸਾ ਤੋਂ ਸਥਾਨਕ ਵਾਸੀ ਪ੍ਰੇਸ਼ਾਨ


ਸਰੀ-ਹਾਲੇ ਇਕ ਦਿਨ ਪਹਿਲਾਂ ਹੀ ਗੈਂਗ ਲੀਡਰ ਜੋਨਾਥਨ ਬੈਕਨ ਦੇ ਕਿਲਨੋਵਾ ਵਿਚ ਮਾਰੇ ਜਾਣ ਤੋਂ ਬਾਅਦ ਅਗਲੇ ਦਿਨ ਫਿਰ ਸਰੀ ਦੇ ਬਾਹਰਵਾਰ ਸਥਿਤ ਨਾਈਟ ਕਲੱਬ ਵਿਚ ਫਿਰ ਦੁਬਾਰਾ ਗੋਲੀਬਾਰੀ ਹੋਣ ਕਾਰਨ ਸਥਾਨਕ ਭਾਈਚਾਰੇ ਵਿਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਹਾਲਾਂਕਿ ਰਾਤ ਨੂੰ ਕਰੀਬ 11 ਵਜੇ ਹੋਈ ਇਸ ਗੋਲੀਬਾਰੀ ਵਿਚ ਕਿਸੇ ਵਿਅਕਤੀ ਦੇ ਗੋਲੀ ਲੱਗਣ ਦੀ ਕੋਈ ਸੂਚਨਾ ਨਹੀਂ ਪਰ ਇਕ ਕਾਰ ਦੇ ਡਰਾਈਵਰ 32 ਸਾਲਾ ਵਿਅਕਤੀ ਦੇ ਮਾਮੂਲੀ ਸੱਟਾਂ ਜ਼ਰੂਰ ਲੱਗੀਆਂ ਹਨ ਕਿਉਂਕਿ ਉਸ ਦੀ ਗੱਡੀ ਨੂੰ 8 ਗੋਲੀਆਂ ਲੱਗੀਆਂ। ਆਰ. ਸੀ. ਐਮ. ਪੀ. ਨੇ ਇਸ ਸ਼ਹਿਰ ਵਿਚ ਕਈ ਅਪਰਾਧਿਕ ਗੈਂਗ ਸਰਗਰਮ ਹੋਣ ਦੀ ਪੁਸ਼ਟੀ ਕੀਤੀ ਹੈ। ਪੁਲਿਸ ਦੇ ਆਉਣ ਤੱਕ ਗੋਲੀਆਂ ਚਲਾਉਣ ਵਾਲੇ ਭੱਜ ਗਏ ਸਨ ਅਤੇ ਹੁਣ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

ਸਥਾਨਕ ਪੁਲਿਸ ਮੁਤਾਬਕ ਇਸ ਸ਼ਹਿਰ ਵਿਚ ਪਹਿਲਾਂ ਵਾਂਗ ਫਿਰ ਦੁਬਾਰਾ ਅਪਰਾਧਿਕ ਗੈਂਗ ਵਧਦੇ ਜਾ ਰਹੇ ਹਨ। ਪੁਲਿਸ ਦਾ ਕਹਿਣਾ ਹੈ ਕਿ ਗੈਂਗ ਲੀਡਰ ਬੇਕਨ ਦੀ ਮੌਤ ਦੇ ਕਾਰਨ ਉਹਨਾਂ ਦੇ ਸਾਥੀਆਂ ਨੇ ਆਪਣੇ ਗੈਂਗ ਨੂੰ ਸਰਗਰਮ ਕਰ ਲਿਆ ਲੱਗਦਾ ਹੈ। ਵਰਣਨਯੋਗ ਹੈ ਕਿ ਸਰੀ ਸੰਘਣੀ ਪੰਜਾਬੀ ਆਬਾਦੀ ਵਾਲਾ ਸ਼ਹਿਰ ਹੈ ਅਤੇ ਇੱਥੇ ਕਈ ਖੇਤਰਾਂ ਵਿਚ ਪੰਜਾਬੀਆਂ ਦਾ ਬਹੁਮਤ ਹੈ, ਪਰ ਪੰਜਾਬੀ ਭਾਈਚਾਰੇ ਨੂੰ ਵੀ ਹਿੰਸਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵੈਨਕੂਵਰ ਪੁਲਿਸ ਮੁਖੀ ਕੈਸ਼ ਹੀਡ ਦਾ ਕਹਿਣਾ ਹੈ ਕਿ ਹਿੰਸਾ ਜ਼ਰੂਰ ਵਧੀ ਹੈ ਪਰ ਅਸੀਂ ਇਸ ਉਤੇ ਕਾਬੂ ਪਾਉਦ ਦੀ ਕੋਸ਼ਿਸ਼ ਕਰ ਰਹੇ ਹਾਂ। ਉਹਨਾਂ ਕਿਹਾ ਕਿ ਸਿਰਫ ਇਕ ਗੈਂਗ ਲੀਡਰ ਦੇ ਮਾਰੇ ਜਾਣ ਨਾਲ ਫਰਕ ਨਹੀਂ ਪੈਂਦਾ, ਬਲਕਿ ਇੱਥੇ ਘੁੰਮਦੇ ਸਾਰੇ ਅਪਰਾਧੀ ਤੱਤਾਂ ਨੂੰ ਕਾਬੂ ਕੀਤਾ ਜਾਵੇਗਾ।

# ਮਾਸਟਰ ਮਿੱਠੂ ਸਿੰਘ ਕਾਹਨੇਕੇ ਮਾਨਸਾ ਤੋਂ ਸ਼੍ਰੋਮਣੀ ਕਮੇਟੀ ਉਮੀਦਵਾਰ





ਮਾਨਸਾ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਮਾਨਸਾ (ਜਰਨਲ) ਹਲਕੇ ਤੋਂ ਉਮੀਦਵਾਰ ਬਣਾਕੇ ਇਲਾਕੇ ਵਿਚ ਜਿੱਥੇ ਵਿਦਿਅਕ ਵਿਕਾਸ ਦੀ ਲੋੜ ਨੂੰ ਪਛਾਣਿਆ ਹੈ, ਉੱਥੇ ਨਾਲ ਹੀ ਪੜ੍ਹੇ ਲਿਖੇ ਲੋਕਾਂ ਵਿਚ ਆਪਣੀ ਪੈਂਠ ਬਣਾਉਣੀ ਸ਼ੁਰੂ ਕਰ ਦਿੱਤੀ ਹੈ। ਸੋਲਾਂ ਸਾਲ ਦੀ ਉਮਰ ਵਿਚ ਬਰਨਾਲਾ ਕਾਲਜ ਵਿਚ ਬੀ.ਐਸ.ਸੀ ਦੀ ਪੜਾਈ ਕਰਦੇ ਸਮੇਂ ਪੰਜਾਬ ਵਿਚ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਆਉਣਾ ਸੁਭਾਵਿਕ ਹੀ ਸੀ। ਇਸ ਲਹਿਰ ਵਿਚ ਜੁੜ ਕੇ ਜਿੱਥੇ ਉਹਨਾਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਦੇ ਦੁੱਖ ਦਰਦ ਨੂੰ ਸਮਝਿਆਂ ਓਥੇ ਹੀ ਉਹਨਾਂ ਨੇ ਕਾਲਜ ਦੇ ਵਿਦਿਆਰਥੀ ਅੰਦੋਲਨ ਵਿਚ ਵੀ ਚੋਖਾ ਯੋਗਦਾਨ ਦਿੱਤਾ।

1944 ਵਿਚ ਸਰਬਣ ਸਿੰਘ ਪਰਜਾ ਮੰਡਲ ਦੇ ਸਰਗਰਮ ਆਗੂ ਰਹੇ ਹਨ, ਮਾਸਟਰ ਮਿੱਠੂ ਸਿੰਘ ਕਾਹਨੇਕੇ ਉਹਨਾਂ ਦੇ ਦੋਹਤਰੇ ਹਨ। ਸ. ਹਰਕ੍ਰਿਸ਼ਨ ਸਿੰਘ ਸੁਰਜੀਤ ਇਹਨਾਂ ਦੇ ਨਾਨਾ ਜੀ ਕੋਲ ਅਕਸਰ ਆਉਂਦੇ ਸਨ, ਉਹਨਾਂ ਦੇ ਪ੍ਰਭਾਵ ਹੇਠ ਉਹ ਰਾਜਨੀਤੀ ਵਿਚ ਆਏ। ਰੂਸ ਦੇ ਕਮਿਊਨਿਸਟਾਂ ਵਿਚ ਫੁੱਟ ਦੇ ਕਾਰਨ ਹੀ ਉਹ ਅਕਾਲੀ ਦਲ ਵਿਚ ਸ਼ਾਮਲ ਹੋਏ। ਮਾਸਟਰ ਮਿੱਠੂ ਸਿੰਘ ਦੇ ਖਿਲਾਫ ਕੌਰ ਸਿੰਘ ਖਾਰਾ ਅਤੇ ਗੁਰਸੇਵਕ ਸਿੰਘ ਦੁਆਰਕੇ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਖੜ੍ਹੇ ਹਨ।

ਅਕਾਲੀ ਦਲ ਬਾਦਲ ਦੇ ਉੱਘੇ ਨੇਤਾ ਪ੍ਰੇਮ ਸਿੰਘ ਚੰਦੂਮਾਜਰਾ ਨਾਲ ਉਹਨਾਂ ਦੇ ਨੇੜਤਾ ਕਾਲਜ ਸਮੇਂ ਤੋਂ ਲੈ ਕੇ ਹਾਲੇ ਤੱਕ ਵੀ ਬਣੀ ਹੋਈ ਹੈ। ਨਕਸਲਬਾੜੀ ਲਹਿਰ ਦੇ ਚਲਦਿਆਂ ਉਹਨਾਂ ਨੂੰ ਵੀ ਸਰਕਾਰੀ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਅਤੇ ਓਹਨਾਂ ਨੇ 4 ਮਹੀਨੇ ਜੇਲ੍ਹ ਵਿਚ ਗੁਜਾਰੇ। ਜੇਲ੍ਹ ਵਿਚੋਂ ਰਿਹਾ ਹੋ ਕੇ ਓਹਨਾਂ ਨੇ ਸਾਥੀ ਵਿਦਿਆਰਥੀ ਨਾਲ ਰਲ ਕੇ ਪੰਜਾਬ ਸਟੂਡੈਂਟ ਯੂਨੀਅਨ ਦੀ ਬਰਨਾਲਾ ਇਕਾਈ ਬਣਾਈ ਅਤੇ ਵਿਦਿਆਰਥੀ ਘੋਲ ਦੇ ਕਈ ਸੰਘਰਸ਼ ਲੜੇ। 1975 ਵਿਚ ਲੱਗੀ ਐਮਰਜੈਂਸੀ ਦੌਰਾਨ ਵੀ ਮਿੱਠੂ ਸਿੰਘ ਨੇ ਜੁਲਮ ਦੇ ਖਿਲਾਫ ਆਪਣੀ ਆਵਾਜ਼ ਬੁਲਮਦ ਰੱਖੀ ਅਤੇ ਰੂਪੋਸ਼ ਰੂਪ ਵਿਚ ਕੰਮ ਕਰਦੇ ਰਹੇ। ਆਪਣੇ ਜੇਲ੍ਹ ਦੇ ਸਮੇਂ ਦੌਰਾਨ ਹੀ ਮਾਸਟਰ ਜੀ ਨੇ ਬੀ.ਐਸ.ਸੀ ਡਿਗਰੀ ਪੂਰੀ ਕੀਤੀ। ਐਮਰਜੈਂਸੀ ਦੇ ਖਤਮ ਹੁੰਦਿਆਂ ਹੀ ਆਪ ਬੇਰੁਜ਼ਗਾਰ ਅਧਿਆਪਕਾਂ ਦੇ ਸੰਘਰਸ਼ ਵਿਚ ਸ਼ਾਮਿਲ ਹੋਏ ਅਤੇ ਮੰਗਾਂ ਮਨਵਾਉਣ ਦੇ ਲਈ ਆਪ ਨੇ 2 ਮਹੀਨਿਆਂ ਦੀ ਕੈਦ ਕੱਟੀ। ਇਸ ਸੰਘਰਸ਼ ਵਿਚ ਵੀ ਆਪ ਆਪਣੇ ਸਾਥੀਆਂ ਸਮੇਤ ਜੇਤੂ ਰਹੇ। ਇਸ ਤੋਂ ਬਾਅਦ ਆਪ ਸਮਾਜਿਕ ਕੁਰੀਤੀਆਂ ਅਤੇ ਦਹੇਜ ਪ੍ਰਥਾ ਦੇ ਖਿਲਾਫ ਲੜਾਈ ਲੜਦੇ ਰਹੇ। ਇਸੇ ਸਮੇਂ ਦੌਰਾਨ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਕਤਲ ਨੇ ਪੰਜਾਬ ਵਿਚ ਦੁਬਾਰਾ ਵਿਦਿਆਰਥੀ ਸੰਘਰਸ਼ ਭਖਾ ਦਿੱਤਾ ਸੀ ਜਿਸ ਵਿਚ ਸ਼ਾਮਿਲ ਹੋਣ ਕਰਕੇ ਆਪ ਨੂੰ ਇਕ ਵਾਰ ਫਿਰ 2 ਮਹੀਨੇ ਜੇਲ੍ਹ ਦੀ ਸਲਾਖਾਂ ਪਿੱਛੇ ਕੱਟਣੇ ਪਏ। ਇਹਨਾਂ 12 ਸਾਲਾਂ ਵਿਚ ਆਪ ਉੱਪਰ ਬਹੁਤ ਸਾਰੇ ਝੂਠੇ ਮੁਕੱਦਮੇ ਪੁਲਿਸ ਵਲੋਂ ਦਰਜ ਕੀਤੇ ਗਏ ਅਤੇ ਵਰਿਆਂ ਬੱਧੀ ਆਪ ਨੂੰ ਖੁਫੀਆ ਵਿਭਾਗ ਦੀ ਨਿਗਰਾਨੀ ਝੱਲਣੀ ਪਈ। ਸਾਰੇ ਵਿਦਿਆਰਥੀ ਜੀਵਨ ਦੌਰਾਨ ਆਪ ਕਬੱਡੀ ਦੇ ਖਿਡਾਰੀ ਦੇ ਤੌਰ ਤੇ ਵੀ ਜਾਣੇ ਜਾਂਦੇ ਰਹੇ।

1982 ਦੇ ਅਕਾਲੀ ਦਲ ਵਲੋਂ ਆਰੰਭੇ ਧਾਰਮਿਕ ਮੋਰਚੇ ਦੌਰਾਨ ਸੰਤ ਹਰਚੰਦ ਸਿੰਘ ਲੋਗੋਂਵਾਲ ਦਾ ਪ੍ਰਭਾਵ ਮੰਨਦੇ ਹੋਏ ਆਪ ਵੀ ਅਕਾਲੀ ਦਲ ਵਿਚ ਸ਼ਾਮਿਲ ਹੋ ਗਏ।ਇਸ ਸਮੇਂ ਦੌਰਾਨ ਆਪ ਨੇ ਪਾਰਟੀ ਵਲੋਂ ਲਗਾਈ ਹਰੇਕ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਇਆਂ ਅਤੇ ਆਪਣੇ ਪੇਸ਼ੇ ਨਾਲ ਵੀ ਪੂਰਾ ਨਿਆਂ ਕਰਦੇ ਹੋਏ ਵਿਦਿਆਰਥੀਆਂ ਦੀ ਭਲਾਈ ਲਈ ਕੰਮ ਕਰਦੇ ਰਹੇ।ਪ੍ਰੇਮ ਸਿੰਘ ਚੰਦੂਮਾਜਰਾ ਨਾਲ ਉਹਨਾਂ ਦੇ ਨੇੜਤਾ ਦੇ ਚਲਦਿਆਂ ਹੀ ਆਪ ਕੁੱਝ ਹੀ ਸਮੇਂ ਵਿਚ ਪੰਥ ਰਤਨ ਸ੍ਵਰਗੀ ਗੁਰਬਚਨ ਸਿੰਘ ਟੌਹੜਾ ਦੇ ਨਜਦੀਕੀ ਸਾਥੀਆਂ ਵਿਚੋਂ ਜਾਣੇ ਜਾਣ ਲੱਗੇ। 1999 ਵਿਚ ਟੌਹੜਾ ਦੇ ਅਕਾਲੀ ਦਲ ਵਿਚੋਂ ਤੋੜ ਵਿਛੋੜੇ ਦਾ ਅਸਰ ਆਪ ਨੂੰ ਵੀ ਭੁਗਤਣਾ ਪਿਆ ਜਦ ਆਪ ਦੀ ਬਦਲੀ 400 ਕਿਲੋਮੀਟਰ ਦੂਰ ਕਰ ਦਿੱਤੀ ਗਈ ਜਿਸ ਨੂੰ ਪੰਜਾਬ ਹਰਿਆਣਾ ਉੱਚ ਅਦਾਲਤ ਨੇ ਖਾਰਜ ਕਰਕੇ ਆਪ ਨੂੰ ਆਪਣੇ ਹਲਕੇ ਵਿਚ ਹੀ ਮੁੜ ਤੈਨਾਤ ਕਰ ਦਿੱਤਾ। ਮਾਸਟਰ ਜੀ ਨੇ 30 ਸਾਲ ਬਤੌਰ ਸਾਇੰਸ ਮਾਸਟਰ ਆਪਣੀ ਨੌਕਰੀ ਪੂਰੀ ਕੀਤੀ ਅਤੇ ਵਿਦਿਆਰਥੀਆਂ ਨੂੰ ਚੰਗੇ ਅਹੁਦਿਆਂ ਤੇ ਤੈਨਾਤ ਕਰਵਾਇਆਂ। ਇਸੇ ਦੌਰਾਨ ਉਹਨਾਂ ਦੇ ਪੁੱਤਰ ਅਮਨ ਧਾਲੀਵਾਲ ਨੇ ਅਦਾਕਾਰੀ ਦੇ ਖੇਤਰ ਵਿਚ ਨਾ ਸਿਰਫ ਆਪਣਾ ਸਗੋਂ ਇਲਾਕੇ ਦਾ ਨਾਮ ਵੀ ਰੌਸ਼ਨ ਕੀਤਾ। ਆਪ ਨੇ ਮਾਨਸਾ ਵਿਚਲੇ ਆਪਣੇ ਸਾਥੀਆਂ ਨਾਲ ਰਲਕੇ ਧਾਰਮਿਕ ਦਿਵਾਨਾਂ ਰਾਹੀ ਧਰਮ ਪ੍ਰਚਾਰ ਜਾਰੀ ਰੱਖਿਆ ਅਤੇ ਬਹੁਤ ਵਾਰ ਸਮਾਜਿਕ ਕੁਰੀਤੀਆਂ ਦੇ ਖਿਲਾਫ ਸ਼ਹਿਰੀਆਂ ਨੂੰ ਲਾਮਬੰਦ ਕਰਨ ਲਈ ਹਮੇਸ਼ਾਂ ਤਤਪਰ ਰਹੇ। ਆਪਣੇ ਪੁੱਤਰ ਵਲੋਂ ਚਲਾਏ ਜਾਂਦੇ ਟਰੱਸਟ ਏ ਮੈਨ ਦਿ ਹੈਲਪਿੰਗ ਹੈਡ ਤਹਿਤ ਵੀ ਆਪ ਨੇ ਮਾਨਸਾ ਵਿਚ ਗਰੀਬਾਂ ਲਈ ਕੈਂਸਰ ਹਸਪਤਾਲ ਦਾ ਬੀੜਾ ਚੁਕਿਆ ਹੋਇਆ ਹੈ।

## ਪ੍ਰਵਾਸੀ ਸਿੱਖਾਂ ਦੀ ਪੰਥਕ ਮੋਰਚੇ ਨੂੰ ਅਪੀਲ

# ਜਥੇਦਾਰ ਹਰਬੰਸ ਸਿੰਘ ਮੰਝਪੁਰ ਨੂੰ ਹਮਾਇਤ ਦੀ ਮੰਗ

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)- ਦਸੂਹਾ-ਮੁਕੇਰੀਆਂ ਇਲਾਕੇ ਦੇ ਕੈਲੇਫੋਰਨੀਆ 'ਚ ਵੱਸਦੇ ਪ੍ਰਵਾਸੀ ਸਿੱਖ ਉਦੋਂ ਹੱਕੇ-ਬੱਕੇ ਰਹਿ ਗਏ ਜਦੋਂ ਉਹਨਾਂ ਦੇਖਿਆ ਕਿ ਸ਼੍ਰੋਮਣੀ ਕਮੇਟੀ ਦੇ ਮੁਕੇਰੀਆਂ ਹਲਕੇ ਤੋਂ ਜਥੇਦਾਰ ਹਰਬੰਸ ਸਿੰਘ ਮੰਝਪੁਰ ਨੂੰ ਅਣਡਿੱਠ ਕਰਕੇ ਟਿਕਟ ਕਿਸੇ ਹੋਰ ਨੂੰ ਹੀ ਦੇ ਦਿੱਤੀ ਗਈ ਹੈ। ਇਲਾਕੇ ਦੇ ਸਮੂਹ ਪ੍ਰਵਾਸੀ ਸਿੱਖਾਂ ਨੇ ਸੈਨਹੋਜ਼ੇ ਸ਼ਹਿਰ ਵਿਚ ਹੰਗਾਮੀ ਮੀਟਿੰਗ ਕਰਕੇ ਜਥੇਦਾਰ ਮੰਝਪੁਰ ਵੱਲੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦੇ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ। ਸਿੱਖ ਆਗੂਆਂ ਦਾ ਵਿਚਾਰ ਸੀ ਕਿ ਜਥੇਦਾਰ ਮੰਝਪੁਰ ਨੂੰ ਇਸੇ 'ਗੁਨਾਹ' ਦੀ ਸਜ਼ਾ ਦਿੱਤੀ ਗਈ ਹੈ ਕਿਉਂਕਿ ਉਹਨਾਂ ਨੇ ਹਮੇਸ਼ਾ ਕੁਨਬਾਪ੍ਰਸਤੀ ਦੀ ਜੈ ਜੈਕਾਰ ਕਰਨ ਦੀ ਥਾਂ ਪੰਥ-ਪ੍ਰਸਤੀ 'ਤੇ ਡਟ ਕੇ ਪਹਿਰਾ ਦਿੱਤਾ।

ਬੁਲਾਰਿਆਂ ਨੇ ਯੱਕ-ਜ਼ੁਬਾਨ ਵਿਚ ਜਥੇਦਾਰ ਮੰਝਪੁਰ ਦੇ ਖੁੱਲ੍ਹੀ ਕਿਤਾਬ ਵਰਗੇ ਜੀਵਨ ਦੀ ਭਰਪੂਰ ਤਾਰੀਫ਼ ਕਰਦਿਆਂ ਅਕਾਲੀ ਦਲ ਬਾਦਲ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ। ਉਹਨਾਂ ਆਖਿਆ ਕਿ ਆਮ ਵਰਕਰ ਤੋਂ ਜੀਵਨ ਸ਼ੁਰੂ ਕਰਕੇ ਵੱਖ ਵੱਖ ਅਹੁਦਿਆਂ 'ਤੇ ਸੇਵਾ ਨਿਭਾਉਂਦਿਆਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਧੜੱਲੇਦਾਰ ਮੈਂਬਰ ਬਣਨ ਵਾਲੇ ਜਥੇਦਾਰ ਹਰਬੰਸ ਸਿੰਘ ਨੂੰ ਇੰਝ ਅੱਖੋਂ-ਪਰੋਖੇ ਕਰਨਾ ਘੋਰ ਬੇਇਨਸਾਫੀ ਹੈ, ਜਿਸ ਨੂੰ ਕਿਸੇ ਹਾਲਤ ਵਿਚ ਵੀ ਬਰਦਾਸਤ ਨਹੀਂ ਕੀਤਾ ਜਾਵੇਗਾ।

ਸਮੂੰਹ ਇਲਾਕਾ ਨਿਵਾਸੀ ਪ੍ਰਵਾਸੀ ਸਿੱਖਾਂ ਨੇ ਪੰਥਕ ਮੋਰਚੇ ਦੇ ਆਗੂ ਸਾਹਿਬਾਨ ਨੂੰ ਸਨਿਮਰ ਅਪੀਲ ਕੀਤੀ ਹੈ ਕਿ ਜਿਹਨਾਂ ਪੰਥਕ ਰਵਾਇਤਾਂ ਜਾਂ ਕੌਮੀ ਵਿਰਾਸਤ ਦੀ ਰਖਵਾਲੀ ਨੂੰ ਲੈ ਕੇ ਆਪ ਜੀ ਬਾਦਲ ਦਲ ਨੂੰ ਵੰਗਾਰਦੇ ਆ ਰਹੇ ਹੋ, ਇਨ੍ਹਾਂ ਹੀ ਸਿਧਾਂਤਾਂ ਤੇ ਅਸੂਲਾਂ ਦੀ ਖਾਤਰ ਜਥੇਦਾਰ ਮੰਝਪੁਰ ਹੁਣ ਤੱਕ ਲੜਦੇ ਅਤੇ ਅੜਦੇ ਆਏ ਹਨ। ਇਸ ਲਈ ਹੁਣ ਉਹਨ ਨੂੰ 'ਬਾਦਲ ਦਲ ਮੁਕਾਬਲੇ ਇਕ ਉਮੀਦਵਾਰ' ਵਾਲੀ ਰਣਨੀਤੀ ਤਹਿਤ ਮੁਕੇਰੀਆਂ ਹਲਕੇ ਤੋਂ, ਐਲਾਨੇ ਹੋਏ ਆਪਣੇ ਉਮੀਦਵਾਰ ਨੂੰ ਬਿਠਾ ਲੈਣਾ ਚਾਹੀਦਾ ਹੈ ਅਤੇ ਜਥੇਦਾਰ ਮੰਝਪੁਰ ਦੀ ਪੂਰਨ ਹਮਾਇਤ ਕਰਨੀ ਚਾਹੀਦੀ ਹੈ। ਸਾਰਿਆਂ ਬੁਲਾਰਿਆਂ ਨੇ ਜਥੇਦਾਰ ਹਰਬੰਸ ਸਿੰਘ ਦੀ ਤਨ ਮਨ ਧਨ ਨਾਲ ਸਹਾਇਤਾ ਕਰਨ ਦਾ ਤਹੱਈਆ ਕੀਤਾ।

ਮੀਟਿੰਗ ਵਿਚ ਸ਼ਾਮਲ ਸ. ਇਕਬਾਲ ਸਿੰਘ ਮੰਝਪੁਰ, ਸ. ਹਰਜਿੰਦਰ ਸਿੰਘ, ਰੇਸ਼ਮ ਸਿੰਘ ਪੰਮਾ, ਭਾਈ ਗੁਰਜੀਤ ਸਿੰਘ ਜੈਕਾਰਾ ਮੂਵਮੈਂਟ ਵਾਲੇ, ਇੰਜੀਨੀਅਰ ਮਨਪ੍ਰੀਤ ਸਿੰਘ, ਬੀਬੀ ਮਹਿੰਦਰ ਕੌਰ, ਬੀਬੀ ਪ੍ਰਕਾਸ਼ ਕੌਰ 'ਹੀਰਾ', ਲਵਲੀ ਕੌਰ, ਉਘੇ ਪ੍ਰਵਾਸੀ ਲਿਖਾਰੀ ਸ. ਜਸਵੰਤ ਸਿੰਘ 'ਸ਼ਾਦ', ਭਾਈ ਸਰਬਜੋਤ ਸਿੰਘ ਸਵੱਦੀ ਮੈਂਬਰ ਐਗਜ਼ੈਕਟਿਵ ਕਮੇਟੀ ਗੁਰਦੁਆਰਾ ਸੈਨਹੋਜ਼ੇ, ਭਾਈ ਸ਼ੇਰ ਸਿੰਘ, ਡਾ. ਬੋਧ ਰਾਜ ਸੈਣੀ, ਬੀਬੀ ਸਰਵਜੀਤ ਕੌਰ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਹੋਰ ਕਈ ਸਥਾਨਕ ਪ੍ਰਵਾਸੀ ਸਿੱਖਾਂ ਨੇ ਜਥੇਦਾਰ ਮੰਝਪੁਰ ਦੀ ਡਟਵੀਂ ਹਮਾਇਤ ਕਰਨ ਦਾ ਭਰੋਸਾ ਪ੍ਰਗਟਾਇਆ।




Former Samorga Bob's Buffet Bldg.

India Garden®

RESTAURANT & BANQUET

910 Lincoln Rd. East, Vallejo, CA 94591

For more Info Call: Pradeep @ 510.325.8433

www.indiachaatandsweets.com

For Indoor & Outdoor Weddings and Family occasions.

Banquet Gathering upto 500 Guests

- RECEPTION, WEDDINGS, BIRTHDAYS, BABY SHOWERS
- CORPORATE MEETINGS
- QUINCEANERA OR SWEET 16 PARTIES
- PERSONALIZE & DECORATE TO YOUR OWN TASTE
- GUARANTEED BEST PRICE & SERVICE IN TOWN



Ph: 707.645.1700



India Chaat & Sweets® Fine Indian Cuisine

824 University Ave. Berkeley CA 94710

www.indiachaatandsweets.com

Wed-Mon ~ 11:30-9:30 • Fri-Sat ~ 11:30-10:00

Ph: 510.704.1200

Oakland Location

India Sweets & Catering®

Ph: 510.444.7252

Catering for all occasions upto 10,000 guests



ਗਾਇਕ ਕੁਮਾਰ ਖਟਕੜ



ਕੈਲੀਫੋਰਨੀਆ ਦਾ ਪੰਜਾਬੀ, ਹਿੰਦੀ ਗਾਇਕ

ਵਿਆਹ ਸ਼ਾਦੀ, ਜਨਮ ਦਿਨ, ਗਰੈਜੂਏਸ਼ਨ,

ਕਿਸੇ ਵੀ ਖੁਸ਼ੀ ਦੇ ਮੌਕੇ ਲਈ ਸੰਪਰਕ ਕਰੋ:

925-470-5282

## ਸੁਰ-ਸੰਗੀਤ ਸੰਸਾਰ

# ਬੜੀਆਂ ਲੰਮੀਆਂ ਰਾਹਵਾਂ ਨੇ ਸਤਿੰਦਰ ਤੋਂ ਸਰਤਾਜ ਦੀਆਂ



ਜਗਤਾਰ ਗਿੱਲ ਫਰੀਮਾਂਟ
(ਪੁਰਾਣੇ ਵਾਲਾ-ਮੋਗਾ) 408-857-4455

ਪੰਜਾਬੀ ਗਾਇਕੀ ਦੇ ਖੇਤਰ ਵਿਚ ਸਮੇਂ ਸਮੇਂ ਸਿਰ ਇਹੋ ਜਿਹੇ ਫਨਕਾਰ ਪੈਦਾ ਹੋਏ, ਜਿਹਨਾਂ ਨੂੰ ਪੜ੍ਹ ਸੁਣ ਕੇ ਇਹ ਲੱਗਣ ਲੱਗ ਜਾਂਦਾ ਸੀ ਕਿ ਇੱਥੇ ਹੱਦ ਹੋ ਗਈ ਹੈ। ਇਸ ਤੋਂ ਵਧੀਆ ਨਹੀਂ ਹੋ ਸਕਦਾ। ਪਰ ਕੁਦਰਤ ਕ੍ਰਿਸ਼ਮੇ ਕਰਦੀ ਰਹਿੰਦੀ ਹੈ। ਯਮਲੇ ਜੱਟ ਵਰਗੇ ਗੀਤ ਹਰੇਕ ਨੇ ਨਹੀਂ ਗਾ ਜਾਣੇ। ਸਦੀਕ ਤੇ ਰਣਜੀਤ ਕੌਰ ਵਰਗੀ ਜੋੜੀ ਹੋਰ ਨਹੀਂ ਹੋ ਸਕਦੀ। ਮਾਣਕ ਵਰਗਾ ਲੋਕ ਗਾਥਾਵਾਂ ਦਾ ਗਾਇਕ ਹੋਰ ਨਹੀਂ ਹੋ ਸਕਦਾ। ਦੀਦਾਰ ਸੰਧੂ ਵਰਗਾ ਦੋਗਾਣਿਆਂ ਦਾ ਡੂੰਘਾ ਲੇਖਕ ਕੋਈ ਹੋਰ ਨਹੀਂ ਹੋ ਸਕਦਾ। ਚਮਕੀਲੇ ਵਰਗੀ ਚੜ੍ਹਾਈ ਕਿਸੇ ਹੋਰ ਦੀ ਨਹੀਂ ਹੋ ਸਕਦੀ। ਬਿੰਦਰਖੀਏ ਵਰਗੀ 'ਜੁਗਨੀ' ਹਰੇਕ ਨਹੀਂ ਗਾ ਸਕਦਾ। ਗੁਰਦਾਸ ਮਾਨ ਵਰਗਾ ਹਰਮਨ ਪਿਆਰਾ ਗਾਇਕ ਕੋਈ ਹੋਰ ਨਹੀਂ ਹੈ ਤੇ ਨਾ ਹੀ ਇੰਨਾ ਲੰਮਾ ਸਮਾਂ ਕੋਈ ਟਿਕ ਸਕਦਾ ਹੈ। ਕੀ ਇਹਨਾਂ ਦੇ ਹੁੰਦੇ ਹੋਏ ਹੋਰ ਕੋਈ ਇਸ ਖੇਤਰ ਵਿਚ ਨਾਂ ਖੱਟੇਗਾ, ਇਹ ਸਵਾਲ ਦਾ ਜਵਾਬ ਕੁਦਰਤ ਨਵੇਂ ਅੰਦਾਜ਼ ਵਿਚ ਕਿਸੇ ਹੋਰ ਨੂੰ ਕੁਝ ਵੱਖਰਾ ਕਰਨ ਦਾ ਆਸ਼ੀਰਵਾਦ ਦੇ ਕੇ ਥਾਪੜਾ ਦੇ ਦਿੰਦੀ ਹੈ। ਜਦ ਉਹ ਪਰਵਰਦਗਾਰ ਦੀ ਨਿਗ੍ਹਾ ਸਿੱਧੀ ਹੋ ਜਾਂਦੀ ਹੈ ਤਾਂ ਗੂੰਗੇ ਵੀ ਕਥਾ ਕਰਨ ਲੱਗ ਜਾਂਦੇ ਹਨ ਤੇ ਉਹ ਮੁਨਾਖਿਆਂ ਤੋਂ ਵੀ ਕੀਰਤਨ ਕਰਵਾ ਦਿੰਦਾ ਹੈ।

ਬੜੇ ਲੰਮੇ ਸਮੇਂ ਬਾਅਦ ਇਹ ਨਜ਼ਰ ਸਰਤਾਜ 'ਤੇ ਸਵੱਲੀ ਹੋਈ ਹੈ। ਗਾਇਕੀ ਵਿਚ ਆਏ ਲੰਬੇ ਨਿਘਾਰ ਤੋਂ ਬਾਅਦ ਕੁਝ ਚੰਗਾ ਸੁਣਨ ਨੂੰ ਮਿਲਿਆ ਹੈ। ਮਾੜਾ ਸੁਣ ਸੁਣ ਕੇ ਮੰਦਾ ਦੇਖ ਦੇਖ ਕੇ ਲੋਕੀ ਅੱਕੇ ਪਏ ਸਨ। ਸਰਤਾਜ ਨਵੀਂ ਕਿਰਨ ਬਣ ਕੇ ਆਇਆ ਹੈ। ਪਿਛਲੇ ਸਾਲ ਜਦੋਂ ਸਰਤਾਜ ਇੱਥੇ ਸ਼ੋਅ ਕਰਨ ਆਇਆ ਸੀ ਤਾਂ ਉਸਦੀ ਵਡਿਆਈ ਨਾਲੋਂ ਮੁਖਾਲਫਤ ਬਹੁਤੀ ਹੋਈ ਸੀ। ਨਵੇਂ ਬਣੇ ਲੇਖਕਾਂ ਨੇ ਬਹੁਤ ਕੁਝ ਲਿਖਿਆ, ਪਰ ਜਿੰਨੀ ਉਸਦੀ ਭੰਡੀ ਕਰਨ ਦੀ ਕੋਸ਼ਿਸ਼ ਹੋਈ, ਉਹ ਉਨਾ ਹੀ ਦੂਣ ਸਵਾਇਆ ਹੋਇਆ। ਜਿੰਨੀ ਕਿਸੇ ਦੀ ਮੈਲ ਧੋਤੀ ਜਾਂਦੀ ਹੈ, ਉਨਾ ਹੀ ਉਹ ਨਿੱਖਰਦਾ ਹੈ। ਖੈਰ ਖਿਆਲ ਆਪੋ ਆਪਣੇ ਹੁੰਦੇ ਹਨ। ਉਸਨੂੰ ਪਿਆਰ ਅਤੇ ਤਰਕ ਨਾਲ ਬਹੁਤ ਕੁਝ ਸਮਝਾਇਆ ਜਾ ਸਕਦਾ ਹੈ। ਮੇਰੀ ਕਲਮ ਕਿਸੇ ਦੀ ਵੀ ਬੁਰਾਈ ਨਹੀਂ ਲਿਖੇਗੀ। ਕੁਝ ਚੰਗਾ ਲੱਗਿਆ ਤਾਂ ਉਹ ਹਾਸਲ ਕਰਨ ਦੀ ਕੋਸ਼ਿਸ਼ ਕਰਾਂਗਾ ਅਤੇ ਆਪਣੇ ਪਾਠਕਾਂ ਨਾਲ ਸਾਂਝਾ ਕਰਾਂਗਾ।

ਗੁਰਦਾਸ ਮਾਨ ਤੋਂ ਬਾਅਦ ਸਰਤਾਜ ਪੰਜਾਬੀ ਗਾਇਕੀ ਦਾ ਧੰਨ ਭਾਗ ਹੈ। ਆਪਣਾ ਵੱਖਰਾ ਅੰਦਾਜ਼ ਤੇ ਨਿਵੇਕਲੀ ਸ਼ਾਇਰੀ ਨਾਲ ਇਸਦੀ ਸ਼ੁਰੂਆਤ ਕਮਾਲ ਦੀ ਹੈ। ਉਸਦਾ ਲਿਬਾਸ ਵੱਖਰਾ ਹੈ। ਪੱਗ ਬੰਨ੍ਹ ਕੇ ਵਾਲ ਬਾਹਰ ਰੱਖਣੇ ਉਸਦਾ ਆਪਣਾ ਸਟਾਈਲ ਹੈ ਪਰ ਉਹ ਵਾਲਾਂ ਦੀ ਬੇਅਦਬੀ ਨਹੀਂ ਕਰ ਰਿਹਾ। ਵੱਖਰਾ ਲੱਗਣ ਲਈ ਕੁਝ ਵੱਖਰਾ ਬਣਨਾ ਪੈਂਦਾ ਹੈ। ਜ਼ੈਜ਼ੀ ਬੈਂਸ ਮਾਣਕ ਵਾਂਗ ਪੱਗ ਬੰਨ੍ਹਕੇ ਗਾਉਂਦਾ ਤਾਂ ਕਿਸੇ ਨੇ ਪੁੱਛਣਾ ਹੀ ਨਹੀਂ ਸੀ। ਕੁੱਕੜ ਸਟਾਈਲ ਨਾਲ ਨਵੀਂ ਪੀੜ੍ਹੀ ਦਾ ਹੀਰੋ ਬਣਿਆ ਫਿਰਦਾ ਹੈ। ਨਾ ਚਾਹੁੰਦੇ ਹੋਏ ਵੀ ਇਹਨਾਂ ਨੂੰ ਇਹ ਕਰਨਾ ਪੈਂਦਾ ਹੈ।

ਸਰਤਾਜ ਦੀ ਪਹਿਲੀ ਰਚਨਾ 'ਸਾਈਂ' ਬੜੀ ਹੀ ਮਕਬੂਲ ਹੋਈ ਹੈ। ਕਈ ਵਾਰੀ ਇਨਸਾਨ ਦੀ ਪਹਿਲੀ ਕਿਰਤ ਹੀ ਇੰਨੀ ਹਰਮਨ ਪਿਆਰੀ ਹੋ ਜਾਂਦੀ ਹੈ ਕਿ ਉਸਨੂੰ ਆਪਣਾ ਹੀ ਕੀਰਤੀਮਾਨ ਤੋੜਨਾ ਅਸੰਭਵ ਹੋ ਜਾਂਦਾ ਹੈ। ਪਰਮਾਤਮਾ ਦੇ ਦਰ ਤੇ ਬੇਨਤੀਆਂ ਦੀ ਝੜੀ ਲਾਈ ਹੋਈ ਹੈ। ਲੱਗਦਾ ਹੈ ਪਰਮਾਤਮਾ ਨੇ ਸਾਰੀਆਂ ਬੇਨਤੀਆਂ ਮੰਨ ਲਈਆਂ ਹਨ ਤੇ ਸਤਿੰਦਰ ਦੀ ਲਾਜ ਰੱਖ ਲਈ ਹੈ। ਸ਼ੁਰੂ ਦੇ ਸ਼ੇਅਰ ਦੀ ਇਕ ਵੰਨਗੀ ਪੇਸ਼ ਹੈ:

ਕੋਈ ਸੌਣ ਵੇਲੇ, ਕੋਈ ਨਹਾਉਣ ਵੇਲੇ
ਕੋਈ ਗੌਣ ਵੇਲੇ, ਤੈਨੂੰ ਯਾਦ ਕਰਦਾ
ਇਕ ਨਜ਼ਰ ਤੂੰ ਮੇਹਰ ਦੀ ਮਾਰ ਸਾਈਂ
ਸਰਤਾਜ ਵੀ ਖੜ੍ਹਾ ਫਰਿਆਦ ਕਰਦਾ।

ਅਗਲਾ ਗੀਤ ਹੈ 'ਪਾਣੀ ਪੰਜਾਂ ਦਰਿਆਵਾਂ ਵਾਲਾ ਨਹਿਰੀ ਹੋ ਗਿਆ। ਮੁੰਡਾ ਪਿੰਡ ਦਾ ਸੀ ਸ਼ਹਿਰ ਆ ਕੇ ਸ਼ਹਿਰੀ ਹੋ ਗਿਆ।' ਇਸ ਗੀਤ ਵਿਚ ਨਵੀਂ ਪੀੜ੍ਹੀ ਨੂੰ ਗੁਰੂ ਦੇ ਲੜ ਲੱਗਣ ਲਈ ਨਿਹੋਰਾ ਰੂਪ ਵਿਚ ਲਿਖਿਆ ਹੈ–

ਦੇਖੋ ਕਿਹੋ ਜਿਹੇ ਰੰਗ ਚੜ੍ਹੇ ਨੌਜਵਾਨਾਂ ਉਤੇ
ਤੁਸੀਂ ਬੈਠ ਕੇ ਵਿਚਾਰੋ, ਸਰਤਾਜ ਪਤਾ ਕਰੋ
ਕਾਹਤੋਂ ਪੱਤਾ ਪੱਤਾ ਟਾਹਣੀਆਂ ਦਾ ਵੈਰੀ ਹੋ ਗਿਆ
ਪਾਣੀ ਪੰਜਾਂ ਦਰਿਆਵਾਂ ਵਾਲਾ ਨਹਿਰੀ ਹੋ ਗਿਆ।



ਅਗਲੇ ਗੀਤ 'ਫਿਲਹਾਲ' ਵਿਚ ਉਸਨੇ ਆਪਣੇ ਆਪ ਨੂੰ ਬਹੁਤ ਨੀਵਾਂ ਤੇ ਊਣਾ ਦੱਸਿਆ ਹੈ। ਦੋ ਦੇਸ਼ਾਂ ਦੀਆਂ ਸਰਹੱਦਾਂ ਖੁੱਲ੍ਹਣ ਦੀ ਤਮੰਨਾ ਜ਼ਾਹਿਰ ਕੀਤੀ ਹੈ:

ਇਕ ਦਿਲੀ ਤਮੰਨਾ ਸ਼ਾਇਰ ਦੀ,
ਸਰਹੱਦ ਤੋਂ ਪਾਰ ਵੀ ਜਾ ਆਈਏ
ਜੋ ਧਰਤੀ ਏ ਫਨਕਾਰਾਂ ਦੀ
ਸਰਤਾਜ ਵੇ ਸੀਸ ਝੁਕਾ ਆਈਏ
ਹਾਲੇ ਤਾਂ ਬੜੀਆਂ ਬੰਦਸ਼ਾਂ ਨੇ
ਜਦ ਰਸਤਾ ਖੁੱਲ੍ਹ ਦੇਖਾਂਗੇ
ਅਜੇ ਘੜਾ ਅਕਲ ਦਾ ਊਣਾ ਏ
ਜਦ ਭਰ ਕੇ ਡੁੱਲ੍ਹ ਦੇਖਾਂਗੇ।

ਉਸ ਤੋਂ ਅਗਲਾ ਗੀਤ ਜਿੱਤ ਦੇ ਨਿਸ਼ਾਨ ਹੈ–

ਜਿੱਤ ਦੇ ਨਿਸ਼ਾਨ ਸਦਾ,
ਲਾਏ ਜਾਂਦੇ ਝੰਡੇ ਨਾਲ
ਪਹਿਲਾਂ ਵਾਰ ਕਲਮਾਂ ਦਾ
ਪਿੱਛੋਂ ਵਾਰ ਖੰਡੇ ਨਾਲ
ਚਾਰ ਹੀ ਤਰੀਕਿਆਂ ਨਾਂ
ਬੰਦਾ ਕਰੇ ਕੰਮ ਸਦਾ
ਸ਼ੌਂਕ ਨਾਲ ਪਿਆਰ ਨਾਲ
ਲਾਲਚ ਜਾਂ ਡੰਡੇ ਨਾਲ।

ਅੰਮੀ ਦੇ ਨਾਂ ਗੀਤ ਲਿਖ ਕੇ ਉਸਨੇ ਮਾਂ ਦੇ ਕਰਜ਼ੇ ਨੂੰ ਚੁਕਾਉਣ ਦੀ ਗੱਲ ਕੀਤੀ ਹੈ। ਮਾਂ ਦੇ ਰਿਸ਼ਤੇ ਨੂੰ ਬਹੁਤ ਹੀ ਪਵਿੱਤਰ ਤੇ ਕੁਰਬਾਨੀ ਭਰਿਆ ਕਿਹਾ ਹੈ। ਮਾਂ ਦੀਆਂ ਅਰਦਾਸਾਂ ਹਮੇਸ਼ਾ ਦੁਆ ਬਣਦੀਆਂ ਹਨ–

ਉਂਝ ਦੁਨੀਆਂ ਤੇ ਪਰਬਤ ਲੱਖਾਂ
ਕੁਝ ਉਸ ਤੋਂ ਵੀ ਉਚੀਆਂ ਥਾਵਾਂ ਨੇ
ਕੰਡੇ ਜਿਹਨਾਂ ਛੁਪਾ ਲਏ ਹਿੱਕ ਵਿਚ
ਕੁਝ ਕੁ ਐਸੀਆਂ ਰਾਹਵਾਂ ਨੇ
ਚੀਸਾਂ ਲੈ ਅਸੀਸਾਂ ਦੇਂਦੀ
ਜ਼ਖਮਾਂ ਬਦਲੇ ਕਸਮਾਂ ਵੀ
ਆਪਣੇ ਲਈ 'ਸਰਤਾਜ' ਕਦੀ ਵੀ
ਕੁਝ ਨਾ ਮੰਗਿਆ ਮਾਵਾਂ ਨੇ।
ਵੈਸੇ ਤਾਂ ਰਿਸ਼ਤੇ ਹੋਰ ਬਥੇਰੇ ਨੇ
ਪਰ ਮਾਵਾਂ ਦੇ ਬਾਝੋਂ ਘਰੀਂ ਹਨੇਰੇ ਨੇ
ਰੌਣਕ ਹੈ 'ਸਰਤਾਜ' ਦੇ ਘਰਦੀ ਅੰਮੀ ਏ
ਸਾਨੂੰ ਕੁਝ ਨਾ ਹੋ ਜਾਏ ਡਰਦੀ ਅੰਮੀ ਏ।

ਨਵੇਂ ਬਣੇ ਗਾਇਕ ਪੁਰਾਣੇ ਗਾਇਕਾਂ ਦੀਆਂ ਫੋਟੋਆਂ ਲਗਾ ਕੇ ਰੱਖਦੇ ਹਨ ਪਰ ਕੀ ਉਨ੍ਹਾਂ ਵਰਗੇ ਬਣ ਸਕਦੇ ਹਨ, ਉਹਨਾਂ ਨੂੰ ਵੰਗਾਰ ਹੈ–

ਫੋਟੋ ਰੱਖੀ ਖਾਨ ਸਾਹਬ ਦੀ
ਵੱਡੀ ਜਿੱਡੀ ਕਰਵਾ ਕੇ
ਕੰਧ ਲਟਕਾ ਕੇ, ਮਾਲਾ ਪਾ ਕੇ
ਏਹਨੂੰ ਆਖੋ ਉਨ੍ਹਾਂ ਵਾਂਗੂੰ
ਦੱਸੇ ਤਾਨ ਲਗਾ ਕੇ
ਥੋੜ੍ਹਾ ਗਾ ਕੇ, ਗਲਾ ਘੁੰਮਾ ਕੇ
ਫੋਕੀ ਫੜ ਜਿਹੀ ਮਾਰ ਵਿਖਾਵੇਂ
ਐ 'ਸਰਤਾਜ' ਨਹੀਂ ਸਰਨਾ
ਪੈਂਦਾ ਮਰਨਾ, ਸਭੇ ਕੁਝ ਹਰਨਾ।

ਅੱਜ ਦੇ ਕਲਯੁੱਗੀ ਰਿਸ਼ਤਿਆਂ ਦੀ ਬੁਨਿਆਦ ਇੰਨੀ ਕੱਚੀ ਹੈ ਕਿ ਹਰ ਰਿਸ਼ਤਾ ਮਤਲਬ 'ਤੇ ਖੜ੍ਹਾ ਹੈ–

ਉਦੋਂ ਜਾਪਦਾ ਸੀ ਟੁੱਟਣੀ ਨਹੀਂ
ਸਾਂਝ ਬੜੀ ਪੱਕੀ
ਅੱਜ ਗੌਰ ਨਾਲ ਜਦੋਂ
ਬੁਨਿਆਦ ਉਠਦੀ ਤੱਕੀ
ਉਹੋ ਰਿਸ਼ਤਾ ਬੜਾ ਹੀ ਕਮਜ਼ੋਰ ਹੋ ਗਿਆ
ਦਿਲ ਪਹਿਲਾਂ ਜਿਹਾ ਨਹੀਂ ਰਿਹਾ ਇਹ ਕਠੋਰ ਹੋ ਗਿਆ

ਤੇਰੇ ਮੇਰੇ ਖ਼ਤਾਂ ਵਿਚੋਂ, ਮੇਰੇ ਵਾਲੇ ਖ਼ਤਾਂ ਦਾ
ਹਿਸਾਬ ਕੱਢ ਦੇਈਏ, ਪਿੱਛੇ ਕੀ ਬਚਦਾ
ਪਿਆਰ ਭਰੇ ਦਿਲ ਵਿਚੋਂ, ਪਿਆਰੇ ਦੀ ਹੀ ਯਾਦ ਜੇ
ਜਨਾਬ ਕੱਢ ਦੇਈਏ, ਪਿੱਛੇ ਕੀ ਬਚਦਾ।

ਦੋ ਗੀਤ ਜੋ ਚਰਚਾ ਦਾ ਵਿਸ਼ਾ ਬਣੇ ਸਨ, ਬਾਅਦ ਵਿਚ ਸੁਲਾਹ ਸਫਾਈ ਨਾਲ ਸਰਤਾਜ ਨੇ ਗੀਤ ਕਰਵਾਏ ਹਨ, ਪਹਿਲਾ ਸੀ ਤਰਲੋਕ ਜੱਜ ਦਾ ਲਿਖਿਆ–

ਅਸਾਂ ਅੱਗ ਦੇ ਵਸਤਰ ਪਾਉਣੇ ਨੇ
ਨਜ਼ਦੀਕ ਨਾ ਹੋ
ਅਸਾਂ ਧਰਤ ਆਕਾਸ਼ ਜਲਾਉਣੇ ਨੇ
ਨਜ਼ਦੀਕ ਨਾ ਹੋ
ਅਸਾਂ ਸੱਜਣਾਂ ਦੀ ਗਲਵੱਕੜੀ ਦਾ ਨਿੱਘ ਮਾਣ ਲਿਆ
ਹੁਣ ਦੁਸ਼ਮਣ ਗਲੇ ਲਾਉਣੇ ਨੇ–ਨਜ਼ਦੀਕ ਨਾ ਹੋ
ਜਾਹ ਤੈਥੋਂ ਮੇਰਾ ਸਾਥ ਨਿਭਾਇਆ ਨਹੀਂ ਜਾਣਾ
ਮੇਰੇ ਰਸਤੇ ਬੜੇ ਡਰਾਉਣੇ
ਨਜ਼ਦੀਕ ਨਾ ਹੋ।

ਦੂਸਰਾ ਗੀਤ ਸੀ ਇਕ ਘਣੀਏਂ ਵਾਲੇ ਲੇਖਕ ਦਾ, ਖੈਰ ਸਿਆਣੇ ਕਹਿੰਦੇ ਨੇ

ਜਿਦ ਨਾਲ ਮਸਲੇ ਵਿਗੜ ਜਾਂਦੇ ਨੇ।
ਰਜ਼ਾਮੰਦੀ ਕਰ ਲਓ ਨਿੱਬੜ ਜਾਂਦੇ ਨੇ।

ਇਸ ਤੋਂ ਬਾਅਦ ਸਰਤਾਜ ਨੇ ਗੁਰਦਾਸ ਮਾਨ ਦੀ ਤਰਜ਼ 'ਯਾਰ ਪੰਜਾਬੀ ਏ ਮੇਰਾ ਪਿਆਰ ਪੰਜਾਬੀ ਏ' ਤੇ ਇਕ ਗੀਤ ਦੋਹਾਂ ਦੇਸ਼ਾਂ ਤੇ ਦੋਹਾਂ ਪੰਜਾਬਾਂ ਦੀ ਵੰਡ 'ਤੇ ਲਿਖਿਆ ਹੈ ਪਰ ਇਸ ਵਿਚ ਗੁਰਦਾਸ ਮਾਨ ਤੋਂ ਪਹਿਲਾਂ ਹੀ ਮੁਆਫੀ ਮੰਗ ਲਈ ਹੈ:

ਗੁੱਜਰਾਂ ਵਾਲਾ, ਪਿੰਡੀ, ਸਾਦਲਵਾਰ ਪੰਜਾਬੀ ਸੀ
ਸ਼ਿਮਲਾ, ਚੰਬਾ, ਰੋਹਤਕ ਅਤੇ ਹਿਸਾਰ ਪੰਜਾਬੀ ਸੀ
ਕੀ ਹੋਇਆ ਜੇ ਵੰਡਤੇ, ਪਰ ਸਰਦਾਰ ਪੰਜਾਬੀ ਸੀ
ਯਾਰ ਪੰਜਾਬੀ ਸੀ ਉਏ ਸਾਡਾ ਪਿਆਰ ਪੰਜਾਬੀ ਸੀ।

ਕਲਮ ਥੋਡੀ ਤੇ ਕਲਮ ਚਲਾਈ, ਮਾਫੀ ਦੇ ਦੇਣਾ
'ਗੁਰਦਾਸਾਂ' ਦੀ ਨਕਲ ਬਣਾਈ, ਮਾਫੀ ਦੇ ਦੇਣਾ
ਪਰ 'ਸਰਤਾਜ' ਦੇ ਦਿਲ ਵਿਚ ਤਾਂ ਸਤਿਕਾਰ ਪੰਜਾਬੀ ਸੀ
ਯਾਰ ਪੰਜਾਬੀ ਸੀ ਉਏ ਸਾਡਾ ਪਿਆਰ ਪੰਜਾਬੀ ਸੀ
ਕੀ ਹੋਇਆ ਜੇ ਵੰਡਤੇ, ਪਰ ਸਰਦਾਰ ਪੰਜਾਬੀ ਸੀ।

ਪੰਜਾਬੀ ਦੇ ਮਸ਼ਹੂਰ ਗਜ਼ਲਗੋ ਦੀਪਕ ਜੈਤੋਈ ਦੀ ਰਚਨਾ ਨੂੰ ਗਾ ਕੇ ਦੋਹਾਂ ਨੂੰ ਅਮਰ ਕੀਤਾ ਹੈ, ਦੀਪਕ ਤੇ ਗੀਤ ਨੂੰ–

ਤੇਰੀ ਦੀਦ ਬਾਝੋਂ ਅੱਖੀਆਂ ਤਿਹਾਈਆਂ
ਰਾਂਝਣਾ ਉਏ
ਸਾਥੋਂ ਝੱਲੀਆਂ ਨੀ ਜਾਂਦੀਆਂ ਜੁਦਾਈਆਂ
ਰਾਂਝਣਾ ਉਏ।

ਸਾਨੂੰ ਸਤਿੰਦਰ ਤੋਂ ਬਹੁਤ ਆਸਾਂ ਹਨ ਤੇ ਉਮੀਦ ਹੈ ਉਹ ਆਸਾਂ ਤੇ ਪੂਰਾ ਉਤਰਨਗੇ ਵੀ। ਸਰੋਤਿਆਂ ਨੂੰ ਵੀ ਖੁੱਲ੍ਹਦਿਲੀ ਵਿਖਾਉਣੀ ਚਾਹੀਦੀ ਹੈ। ਅਜੇ ਇਸ ਖੇਤਰ ਵਿਚ ਉਸਦੀ ਸ਼ੁਰੂਆਤ ਹੈ। ਕੁਝ ਗਲਤੀਆਂ ਹੋਈਆਂ ਹੋਣਗੀਆਂ ਪਰ ਸਰੋਤੇ ਉਸਨੂੰ ਪਿਆਰ ਦੇਣ ਤੇ ਸੇਧ ਵੀ ਦੇਣ। ਨਵੀਂ ਐਲਬਮ 'ਚੀਰੇ ਵਾਲਿਆ' ਬਹੁਤ ਸੋਹਣੀ ਹੈ। ਬਹੱਤਰ ਕਲਾ ਛੰਦ 'ਤੇ ਆਧਾਰਿਤ ਗੀਤ 'ਦਿਲ ਸਭ ਦੇ ਵੱਖਰੇ ਜੀ, ਕਿਸੇ ਦੀ ਲੋਰ, ਕਿਸੇ ਦਾ ਜ਼ੋਰ, ਅਸੀਂ ਕੀ ਕਰੀਏ' ਆਪਣੀ ਆਪ ਮਿਸਾਲ ਹੈ। ਬੜੀਆਂ ਸੁੰਦਰ ਹੇਕਾਂ ਲਾਈਆਂ ਹਨ। 'ਦੌਲਤਾਂ ਤਾਂ ਜੱਗ ਤੇ ਬਥੇਰੀਆਂ ਪੈਸੇ ਤੋਂ ਜ਼ਰੂਰ ਹੁੰਦੀ ਪੱਤ ਜੀ' ਬੜੇ ਹੀ ਕੰਮ ਦੀਆਂ ਗੱਲਾਂ ਕੀਤੀਆਂ ਹਨ। ਅਗਲਾ ਗੀਤ 'ਹਰ ਆਦਮੀ 'ਚ ਹੁੰਦਾ ਇਕ ਫੱਕਰ ਫਕੀਰ, ਤੇਰੇ ਵੱਸ ਦੀ ਕੀ ਗੱਲ ਚੱਲ ਛੱਡ ਸਰਤਾਜ, ਜੀਹਨੇ ਦੁਨੀਆਂ ਬਣਾਈ ਆਪੇ ਜਾਣੂਗਾ ਇਲਾਜ' ਵਰਗੇ ਅਨਮੋਲ ਲਫਜ਼ ਲਿਖੇ ਹਨ। ਅਗਲਾ ਗੀਤ ਬਿਨਾਂ ਮੰਗਿਉਂ ਸਲਾਹ ਨਹੀਂ ਦੇਣੀ ਕਦਰ ਏਦਾਂ ਘੱਟ ਜਾਂਦੀ ਏ, ਐਵੇਂ ਰੋਜ਼ ਹੀ ਜੇ ਜਾ ਕੇ ਡੇਰੇ ਲਾ ਲਓ ਇੱਜ਼ਤ ਹੋਣੋਂ ਹਟ ਜਾਂਦੀ ਏ। ਪਰਮਾਤਮਾ ਤੇ ਵਿਸ਼ਵਾਸ ਬੇਅੰਤ ਹੈ 'ਦੇਰ ਨੀ ਦਿਨਾਂ 'ਚ ਰੱਬ ਛੇਤੀ ਹੀ ਕਰਾਊ ਬੱਲੇ' ਰਾਤੀਂ ਸੁਪਨੇ 'ਚ ਮੈਨੂੰ ਇਕ ਪੀਰ ਨੇ ਸੁਨੇਹੇ ਐਸੇ ਘੱਲੇ'। ਫੇਰ ਅੱਜ ਤੇ ਪੁਰਾਣੇ ਇਸ਼ਕ ਦੀ ਤੁਲਨਾ 'ਹੀਰ ਦੀ ਤਰਜ਼ ਗਾ ਕੇ ਕੀਤੀ ਹੈ– ਅੱਜ ਨੀ ਕਰਦਾ ਕੋਈ ਇਸ਼ਕੇ ਲਈ ਕੁਰਬਾਨੀਆਂ, ਪਹਿਲਾਂ ਵਫਾਦਾਰ ਸੀ ਅੱਜ ਦੇ ਆਸ਼ਕ ਸਿਆਣੇ।

ਗੀਤ ਇਸ ਐਲਬਮ ਵਿਚ ਹੈ–

ਦੁਸ਼ਮਣ ਵੀ ਹੋਵੇ ਭਾਵੇਂ ਦਸਤਾਰ ਕਦੇ ਨਹੀਂ ਲਾਹੀਦੀ, ਜੇ ਖੁਦ ਚਾਹੀਏ ਸਤਿਕਾਰ ਤਾਂ ਸਭ ਦੀ ਇੱਜ਼ਤ ਕਰਨੀ ਚਾਹੀਦੀ। ਇਸ ਗੀਤ ਵਿਚ ਪੱਗ ਪ੍ਰਤੀ ਕਿੰਨੀ ਸ਼ਰਧਾ ਵਿਖਾਈ ਹੈ, ਅਖੀਰਲੇ ਗੀਤ ਵਿਚ ਫੁੱਲਾਂ ਦੀਆਂ ਅਨੇਕਾਂ ਕਿਸਮਾਂ ਤੇ ਗਹਿਣਿਆਂ ਨਾਲ ਬੜੀ ਸੂਝ ਬੂਝ ਨਾਲ ਤੁਲਨਾ ਕੀਤੀ ਹੈ। ਅਜੇ ਹੋਰ ਬਹੁਤ ਕੁਝ ਬਾਕੀ ਹੈ, ਇਹ ਤਾਂ ਸ਼ੁਰੂਆਤ ਹੈ।

ਸਰਤਾਜ ਨੂੰ ਇਕ ਦੋ ਸੁਝਾਅ ਦਿਆਂਗਾ ਵੱਡਾ ਵੀਰ ਹੋਣ ਦੇ ਨਾਤੇ ਤੇ ਤੁਹਾਡਾ ਲੇਖਕ ਹੋਣ ਕਰਕੇ, ਮੇਰਾ ਫਰਜ਼ ਵੀ ਬਣਦਾ ਹੈ। ਚੰਗੇ ਲੱਗੇ ਜ਼ਰੂਰ ਅਸਰ ਕਰ ਲੈਣਾ ਨਹੀਂ ਫਿਰ 'ਤੁਹਾਡੀ ਅਕਲ ਮੁਬਾਰਕ ਤੁਹਾਨੂੰ, ਸਾਡਾ ਸੀ ਬੱਸ ਕੰਮ ਸਮਝਾਣਾ'। ਚੰਗੇ ਗੀਤ ਕਿਸੇ ਦੇ ਵੀ ਲਿਖੇ ਹੋਣ, ਗਾਓ, ਪਰ ਇੱਜ਼ਤ ਮਾਣ ਨਾਲ– ਇੱਜ਼ਤ ਕਰੇ ਤੋਂ ਕਦੇ ਇੱਜ਼ਤ ਨਹੀਂ ਘਟਦੀ। ਬਣਦਾ ਮਾਣ ਹਰੇਕ ਨੂੰ ਚਾਹੀਦਾ ਹੈ, ਬੱਸ ਇਸ਼ਾਰਾ ਕਾਫੀ ਹੈ। ਕੇਸਾਂ ਪ੍ਰਤੀ ਤੁਹਾਡੀ ਬਹੁਤ ਸ਼ਰਧਾ ਹੈ ਤੇ ਹੋਣੀ ਵੀ ਚਾਹੀਦੀ ਹੈ ਪਰ ਤੁਸੀਂ ਪੱਗ ਨਾਲ ਵੀ ਬਹੁਤ ਵਧੀਆ ਲੱਗਦੇ ਹੋ ਜਦ ਕੇਸ ਅੰਦਰ ਬੰਨ੍ਹ ਕੇ ਜੂੜਾ ਕੀਤਾ ਹੁੰਦਾ ਹੈ। ਇਹ ਸੁਝਾਅ ਮੰਨੋਗੇ ਤਾਂ ਨੁਕਤਾਚੀਨੀ ਤੋਂ ਬਚੇ ਰਹੋਗੇ। ਰਸਤਾ ਸਾਫ ਰਹੇਗਾ। ਹੁਣ ਤੁਸੀਂ ਸਥਾਪਤ ਹੋ ਸਿਰਫ ਦਸਤਾਰ ਨਾਲ ਵਾਲ ਅੰਦਰ ਕਰਕੇ ਗਾਓ, ਫਿਰ ਵੇਖਿਓ, ਪ੍ਰਮਾਤਮਾ ਦੀਆਂ ਬਖਸ਼ਸ਼ਾਂ ਹੁੰਦੀਆਂ:–

ਹਾਲੇ ਤਾਂ ਸ਼ੁਰੂਆਤਾਂ ਮਿੱਤਰਾ, ਰੱਬ ਦੇ ਬਖਸ਼ੇ ਕਾਜ਼ ਦੀਆਂ
ਬੜੀਆਂ ਲੰਮੀਆਂ ਰਾਹਵਾਂ ਨੇ ਸਤਿੰਦਰ ਤੋਂ ਸਰਤਾਜ ਦੀਆਂ।

-ਜਗਤਾਰ ਗਿੱਲ

# ਕੈਲੀਫੋਰਨੀਆ ਦੇ ਚੈਸ ਚੈਂਪੀਅਨ ਅਲੈਕਜ਼ੈਂਡਰ ਨੂੰ ਚੰਡੀਗੜ੍ਹ ਦੀ ਸਿਮਰਨਜੀਤ ਨੇ ਹਰਾਇਆ

ਚੰਡੀਗੜ੍ਹ– ਸੌਪਿੰਸ ਸਕੂਲ ਸੈਕਟਰ 32 ਦੀ ਸਿਮਰਨਜੀਤ ਕੌਰ ਨੇ ਸਾਊਥ ਕੈਲੀਫੋਰਨੀਆ ਦੇ ਚੈਸ ਚੈਂਪੀਅਨ ਅਲੈਕਜ਼ੈਂਡਰ ਪਿਅਰਸਨ ਦੀ ਚੁਣੌਤੀ ਤਹਿਸ ਨਹਿਸ ਕਰ ਦਿੱਤੀ। ਕੈਲੀਫੋਰਨੀਆ ਦੇ ਅਲੈਕਜ਼ੈਂਡਰ ਨੇ ਇੰਟਰਨੈਟ 'ਤੇ ਓਪਨ ਚੈਲੰਜ ਦਿੱਤਾ ਸੀ। ਇਸ ਨੂੰ ਸੌਪਿਸ ਸਕੂਲ ਚੰਡੀਗੜ੍ਹ ਦੀ ਚੈਸ ਚੈਂਪੀਅਨ ਸਿਮਰਨਜੀਤ ਕੌਰ ਨੇ ਸਵੀਕਾਰ ਕਰ ਲਿਆ ਅਤੇ ਅਲੈਕਜ਼ੈਂਡਰ ਦੇ ਨਾਲ ਖੇਡੇ ਗਏ ਮੁਕਾਬਲੇ ਨੂੰ ਜਿੱਤ ਲਿਆ। ਤਿੰਨਸਾਲ ਪਹਿਲਾਂ ਚੈਸ ਦਾ ਕੈਰੀਅਰ ਸ਼ੁਰੂ ਕਰਨ ਵਾਲੀ ਸਿਮਰਨਜੀਤ ਕੌਰ ਸੌਪਿੰਸ ਸਕੂਲ ਦੀ ਵਿਦਿਆਰਥਣ ਨੌਵੀਂ ਦੀ ਸਟੂਡੈਂਟ ਹੈ। ਪਿਛਲੇ ਸਾਲ ਸਿਮਰਨਜੀਤ ਕੌਰ ਚੰਡੀਗੜ੍ਹ ਦੀ ਵੂਮੈਨ ਸਟੇਟ ਚੈਂਪੀਅਨ ਬਣੀ। ਇਸ ਤੋਂ ਇਲਾਵਾ ਉਨ੍ਹਾਂ ਨੇ ਅੰਡਰ 15 ਗਰਲਜ਼ ਚੈਸ ਚੈਂਪੀਅਨਸ਼ਿਪ ਦਾ ਖਿਤਾਬ ਜਿੱਤਿਆ ਅਤੇ ਅੰਡਰ–17 ਵਿਚ ਵੀ ਗਰਲਜ਼ ਚੈਂਪੀਅਨ ਰਹੀ। ਉਥੇ ਹੀ 2010 ਵਿਚ ਦਿੱਲੀ ਵਿਚ ਹੋਏ ਅੰਡਰ–



15 ਕਾਮਨਵੈਲਥ ਗੇਮਸ ਵਿਚ ਵੀ ਸਿਮਰਨਜੀਤ ਨੇ ਹਿੱਸਾ ਲਿਆ ਸੀ। ਸਿਮਰਨਜੀਤ ਕੌਰ ਨੇ ਦੱਸਿਆ ਕਿ ਅਲੈਕਜ਼ੈਂਡਰ ਦੇ ਨਾਲ ਖੇਡਦੇ ਹੋਏ ਉਨ੍ਹਾਂ ਨੂੰ ਪਹਿਲੇ ਤਿੰਨ ਗੇਮਸ ਵਿਚ ਕੜੀ ਚੁਣੌਤੀ ਮਿਲੀ ਅਤੇ ਮੁਕਾਬਲੇ ਡਰਾਅ ਹੋ ਗਏ। ਚੌਥੇ ਅਤੇ ਪੰਜਵੇਂ ਸੈਟ ਦੇ ਅੰਤਿਮ ਦੌਰ ਵਿਚ ਅਲੈਕਜ਼ੈਂਡਰ ਨੇ ਗਲਤੀ ਕਰ ਦਿੱਤੀ ਜਿਸ ਦਾ ਫਾਇਦਾ ਉਨ੍ਹਾਂ ਨੇ ਉਠਾਇਆ ਅਤੇ ਅਲੈਕਜ਼ੈਂਡਰ ਨੂੰ ਮਾਤ ਦੇ ਦਿੱਤੀ। ਸਿਮਰਨਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਹਰਿੰਦਰ ਪਾਲ ਚੈਸ ਖੇਡਦੇ ਸੀ। ਪਿਤਾ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਨੇ ਚੈਸ ਖੇਡਣਾ ਸ਼ੁਰੂ ਕੀਤਾ। ਕੋਚ ਅਭਿਨੰਦਨ ਵੋਹਰਾ ਨੇ ਉਨ੍ਹਾਂ ਨੂੰ ਇਸ ਗੇਮ ਵਿਚ ਮਾਤ ਨਾ ਖਾਣਾ ਸਿਖਾਇਆ ਹੈ। ਉਨ੍ਹਾਂ ਨੇ ਕਿਹਾ ਕਿ ਉਹ ਰੋਜ਼ਾਨਾ ਦੋ ਘੰਟੇ ਚੈਸ ਦਾ ਅਭਿਆਸ ਕਰਦੀ ਹੈ। ਉਨ੍ਹਾਂ ਦੀ ਅੰਡਰ 16 ਉਮਰ ਵਰਗ ਵਿਚ ਆਲ ਇੰਡੀਆ ਰੈਂਕ 41 ਹੈ। ਸੌਪਿੰਸ ਸਕੂਲ ਦੇ ਪ੍ਰਿੰਸੀਪਲ ਅਮਰਵੀਰ ਸਿੰਘ ਨੇ ਸਿਮਰਨਜੀਤ ਦੀ ਜਿੱਤ 'ਦੇ ਖੁਸ਼ੀ ਜਤਾਈ।

# ਸੰਪਾਦਕੀ

ਸ਼੍ਰੋਮਣੀ ਕਮੇਟੀ ਦੀਆਂ ਅਗਲੇ ਮਹੀਨੇ ਹੋਣ ਵਾਲੀਆਂ ਚੋਣਾਂ ਲਈ ਇਸ ਵਾਰ ਫਿਰ ਮੁਕਾਬਲੇ ਤਿੰਨ ਧਿਰੀ ਹੈ। ਪਹਿਲੀ ਵੱਡੀ ਧਿਰ ਸ਼੍ਰੋਮਣੀ ਕਮੇਟੀ ਉਤੇ ਕਾਬਜ ਅਕਾਲੀ ਦਲ (ਬਾਦਲ) ਹੈ, ਦੂਜੀ ਧਿਰ ਅਕਾਲੀ ਦਲ (ਅੰਮ੍ਰਿਤਸਰ) ਅਤੇ ਤੀਜੀ ਧਿਰ 17 ਪਾਰਟੀਆਂ ਦੇ ਆਧਾਰਿਤ ਪੰਥਕ ਮੋਰਚਾ ਹੈ। ਇਹ ਤਿੰਨੇ ਧਿਰਾਂ ਨੇ ਆਪੋ ਆਪਣੇ ਉਮੀਦਵਾਰ ਮੈਦਾਨ ਵਿਚ ਉਤਾਰੇ ਹੋਏ ਹਨ। ਹਾਲਾਂਕਿ ਪੰਜਾਬ ਤੋਂ ਬਾਹਰ ਸ਼੍ਰੋਮਣੀ ਕਮੇਟੀ ਦੀਆਂ ਸੀਟਾਂ ਦੀ ਗਿਣਤੀ ਜ਼ਿਆਦਾ ਨਹੀਂ ਹੈ, ਪਰ ਇਸ ਵਾਰ ਪੰਜਾਬ ਵਿਚ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਅਨੁਮਾਨ ਗੜਬੜਾ ਸਕਦੇ ਹਨ। ਇਸ ਦੇ ਕਈ ਕਾਰਨ ਗਿਣਾਏ ਜਾ ਸਕਦੇ ਹਨ। ਪਿਛਲੀ ਵਾਰ ਸ਼੍ਰੋਮਣੀ ਕਮੇਟੀ ਅਕਾਲੀ ਦਲ ਬਾਦਲ ਕੋਲ ਭਰਪੂਰ ਸੀਟਾਂ ਸਨ ਪਰ ਅਕਾਲੀ ਦਲ ਅੰਮ੍ਰਿਤਸਰ ਵੀ 30 ਦੇ ਕਰੀਬ ਸੀਟਾਂ ਲੈ ਗਿਆ ਸੀ। ਇਸ ਵਾਰ ਚੋਣਾਂ ’ਚ 1110 ਉਮੀਦਵਾਰ ਮੈਦਾਨ ’ਚ ਉੱਤਰ ਗਏ ਹਨ। ਇਨ੍ਹਾਂ ’ਚ ਵੱਡੀ ਗਿਣਤੀ ’ਚ ਔਰਤਾਂ ਵੀ ਸ਼ਾਮਲ ਹਨ। ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ’ਚ 170 ਸੀਟਾਂ ’ਤੇ ਚੋਣਾਂ 18 ਸਤੰਬਰ ਨੂੰ ਹੋਣਗੀਆਂ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐਚ.ਐਸ. ਬਰਾੜ ਨੇ ਬੀਤੇ ਦਿਨ ਦੱਸਿਆ ਕਿ ਕੁੱਲ 1110 ਨਾਮਜ਼ਦਗੀ ਪੱਤਰ ਭਰੇ ਗਏ ਹਨ। ਇਸ ਵਾਰ ਵੋਟਾਂ ਦੀ ਗਿਣਤੀ ਵਿਚ ਵੀ ਵੱਡੀ ਕਮੀ ਦਰਜ ਕੀਤੀ ਜਾ ਰਹੀ ਹੈ। ਪੂਰਨ ਗੁਰਸਿੱਖ ਵੋਟਰਾਂ ਦੁਆਰਾ ਵੋਟ ਪਾਏ ਜਾਣ ਦੇ ਕਾਰਨ ਹੀ ਇਸ ਵਾਰ ਸਮੀਕਰਨ ਕਾਫ਼ੀ ਕਠਿਨ ਨਜ਼ਰ ਆ ਰਹੇ ਹਨ। ਸਭ ਤੋਂ ਪਹਿਲੀ ਸਮੱਸਿਆ ਤਾਂ ਇਹ ਹੈ ਕਿ ਅਕਾਲੀ ਦਲ ਬਾਦਲ ਦਾ ਵੋਟ ਬੈਂਕ ਪੂਰੇ ਗੁਰਸਿੱਖ ਬਹੁਤ ਘੱਟ ਹਨ। ਇਸ ਦੇ ਮੁਕਾਬਲੇ ਅਕਾਲੀ ਦਲ ਅੰਮ੍ਰਿਤਸਰ ਅਤੇ ਪੰਥਕ ਮੋਰਚੇ ਲਾਭ ਵਿਚ ਹਨ।

ਜੇਕਰ ਇਸ ਵਾਰ ਪੰਥਕ ਮੋਰਚੇ ਨੂੰ ਕੁੱਲ ਵੋਟਾਂ ਦਾ 20 ਫੀਸਦੀ ਵੀ ਮਿਲਦਾ ਹੈ ਤਾਂ ਨਿਸ਼ਚਿਤ ਹੀ ਇਸ ਦਾ ਸਿੱਧਾ ਨੁਕਸਾਨ ਅਕਾਲੀ ਦਲ ਬਾਦਲ ਨੂੰ ਹੋਵੇਗਾ। ਅਕਾਲੀ ਦਲ (ਅੰਮ੍ਰਿਤਸਰ) ਦਾ ਵੋਟ ਬੈਂਕ ਸਥਿਰ ਹੈ ਅਤੇ ਉਹਨਾਂ ਵੋਟਾਂ ਨੂੰ ਤੋੜਿਆ ਨਹੀਂ ਜਾ ਸਕਦਾ। ਪੰਜਾਬ ਦੇ ਲਗਭਗ ਸਾਰੇ ਖੇਤਰਾਂ ਵਿਚ ਇਸ ਵਕਤ ਅਕਾਲੀ ਦਲ ਅੰਮ੍ਰਿਤਸਰ ਦੀ ਸਾਖ ਵੱਧ ਰਹੀ ਹੈ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿਚ ਵੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਾਖ ਜ਼ਿਆਦਾ ਹੈ। ਇਹਨਾਂ ਸਾਰੀਆਂ ਸੰਭਾਵਨਾਵਾਂ ਨੂੰ ਦੇਖਦਿਆਂ ਇਹ ਕਹਿਣਾ ਗਲਤ ਨਹੀਂ ਕਿ ਇਸ ਵਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੁਆਰਾ ਲਗਾਏ ਜਾ ਰਹੇ ਅਨੁਮਾਨ ਗੜਬੜਾ ਸਕਦੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਡਾ. ਮਨਮੋਹਨ ਸਿੰਘ ਨਾਲ ਕਈ ਮੁਲਾਕਾਤਾਂ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਐਨ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਰਵਾਈਆਂ ਹਨ। ਪਰ ਜੇਕਰ ਅਕਾਲੀ ਦਲ ਬਾਦਲ ਇਸ ਵਾਰ 80-85 ਸੀਟਾਂ ਹੀ ਜਿੱਤ ਸਕਿਆ ਤਾਂ ਉਸ ਨੂੰ ਸ਼ਾਇਦ ਮੁਸ਼ਕਿਲ ਬਹੁਮਤ ਤਾਂ ਮਿਲ ਜਾਵੇ ਪਰ ਉਹ ਟੀਚੇ ਪੂਰੇ ਨਹੀਂ ਹੋ ਸਕਣਗੇ, ਜਿਹਨਾਂ ਦੀ ਆਸ ਅਕਾਲੀ ਦਲ ਬਾਦਲ ਲਗਾਈ ਬੈਠਾ ਹੈ। ਦੂਜਾ ਸਹਿਜਧਾਰੀ ਸਿੱਖਾਂ ਦੁਆਰਾ ਹਾਈ ਕੋਰਟ ਵਿਚ ਦਾਇਰ ਕੀਤੇ ਮੁਕੱਦਮੇ ਦਾ ਫੈਸਲਾ ਲੇਟ ਹੋ ਗਿਆ ਤਾਂ ਚੋਣਾਂ ਦੀ ਪ੍ਰਕਿਰਿਆ ਵੀ ਰੁਕ ਸਕਣ ਦੀ ਸੰਭਾਵਨਾ ਹੋ ਸਕਦੀ ਹੈ।

**-ਬਲਬੀਰ ਸਿੰਘ ਐਮ. ਏ.**


**BALBIR SINGH M.A.** Editor in Chief & Publisher

Tel : 510-938-7771, Fax510-740-3520

36415 RUSCHIN DR. NEWARK, CA 94560

**Om Parkash Kamal** Assist Editor
Sanjose CA. Cell : 408-661-8925

Balwinder Singh Sandhu Staff Reporter,
Stockton, CA 209-922-4660

**Ranjit Kandola** Marketing Manager
Yuba City Cell : 530-315-1020

WEBSITE WWW.PARDESTIMES.COM
DESIGNED BY AMAN BANSIL 510-589-2245

Buta Ram joshi Staff Reporter, Fresno 559-803-0055


The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਪੱਤੇ




Sinder Singh (Advocate)
Email :
sindersingh2009@gmail.com
(91-99141-08502 M)


ਅੱਜਕਲ੍ਹ ਪੰਜਾਬ ਵਿਚ ਚੋਣਾਂ ਦਾ ਮਾਹੌਲ ਹੈ। ਚੋਣਾਂ ਦਾ ਮਾਹੌਲ ਲੀਡਰਾਂ ਦੀ ਖਰੀਦੋ-ਫਰੋਖਤ ਅਤੇ ਉਹਨਾਂ ਨੂੰ ਆਪਣੇ ਪਾਲ਼ੇ ਵਿਚ ਲਿਆਉਣ ਦਾ ਸਮਾਂ ਹੁੰਦਾ ਹੈ ਅਤੇ ਪੰਜਾਬ ਵਿਚ ਅੱਜਕਲ੍ਹ ਇਹੀ ਕੁਝ ਹੋ ਰਿਹਾ ਹੈ। ਇਸ ਵਾਰ ਦੀਆਂ ਸ਼੍ਰੋਮਣੀ ਕਮੇਟੀ ਚੋਣਾਂ ਪਹਿਲਾਂ ਨਾਲੋਂ ਕੁਝ ਕੁ ਵੱਖਰੀਆਂ ਹਨ ਕਿਉਂਕਿ ਬਾਦਲ ਨੂੰ ਘੇਰਨ ਲਈ ਇਸ ਵਾਰ ਦਿੱਲੀ ਅਕਾਲੀ ਦਲ ਸਮੇਤ 19 ਪੰਥਕ ਜਥੇਬੰਦੀਆਂ ਇਕ ਪਾਸੇ ਹਨ, ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਇਕ ਧਿਰ ਅਤੇ ਤੀਜੀ ਧਿਰ ਬਾਦਲ ਦੀ ਪਾਰਟੀ ਹੈ। ਪੰਜਾਬੀ ਦੀ ਇਕ ਕਹਾਵਤ ਹੈ ‘ਪੁਰਾਣਾ ਆਦਮੀ, ਪੁਰਾਣਾ ਗੁੜ ਹੁੰਦਾ ਹੈ’। ਸ਼ਾਇਦ ਅਕਾਲੀ ਦਲ (ਬਾਦਲ) ਇਸ ਕਹਾਵਤ ਨੂੰ ਚੰਗੀ ਤਰ੍ਹਾਂ ਸਮਝਦਾ ਹੈ। ਇਸੇ ਕਾਰਨ ਹੀ ਅਕਾਲੀ ਦਲ ਦੀ ਕਮਾਨ ਇਕ ਵਾਰ ਫਿਰ ਪੁਰਾਣੇ ਆਦਮੀ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਆ ਗਈ ਹੈ। ਅਕਾਲੀ ਦਲ ਬਾਦਲ ਨੂੰ ਮਿਲ ਰਹੀ ਸਖਤ ਚੁਣੌਤੀ ਦੇ ਮੱਦੇਨਜ਼ਰ ਮੁੱਖ ਮੰਤਰੀ ਨੇ ਇਹ ਭਲੀ-ਭਾਂਤ ਸਮਝ ਲਿਆ ਹੈ ਅਤੇ ਇਸੇ ਕਾਰਨ ਹੁਣ ਫਿਰ ਵੱਡੇ ਬਾਦਲ ਚੋਣ ਮੈਦਾਨ ਵਿਚ ਆ ਡਟੇ ਹਨ। ਇਸ ਵਕਤ ਸੁਖਬੀਰ ਬਾਦਲ ਪਰਦੇ ਪਿੱਛੇ ਚਲੇ ਗਏ ਹਨ ਅਤੇ ਬਾਦਲ ਨੇ ਖੁਦ ਕਮਾਨ ਸੰਭਾਲਦਿਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਟਿਕਟਾਂ ਅਜਿਹੇ ਉਮੀਦਵਾਰਾਂ ਨੂੰ ਦਿੱਤੀਆਂ ਹਨ, ਜਿਹਨਾਂ ਦੇ ਕਾਰਨ ਨਾ ਤਾਂ ਪਾਰਟੀ ਦੇ ਅੰਦਰ ਕਲੇਸ਼ ਪਿਆ ਅਤੇ ਨਾ ਹੀ ਬਾਹਰੋਂ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਿਆਸਤ ਇਕ ਗੁੱਝੀ ਸਿਆਸਤ ਹੈ। ਉਹ ਆਪਣੇ ਵਿਰੋਧੀਆਂ ਨੂੰ ਠਿੱਠ ਕਰਨ ਦੀ ਕਲਾ ਵਿਚ ਨਿਪੁੰਨ ਮੰਨੇ ਜਾਂਦੇ ਹਨ। ਪੰਜਾਬ ਦੀ ਸਿਆਸਤ ਵਿਚ ਭਾਵੇਂ ਬਰਨਾਲਾ ਦਾ ਉਭਾਰ ਆਇਆ ਹੋਵੇ, ਟੌਹੜਾ ਦਾ, ਸੰਤ ਲੌਂਗੋਵਾਲ ਦਾ, ਸੰਤ ਫਤਿਹ ਸਿੰਘ ਦਾ ਜਾਂ ਜਥੇਦਾਰ ਜਗਦੇਵ ਸਿੰਘ ਤਲਵੰਡੀ ਦਾ ਜਾਂ ਫਿਰ ਕਿਸੇ ਹੋਰ ਦਾ, ਉਹਨਾਂ ਨੇ ਸਮੇਂ-ਸਮੇਂ ਤੇ ਸਾਰੇ ਚੋਟੀ ਦੇ ਅਕਾਲੀ ਲੀਡਰਾਂ ਨੂੰ ਬੜੀ ਸਫਾਈ ਨਾਲ ਖੋਰਾ ਲਗਾਇਆ ਹੈ। ਇਹੀ ਕਾਰਨ ਹੈ ਕਿ ਬਾਦਲ ਦਲ ਉਤੇ ਉਹਨਾਂ ਦੀ ਸਰਦਾਰੀ ਜਿਉਂ ਦੀ ਤਿਉਂ ਕਾਇਮ ਹੈ ਅਤੇ ਉਹ ਚਾਰ ਵਾਰ ਮੁੱਖ ਮੰਤਰੀ ਵੀ ਰਹਿ ਲਏ ਹਨ। ਅੱਜ ਅਕਾਲੀ ਦਲ (ਬਾਦਲ) ਉਹਨਾਂ ਦੀ ਘਰ ਦੀ ਪਾਰਟੀ ਬਣ ਗਈ ਹੈ, ਇਸ ਦੇ ਬਾਵਜੂਦ ਵੀ ਉਹਨਾਂ ਨੂੰ ਅਕਾਲੀ ਦਲ ਵਿਚੋਂ ਕੋਈ ਚੁਣੌਤੀ ਨਹੀਂ। ਅਕਾਲੀ ਦਲ ਦੇ ਚੋਟੀ ਦੇ ਲੀਡਰ ਜਾਂ ਤਾਂ ਬੇਵੱਸ ਹੋ ਕੇ ਸਿਆਸਤ ਛੱਡ ਗਏ ਜਾਂ ਫਿਰ ਆਪਣੀ ਅਗਲੀ ਪੀੜ੍ਹੀ ਨੂੰ ਸੁਖਬੀਰ ਬਾਦਲ ਦੀ ਅਗਵਾਈ ਵਿਚ ਤੋਰ ਦਿੱਤਾ ਹੈ।

ਪਿਛਲੇ ਚਾਰ ਦਹਾਕਿਆਂ ਦੀ ਉਹਨਾਂ ਦੀ ਸਿਆਸਤ ਨੂੰ ਹੁਣ ਉਹਨਾਂ ਦੇ ਘਰ ਵਿਚੋਂ ਹੀ ਚੁਣੌਤੀ ਮਿਲ ਰਹੀ ਹੈ। ਉਹਨਾਂ ਦਾ ਭਤੀਜਾ ਮਨਪ੍ਰੀਤ ਬਾਦਲ ਵੱਖਰੀ ਪਾਰਟੀ ਬਣਾ ਕੇ ਅਕਾਲੀ ਦਲ (ਬਾਦਲ) ਨੂੰ ਖੋਰਨ ਲੱਗ ਪਿਆ ਹੈ। ਨਿਰਾਸ਼ ਲੀਡਰ ਮਨਪ੍ਰੀਤ ਵੱਲ ਆਕਰਸ਼ਿਤ ਹੋ ਰਹੇ ਹਨ, ਪਰ ਇਕ ਵਾਰ ਫਿਰ ਬਾਦਲ ਨੇ ਆਪਣੀ ਉਹੀ ਪੁਰਾਣੀ ਸਿਆਸਤ ਖੁਦ ਆਪਣੇ ਪਰਿਵਾਰ ਤੇ ਵੀ ਅਜ਼ਮਾਉਣ ਦਾ ਫੈਸਲਾ ਕਰ ਲਿਆ ਲੱਗਦਾ ਹੈ। ਮੁੱਖ ਮੰਤਰੀ ਹੁਣ ਖੁਦ ਜਨਤਕ ਸਭਾਵਾਂ ਵਿਚ ਜਾ ਰਹੇ ਹਨ। ਲੋਕਾਂ ਨੂੰ ਮਿਲ ਰਹੇ ਹਨ, ਨਿਰਾਸ਼ ਅਤੇ ਨਰਾਜ਼ ਲੀਡਰਾਂ ਨੂੰ ਮਨਾਉਣ ਲਈ ਉਹਨਾਂ ਦੇ ਘਰੋ-ਘਰੀ ਜਾ ਰਹੇ ਹਨ ਅਤੇ ਮਨਪ੍ਰੀਤ ਬਾਦਲ ਨਾ ਜਾ ਜੁੜੇ ਸੈਂਕੜੇ ਅਕਾਲੀ ਲੀਡਰ ਉਹਨਾਂ ਨੇ ਇਕ ਵਾਰ ਫਿਰ ਆਪਣੇ ਨਾਲ ਤੋਰ ਲਏ ਹਨ। ਚਰਚਾ ਇਹ ਵੀ ਹੈ ਕਿ ਮਨਪ੍ਰੀਤ ਬਾਦਲ ਨੂੰ ਇਕ ਹੋਰ ਵੱਡਾ ਝਟਕਾ ਜਲਦੀ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ‘ਚੂਹਾ ਬਿੱਲੀ’ ਦੀ ਇਹ ਲੜਾਈ ਤਾਂ ਅਗਲੇ ਦਿਨਾਂ ਵਿਚ ਚਲਦੀ ਰਹੇਗੀ ਪਰ ਮੁੱਖ ਮੰਤਰੀ ਭਾਵੇਂ ਸਿਆਸੀ ਢਾਅ ਮਾਰਨ ਵਿਚ ਕਿੰਨੇ ਹੀ ਮਾਹਿਰ ਹੋਣ ਪਰ ਮਨਪ੍ਰੀਤ ਬਾਦਲ ਦੇ ਮਾਮਲੇ ਵਿਚ ਉਹ ਇਸ ਗੱਲੋਂ ਅਣਜਾਣ ਹਨ ਕਿ ਮਨਪ੍ਰੀਤ ਬਾਦਲ ਦੀ ਸਿਆਸੀ ਟਰੇਨਿੰਗ ਵੀ ਉਹਨਾਂ ਦੀ ਅਗਵਾਈ ਹੇਠ ਹੋਈ ਹੈ। ਇਹੀ ਕਾਰਨ ਹੈ ਕਿ ਮਨਪ੍ਰੀਤ ਬਾਦਲ ਨੇ ਪਹਿਲਾਂ ਟੁੱਟ ਕੇ ਗਏ ਲੀਡਰਾਂ ਦੇ ਮੁਕਾਬਲੇ ਇਕ ਨਵੀਂ ਰਣਨੀਤੀ ਉਤੇ ਅਮਲ ਕੀਤਾ ਹੈ। ਮਨਪ੍ਰੀਤ ਬਾਦਲ ਇਹ ਗੱਲ ਜਾਣਦੇ ਹਨ ਕਿ ਜੇਕਰ ਅੱਜ ਬਾਦਲ ਤੋਂ ਨਰਾਜ਼ ਹੋ ਕੇ ਕੋਈ ਲੀਡਰ ਉਸ ਦੀ ਪਾਰਟੀ ਵਿਚ ਆਉਂਦਾ ਹੈ ਤਾਂ ਉਹ ਕੱਲ੍ਹ ਨੂੰ ਦੁਬਾਰਾ ਵਾਪਸ ਜਾਵੇਗਾ ਹੀ ਜਾਵੇਗਾ। ਇਹੀ ਕਾਰਨ ਹੈ ਕਿ ਮਨਪ੍ਰੀਤ ਬਾਦਲ ਨੇ ਇਕ ਵਿਚਾਰਧਾਰਾ ਤੇ ਆਧਾਰਿਤ ਪਾਰਟੀ ਖੜ੍ਹੀ ਕੀਤੀ ਹੈ ਅਤੇ ਇਸ ਪਾਰਟੀ ਦਾ ਨਾਂ ਵੀ ਅਕਾਲੀ ਦਲ ਦੇ ਪਰਛਾਵੇਂ ਤੋਂ ਕੋਹਾਂ ਦੂਰ ਹੈ। ਸਿਆਸਤ ਉਹੀ ਹੁੰਦੀ ਹੈ, ਜਿਹੜੀ ਸਿਧਾਂਤਕ ਹੋਵੇ, ਜਿਹੜੀ ਕੁਝ ਨਵਾਂ ਕਰਨ ਦਾ ਸੁਪਨਾ ਦਿਖਾਵੇ। ਜਦੋਂ ਵਿਚਾਰ ਤੋਂ ਵਿਚਾਰਧਾਰਾ ਬਣ ਜਾਂਦੀ ਹੈ ਤਾਂ ਉਸ ਨੂੰ ਕੋਈ ਹਰਾ ਨਹੀਂ ਸਕਦਾ ਅਤੇ ਨਾ ਹੀ ਉਸ ਨੂੰ ਕੋਈ ਖਤਮ ਕਰ ਸਕਦਾ ਹੈ। ਇਹੀ ਕਾਰਨ ਹੈ ਕਿ ਮਨਪ੍ਰੀਤ ਬਾਦਲ ਨੇ ਅਕਾਲੀ ਦਲ ਨਾਲੋਂ ਧੜਾਧੜ ਲੀਡਰ ਤੋੜਨ ਦੀ ਬਜਾਏ ਸਿਧਾਂਤਕ ਆਧਾਰ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸ ਵਿਚ ਉਹਨਾਂ ਨੂੰ ਸਫਲਤਾ ਵੀ ਮਿਲੀ ਹੈ।

ਮਨਪ੍ਰੀਤ ਬਾਦਲ ਜਿੱਥੇ ਵੀ ਗਏ ਹਨ, ਉਹਨਾਂ ਦੀ ਗੱਲ ਸੁਣਨ ਵਾਲਿਆਂ ਦੀਆਂ ਭੀੜਾਂ ਲੱਗੀਆਂ ਹਨ ਅਤੇ ਭੀੜਾਂ ਨੇ ਉਹਨਾਂ ਦੁਆਰਾ ਕਹੀਆਂ ਜਾਂਦੀਆਂ ਗੱਲਾਂ ਉਤੇ ਸਹਿਮਤੀ ਦੀ ਮੋਹਰ ਵੀ ਲਗਾਈ ਹੈ। ਪੰਜਾਬ ਵਿਚ ਇਹ ਤਜਰਬਾ 80 ਦੇ ਦਹਾਕੇ ਵਿਚ ਕਾਂਸ਼ੀ ਰਾਮ ਨੇ ਵੀ ਕੀਤਾ ਸੀ। ਹਾਲਾਂਕਿ ਉਹਨਾਂ ਦਾ ਏਜੰਡਾ ਦਲਿਤ ਸਮਾਜ ਸੀ ਅਤੇ ਇਕ ਗਰੀਬ ਤਬਕੇ ਨੂੰ ਇਕ ਵਿਚਾਰਧਾਰਾ ਵਿਚ ਪਰੋ ਕੇ ਉਹਨਾਂ ਨੇ ਜਿਹੜੀ ਪਾਰਟੀ ਖੜ੍ਹੀ ਕੀਤੀ, ਉਹ ਅੱਜ ਲੀਡਰਹੀਣ, ਦਿਸ਼ਾਹੀਣ ਹੋਣ ਦੇ ਬਾਵਜੂਦ ਇਕ ਤਾਕਤਵਰ ਧਿਰ ਬਣੀ ਹੋਈ ਹੈ ਅਤੇ ਕਈ ਖੇਤਰਾਂ ਵਿਚ ਇਹ ਪਾਰਟੀ ਅਕਾਲੀ ਦਲ ਅਤੇ ਕਾਂਗਰਸ ਦੇ ਸਮੀਕਰਨ ਵਿਗਾੜਦੀ ਹੈ।

**ਵਿਦੇਸ਼ ਨੂੰ ਕਿਉਂ ਭੱਜਦੇ ਨੇ ਲੀਡਰ**

ਪੰਜਾਬ ਦੇ ਸਿਆਸਤਦਾਨ ਚੋਣਾਂ ਤੋਂ ਪਹਿਲਾਂ ਵਿਦੇਸ਼ ਦੌਰੇ ਕਰਨ ਵੱਲ ਹਾਲ ਦੇ ਸਮੇਂ ਕੁਝ ਜ਼ਿਆਦਾ ਹੀ ਦਿਲਚਸਪੀ ਦਿਖਾਉਣ ਲੱਗ ਪਏ ਹਨ। ਪੰਜਾਬ ਦੇ ਚੋਟੀ ਦੇ ਸਾਰੇ ਸਿਆਸਤਦਾਨ ਵਿਦੇਸ਼ ਦੌਰੇ ਕਰ ਰਹੇ ਹਨ ਜਾਂ ਕਰ ਹਟੇ ਹਨ, ਹਾਂ, ਸੱਤਾਧਾਰੀ ਅਕਾਲੀ ਦਲ ਦੇ ਕਿਸੇ ਵੱਡੇ ਲੀਡਰ ਨੇ ਜ਼ਰੂਰ ਫਿਲਹਾਲ ਵਿਦੇਸ਼ ਦਾ ਦੌਰਾ ਨਹੀਂ ਕੀਤਾ। ਇਸ ਪਿੱਛੇ ਕਾਰਨ ਇਹ ਦੱਸੇ ਜਾਂਦੇ ਹਨ ਕਿ ਅਕਾਲੀ ਦਲ (ਬਾਦਲ) ਦੀ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਵਿਚ ਇੰਨੀ ਮਜ਼ਬੂਤ ਸਾਖ ਨਹੀਂ ਹੈ, ਹਾਲਾਂਕਿ ਅਕਾਲੀ ਦਲ ਦੇ ਸਾਰੇ ਮੁਲਕਾਂ ਵਿਚ ਰਾਜਨੀਤਿਕ ਵਿੰਗ ਕਾਇਮ ਹਨ ਅਤੇ ਉਥੋਂ ਦੇ ਪੰਜਾਬੀ ਹੀ ਇਹਨਾਂ ਵਿੰਗਾਂ ਦੀ ਨੁਮਾਇੰਦਗੀ ਕਰਦੇ ਹਨ।

ਬਾਕੀ ਸਿਆਸਤਦਾਨਾਂ ਵਿਚੋਂ ਹਾਲ ਹੀ ਵਿਚ ਮਨਪ੍ਰੀਤ ਬਾਦਲ ਨੇ ਵਿਦੇਸ਼ ਦਾ ਦੌਰਾ ਕੀਤਾ। ਇਸ ਤੋਂ ਪਹਿਲਾਂ ਉਹਨਾਂ ਦੀ ਪਾਰਟੀ ਪੀ. ਪੀ. ਪੀ. ਦੇ ਕਈ ਲੀਡਰਾਂ ਨੇ ਦੌਰੇ ਕੀਤੇ ਹਨ। ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੀ ਜਲਦੀ ਹੀ ਵਿਦੇਸ਼ ਦਾ ਦੌਰਾ ਕਰਨ ਜਾ ਰਹੇ ਹਨ। ਇਹਨਾਂ ਲੀਡਰਾਂ ਦੇ ਵਿਦੇਸ਼ ਦੌਰਿਆਂ ਪਿੱਛੇ ਬੇਸ਼ੱਕ ਕਾਰਨ ਕੁਝ ਵੀ ਹੋਣ ਪਰ ਇਕ ਗੱਲ ਸਪਸ਼ਟ ਹੈ ਕਿ

(ਬਾਕੀ ਸਫਾ 21 ਤੇ)

# ਸ਼੍ਰੋਮਣੀ ਕਮੇਟੀ ਚੋਣਾਂ ਬਾਦਲ ਪਰਿਵਾਰ ਦਾ ਇਮਤਿਹਾਨ

**ਉਜਾਗਰ ਸਿੰਘ**

ਸਿੱਖਾਂ ਦਾ ਸਮੁੱਚਾ ਇਤਿਹਾਸ ਹੀ ਜੱਦੋ-ਜਹਿਦ ਅਤੇ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਸਿੱਖਾਂ ਨੂੰ ਆਪਣੇ ਗੁਰਧਾਮਾਂ ਦੀ ਗੁਰ ਮਰਿਆਦਾ ਅਨੁਸਾਰ ਸਾਂਭ ਸੰਭਾਲ ਅਤੇ ਦੇਖ ਰੇਖ ਕਰਨ ਲਈ ਵੀ ਮੋਰਚੇ ਲਗਾਉਣੇ ਪਏ ਤਾਂ ਕਿਤੇ ਜਾ ਕੇ ਮਹੰਤਾਂ ਦੇ ਕਬਜ਼ੇ ਚੋ ਗੁਰਦਵਾਰਾ ਸਾਹਿਬਾਨ ਨੂੰ ਖਾਲੀ ਕਰਵਾਇਆ ਜਾ ਸਕਿਆ। ਅਸਲ ਵਿਚ ਅਕਾਲੀ ਦਲ ਦੀ ਸਥਾਪਨਾ ਹੀ 1920 ਵਿਚ ਗੁਰਦਵਾਰਾ ਸਾਹਿਬਾਨ ਨੂੰ ਮਹੰਤਾਂ ਤੋਂ ਖਾਲੀ ਕਰਵਾ ਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਦੇਣ ਲਈ ਹੋਈ ਸੀ। ਭਾਵੇਂ ਉਸ ਸਮੇਂ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਅੱਜ ਵਾਲਾ ਸਰੂਪ ਨਹੀਂ ਸੀ। 1925 ਵਿਚ ਲੰਬੀ ਜੱਦੋ ਜਹਿਦ ਤੋਂ ਬਾਅਦ ਗੁਰਦਵਾਰਾ ਐਕਟ ਬਣਿਆ ਜਿਸਦਾ ਨਾਮ ਹੀ 1925 ਦਾ ਗੁਰਦਵਾਰਾ ਐਕਟ ਸੀ। ਵਰਤਮਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਵਾਰ ਚੋਣ ਇਸ ਐਕਟ ਅਧੀਨ ਜੁਲਾਈ 1926 ਵਿਚ ਹੋਈ ਤੇ ਬਾਬਾ ਖੜਕ ਸਿੰਘ ਇਸਦੇ ਪਹਿਲੇ ਪ੍ਰਧਾਨ ਬਣੇ। ਉਸ ਸਮੇਂ ਐਸ.ਜੀ.ਪੀ.ਸੀ ਦੇ ਮੈਂਬਰ ਬੜੇ ਉੱਚੇ ਆਚਰਣ ਵਾਲੇ ਤੇ ਸਿਰਕੱਢ ਧਾਰਮਿਕ ਪ੍ਰਵਿਰਤੀ ਵਾਲੇ ਅੰਮ੍ਰਿਤਧਾਰੀ ਸਿੰਘ ਹੁੰਦੇ ਸਨ। ਸਮੇਂ ਦੇ ਨਾਲ ਨਾਲ ਇਸਦੇ ਪ੍ਰਬੰਧ ਅਤੇ ਮੈਂਬਰਾਂ ਦੀ ਚੋਣ ਵਿਚ ਬਹੁਤ ਸਾਰੀ ਤਬਦੀਲੀ ਆ ਗਈ। ਜਿੰਨਾ ਚਿਰ ਐਸ.ਜੀ.ਪੀ.ਸੀ ਦੀ ਚੋਣ ਵਿਚ ਸਿਆਸਤ ਨੇ ਦਖਲ ਨਹੀਂ ਦਿੱਤਾ ਉਤਨੀ ਦੇਰ ਐਸ.ਜੀ.ਪੀ.ਸੀ ਦੇ ਮੈਂਬਰਾਂ ਦੀ ਚੋਣ ਸਹੀ ਹੁੰਦੀ ਰਹੀ। ਜਦੋਂ ਸਿਆਸਤ ਤੇ ਖ਼ੁਦਗਰਜ਼ੀ ਸ਼ਾਮਲ ਹੋ ਗਈ ਤਾਂ ਇਸ ਦੇ ਮੈਂਬਰਾਂ ਦੀ ਚੋਣ ਵਿਚ ਵੀ ਗਿਰਾਵਟ ਆ ਗਈ। ਐਸ.ਜੀ.ਪੀ.ਸੀ ਨਿਰੋਲ ਸਿੱਖਾਂ ਦੇ ਇਤਿਹਾਸਿਕ ਗੁਰਦਵਾਰਿਆਂ ਦੀ ਦੇਖ ਭਾਲ ਕਰਨ ਅਤੇ ਸਿੱਖੀ ਮਰਿਆਦਾ ਤੇ ਵਿਚਾਰਧਾਰਾ ਦਾ ਪਾਸਾਰ ਤੇ ਪ੍ਰਚਾਰ ਕਰਨ ਲਈ ਜ਼ੁੰਮੇਵਾਰ ਹੈ। ਇਸਦਾ ਕਿਸੇ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਪ੍ਰੰਤੂ ਅਕਾਲੀ ਦਲ ਤੇ ਕਾਬਜ਼ ਧੜਾ ਹਮੇਸ਼ਾਂ ਐਸ.ਜੀ.ਪੀ.ਸੀ ਦੇ ਪ੍ਰਬੰਧ ਤੇ ਵੀ ਚੋਣ ਵਿਚ ਹਿਸਾ ਲੈ ਕੇ ਹਾਵੀ ਹੋ ਜਾਂਦਾ ਹੈ। ਸਿਆਸੀ ਲੋਕ ਐਸ.ਜੀ.ਪੀ.ਸੀ ਦੇ ਪ੍ਰਬੰਧ ਰਾਹੀਂ ਆਪਣੀ ਸਿਆਸਤ ਕਰਦੇ ਹਨ। ਧਾਰਮਿਕ ਵਿਅਕਤੀਆਂ ਦੀ ਥਾਂ ਤੇ ਰਾਜਨੀਤਕ ਵਿਅਕਤੀਆਂ ਦੀ ਚੋਣ ਕੀਤੀ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਅੱਜ ਸਿੱਖੀ ਵਿਚਾਰਧਾਰਾ ਤੇ ਸਿੱਖੀ ਕਿਰਦਾਰ ਵਿਚ ਗਿਰਾਵਟ ਆ ਗਈ ਹੈ ਤੇ ਨੌਜਵਾਨੀ ਪਤਿਤ ਹੋ ਗਈ ਹੈ। ਐਸ.ਜੀ.ਪੀ.ਸੀ. ਦੀਆਂ 18 ਸਤੰਬਰ ਨੂੰ ਹੋਣ ਵਾਲੀਆਂ ਚੋਣਾਂ ਵਿੱਚ ਸਵੱਛ ਕਿਰਦਾਰ ਤੇ ਧਾਰਮਿਕ ਪ੍ਰਵਿਰਤੀ ਵਾਲੇ ਉਮੀਦਵਾਰ ਹੋਣੇ ਚਾਹੀਦੇ ਹਨ। ਪਿਛਲੀ ਐਸ.ਜੀ.ਪੀ.ਸੀ. ਦੇ ਕੁੱਝ-ਕੁ ਮੈਂਬਰਾਂ ਨੇ ਸਿੱਖੀ ਸੋਚ ਨੂੰ ਖੋਰਾ ਲਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ। ਉਹਨਾਂ ਵਿੱਚੋਂ ਕੁੱਝ ਇੱਕ ਕੋਲੋਂ ਪੁਲਿਸ ਨੇ ਨਸ਼ੀਲੀਆਂ ਚੀਜ਼ਾਂ ਜਿਨ੍ਹਾਂ ਵਿੱਚ ਭੁੱਕੀ, ਸ਼ਰਾਬ ਅਤੇ ਅਫ਼ੀਮ ਵੀ ਪਕੜੀ ਸੀ ਤੇ ਉਹਨਾਂ ਨੂੰ ਜੇਲ੍ਹ ਦੀ ਹਵਾ ਖਾਣੀ ਪਈ। ਉਹ ਆਪਣੀਆਂ ਗੱਡੀਆਂ ’ਤੇ ਲਾਲ ਬੱਤੀਆਂ ਲਾਈ ਫਿਰਦੇ ਸਨ। ਧਰਮ ਕਰਮ ਦਾ ਕੰਮ ਛੱਡ ਕੇ ਉਹ ਨਸ਼ਿਆਂ ਦੇ ਵਪਾਰ ਵਿੱਚ ਪੈ ਗਏ ਸਨ। ਐਸ.ਜੀ.ਪੀ.ਸੀ. ਦੇ ਕੁੱਝ ਕਰਮਚਾਰੀ ਵੀ ਨਸ਼ਾ ਵੇਚਦੇ ਪਕੜੇ ਗਏ ਸਨ। ਇਹਨਾਂ ਨੇ ਸਮੁੱਚੀ ਸਿੱਖ ਸੰਗਤ ’ਤੇ ਐਸ.ਜੀ.ਪੀ.ਸੀ. ਨੂੰ ਢਾਅ ਲਾਈ। ਅਸਲ ਵਿੱਚ ਧਰਮ ਇਨਸਾਨ ਨੂੰ ਅਨੁਸ਼ਾਸਨ ਵਿੱਚ ਰੱਖਣ ਦਾ ਸਭ ਤੋਂ ਬਿਹਤਰ ਢੰਗ ਹੈ। ਹੁਣ ਧਰਮ ਦੀ ਆੜ ਵਿੱਚ ਸਿਆਸੀ ਪਾਰਟੀਆਂ ਗੁਰਦਵਾਰਾ ਸਾਹਿਬਾਨ ’ਤੇ ਕਾਬਜ਼ ਹੋ ਕੇ ਆਪਣੀ ਸਿਆਸੀ ਪਾਰਟੀ ਦੀ ਸਿਆਸਤ ਕਰ ਰਹੀਆਂ ਹਨ। ਕੁਰਬਾਨੀਆਂ ਦੇ ਕੇ ਮਹੰਤਾਂ ਤੋਂ ਗੁਰਦਵਾਰੇ ਖਾਲੀ ਕਰਵਾਉਣ ਵਾਲਿਆਂ ਦੇ ਸਵਰਗ ਸਿਧਾਰਨ ਤੋਂ ਬਾਅਦ ਸਿਆਸੀ ਰੁਚੀ ਵਾਲੇ ਲੋਕ ਗੁਰਦਵਾਰਿਆਂ ਦੀ ਸੱਤਾ ’ਤੇ ਕਬਜ਼ਾ ਕਰਨ ਲਈ ਤਰਲੋ ਮੱਛੀ ਹੋਣ ਲੱਗੇ ਤੇ ਹਰ ਹਰਬਾ ਵਰਤ ਕੇ ਇਸ ਦੀ ਪ੍ਰਾਪਤੀ ਲਈ ਯਤਨਸ਼ੀਲ ਹਨ, ਜਦੋਂ ਗੁਰਦਵਾਰਿਆਂ ਦੇ ਪ੍ਰਬੰਧ ਵਿੱਚ ਸਿਆਸਤ ਦਾਖ਼ਲ ਹੋ ਗਈ ਤਾਂ ਇਹਨਾਂ ਦੇ ਪ੍ਰਬੰਧ ਵਿੱਚ ਗਿਰਾਵਟ ਆਉਣੀ ਵੀ ਕੁਦਰਤੀ ਹੈ ਅਤੇ ਧਰਮ ਨੂੰ ਠੇਸ ਪਹੁੰਚਣ ਲੱਗੀ। ਧਰਮ ਤੇ ਸਿਆਸਤ ਦੇ ਇਸ ਮੇਲ ਨਾਲ ਅਣਹੋਣੀਆਂ ਹੋਣ ਲੱਗ ਪਈਆਂ ਕਿਉਂਕਿ ਸਿਆਸੀ ਲੋਕਾਂ ਦਾ ਮਕਸਦ ਤਾਂ ਧਰਮ ਦੀ ਆੜ ਵਿੱਚ ਆਪਣੀ ਸਿਆਸਤ ਕਰਨਾ ਹੁੰਦਾ ਹੈ। ਇਹ ਲੋਕ ਧਰਮ ਦੇ ਪ੍ਰਚਾਰ ਦੇ ਮੁੱਖ ਕੰਮ ਤੋਂ ਕਿਨਾਰਾ ਕਰਨ ਲੱਗੇ ਜਿਸ ਦੇ ਨਤੀਜੇ ਵਜੋਂ ਸਮਾਜਿਕ ਤੇ ਧਾਰਮਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਦਾ ਆਉਣਾ ਹੈ। ਪ੍ਰਬੰਧ ਵਿੱਚ ਸਿਆਸਤ ਹੋਣ ਕਰਕੇ ਐਸ.ਜੀ.ਪੀ.ਸੀ. ਵਿੱਚ ਦਸ ਨੰਬਰੀਏ ਭਰਤੀ ਹੋ ਗਏ। ਜਿਸ ਸੰਸਥਾ ਦਾ ਪ੍ਰਬੰਧ ਦਸ ਨੰਬਰੀਆਂ ਕੋਲ ਹੋਵੇਗਾ ਉਸ ਦਾ ਰੱਬ ਹੀ ਰਾਖਾ ਹੈ। ਆਪਣੀ ਨੌਕਰੀ ਦੌਰਾਨ ਇੱਕ ਵਾਰ ਇੱਕ ਐਸ.ਜੀ.ਪੀ.ਸੀ. ਦੇ ਪ੍ਰਧਾਨ ਦੇ ਪੱਤਰਕਾਰਾਂ ਦੇ ਇੱਕ ਸਵਾਲ ਦੇ ਜਵਾਬ ਦੇਣ ਮੌਕੇ ਦਾ ਮੈਂ ਗਵਾਹ ਹਾਂ ਜਿਸ ਵਿੱਚ ਸੇਵਾਦਾਰਾਂ ਵੱਲੋਂ ਸੰਗਤਾਂ ਨਾਲ ਦੁਰ-ਵਿਵਹਾਰ ਕੀਤੇ ਜਾਣ ਬਾਰੇ ਪੁੱਛਿਆ ਤਾਂ ਉਹਨਾਂ ਸਪਸ਼ਟ ਕਿਹਾ ਕਿ ਪ੍ਰਧਾਨਗੀ ਦੀ ਕੁਰਸੀ ਬਚਾਉਣ ਲਈ ਸਿਫਾਰਸ਼ਾਂ ਤੇ ਅਜਿਹੇ ਕ੍ਰਿਮੀਨਲ ਲੋਕ ਭਰਤੀ ਕਰਨੇ ਪੈਂਦੇ ਹਨ। ਇਸ ਤੋਂ ਸਪਸ਼ਟ ਹੈ ਕਿ ਐਸ.ਜੀ.ਪੀ.ਸੀ. ਵਿੱਚ ਸਿਆਸਤ ਆਉਣ ਨਾਲ ਗਿਰਾਵਟ ਆ ਰਹੀ ਹੈ। ਟਿਕਟਾਂ ਵੰਡਣ ਵੇਲੇ ਮਾੜੇ ਅਕਸ ਵਾਲੇ ਵਿਅਕਤੀਆਂ ਨੂੰ ਟਿਕਟਾਂ ਹਰਗਿਜ਼ ਨਹੀਂ ਦੇਣੀਆਂ ਚਾਹੀਦੀਆਂ। ਜੇਕਰ ਸਵੱਛ ਕਿਰਦਾਰ ਵਾਲੇ ਐਸ.ਜੀ.ਪੀ.ਸੀ. ਦੇ ਮੈਂਬਰ ਹੋਣਗੇ ਤਾਂ ਪ੍ਰਧਾਨ ਆਪਣੀ ਮਨਮਰਜ਼ੀ ਨਹੀਂ ਕਰ ਸਕੇਗਾ। ਪ੍ਰੰਤੂ ਪ੍ਰਧਾਨ ਦੀ ਵੀ ਪਰਚੀ ਤਾਂ ਹੁਣ ਬਾਦਲ ਸਾਹਿਬ ਦੀ ਜੇਬ ਵਿੱਚੋਂ ਨਿਕਲਦੀ ਹੈ ਤੇ ਫਿਰ ਉਹ ਬਾਦਲ ਸਾਹਿਬ ਦੀ ਹੀ ਬੋਲੀ ਬੋਲਦਾ ਹੈ ਤੇ ਗੁਰਦਵਾਰਾ ਸਾਹਿਬਾਨ ਦੁਆਰਾ ਮਹੰਤਾਂ ਦੇ ਕਬਜ਼ੇ ਵਿੱਚ ਹੁੰਦੇ ਜਾ ਰਹੇ ਹਨ। ਹੁਣ ਤਾਜ਼ਾ ਚਰਚਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਕਿਸੇ ਪ੍ਰਾਈਵੇਟ

(ਬਾਕੀ ਸਫਾ 21 ਤੇ)

ਕਿਸ਼ਤ 8

(ਇਕ ਖੋਜ ਭਰਪੂਰ ਕਿਤਾਬ- 'ਮੰਜ਼ਿਲ ਨਾ ਮਿਲੀ ਕਿਤਾਬ 'ਚੋਂ)

ਸੁਰਿੰਦਰ ਸਿੰਘ ਸੁੱਨੜ
805-612-5092

# ਪੰਜਾਬ ਦੀ ਧਰਤੀ ਤੇ ਭਾਸ਼ਾ



ਸੁਰਿੰਦਰ ਸਿੰਘ ਸੁੱਨੜ ਹੁਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੰਜਾਬੀ ਦੀ ਐਮ.ਏ. ਹਨ ਤੇ ਪੰਜਾਬੀ ਲਈ ਬੜੀ ਰੀਝ ਨਾਲ ਲਿਖਦੇ ਹਨ। ਉਨ੍ਹਾਂ ਦੀ ਲਿਖਤਾਂ ਬਹੁਤ ਛਪੀਆਂ ਹਨ ਤੇ ਪਾਠਕਾਂ ਨੇ ਬਹੁਤ ਹੀ ਸਰਾਹਿਆ ਹੈ ਪਰ ਇਸ ਕਿਤਾਬ ਲਈ ਅਸੀਂ ਇਨ੍ਹਾਂ ਨੂੰ ਢੇਰ ਸਾਰੀਆਂ ਸ਼ੁਭ ਇਛਾਵਾਂ ਦਿੰਦੇ ਹਾਂ ਤੇ 'ਮੰਜਿਲ ਨਾ ਮਿਲੀ' ਲਈ ਭੇਜਦੇ ਹਾਂ। ਇਹ ਕਿਤਾਬ ਅਮਰੀਕਾ ਦੀਆਂ ਲਾਇਬ੍ਰੇਰੀਆਂ ਵਿਚ ਮਿਲ ਸਕਦੀ ਹੈ।ਕਾਪੀ ਲੈਣ ਲਈ ਸੰਪਰਕ ਕਰੋ 1888-797-4274 ਜਾਂ www.xlibris.com

-ਬਲਬੀਰ ਸਿੰਘ ਐਮ.ਏ.

ਪੰਜਾਬ ਦੀ ਧਰਤੀ ਤੇ ਇੰਡਸ 'ਸਿੰਧ' ਨਦੀ ਅਤੇ ਜੇਹਲਮ ਨਦੀ ਦੇ ਮਿਲਾਪ ਤੋਂ ਮਾਸਾ ਕੁ ਉੱਤਰ ਪੂਰਬ ਵੱਲ ਵੱਸਿਆ ਸ਼ਹਿਰ ਹੜੱਪਾ, ਦੁਨੀਆਂ ਦਾ ਸਭ ਤੋਂ ਪਹਿਲਾ ਸ਼ਹਿਰ ਸੀ। ਇੱਕ ਵਰਗ ਮੀਲ ਵਿੱਚ ਪੱਕੀਆਂ ਇੱਟਾਂ ਦਾ ਬਣਿਆਂ ਸ਼ਹਿਰ ਜਿਸ ਵਿੱਚ 2500 ਬੀ.ਸੀ. ਵਿੱਚ ਚਾਰ ਅਮਰੀਕਨ ਬਲਾਕ ਦੇ ਆਕਾਰ ਦਾ ਰੰਗ ਮੰਚ ਸੀ, ਜਿਸ ਰੰਗ ਮੰਚ ਤੇ ਲੋਕ ਦੇਵੀ ਦੇਵਤਿਆਂ ਦਾ ਰੂਪ ਧਾਰ ਕੇ ਅਦਾਕਾਰੀ ਕਰਿਆ ਕਰਦੇ ਸੀ। ਮੈਂ ਉਸ ਸਮੇਂ ਦੀ ਗੱਲ ਕਰ ਰਿਹਾ ਹਾਂ ਜਦੋਂ ਹਾਲੇ ਇਸ ਦੁਨੀਆਂ 'ਤੇ ਲਿਖਤ ਸ਼ੁਰੂ ਨਹੀਂ ਸੀ ਹੋਈ। ਸਮਾਂ ਪਾ ਕੇ ਲਿਖਤੀ ਰੂਪ ਵਿੱਚ ਵੀ ਪਹਿਲਾ ਅੱਖਰ ਇਸੇ ਧਰਤੀ ਤੇ ਹੀ ਮਿਲਿਆ। ਮੇਰਾ ਦਿਲ ਕਰਦਾ ਹੈ ਕਿ ਮੈਂ ਉਸ ਸਮੇਂ ਦੇ ਲੇਖਕਾਂ ਤੇ ਅਦਾਕਾਰਾਂ ਨੂੰ ਪੰਜਾਬੀ ਕਹਾਂ। ਉਹ ਸਾਰੇ ਦੇ ਸਾਰੇ ਅਦਾਕਾਰ ਜੋ ਇੰਦਰ ਦੇਵਤਾ, ਜਲ, ਅਗਨੀ ਤੇ ਬਾਕੀ ਦੇਵੀ ਦੇਵਤਿਆਂ ਦੇ ਰੂਪ ਧਾਰ ਕੇ ਨਾਟਕ ਖੇਡਿਆ ਕਰਦੇ ਸਨ, ਸਾਰੇ ਦੇ ਸਾਰੇ ਪੰਜਾਬ ਦੇ ਜੰਮਪਲ ਪੰਜਾਬੀ ਸਨ। ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਰਿਗਵੇਦ ਵੀ ਇੰਦਸ ਨਦੀ ਦੇ ਕਿਨਾਰੇ ਤੇ ਬੈਠ ਕੇ ਲਿਖਿਆ ਗਿਆ, ਤਾਂ ਫਿਰਇਹ ਗੱਲ ਮੰਨਣ ਤੋਂ ਕੰਨੀਂ ਕਿਉਂ ਕਤਰਾਈ ਜਾ ਰਹੀ ਹੈ ਕਿ ਰਿਗਵੇਦ ਦਾ ਰਚਣਵਾਲਾ ਜਾਂ ਰਚਣ ਵਾਲੇ, ਪੰਜਾਬੀ ਸਨ। ਰਾਮਾਇਣ ਅਤੇ ਮਹਾਂਭਾਰਤ ਨਾਟਕ ਦੇ ਰੂਪਵਿੱਚ ਧਾਰਮਿਕ ਪ੍ਰਚਾਰ ਵਾਸਤੇ ਇਸੇ ਇਲਾਕੇ ਵਿੱਚ ਪੰਜਾਬ ਵਿੱਚ ਪੰਜਾਬੀਆਂ ਨੇ ਰੱਜ ਰੱਜ ਕੇ ਖੇਲੇ।

ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਦੇ ਲੋਕ ਪੰਜਾਬੀ ਸਨ, ਪੰਜਾਬੀ ਹਨ ਅਤੇ ਪੰਜਾਬੀ ਹੀ ਰਹਿਣਗੇ। ਸਮੇਂ ਦੇ ਤਾਕਤਵਰ ਲੋਕਾਂ ਨੇ ਪੰਜਾਬ ਨੂੰ ਲੀਰੋ ਲੀਰ ਕਰ ਦਿੱਤਾ। ਖੈਰ ਸੱਲਾ! ਕੋਈ ਗੱਲ ਨਹੀਂ, ਪੰਜਾਬੀਆਂ ਦੀਆਂ ਰਗਾਂ ਵਿੱਚ ਵਹਿੰਦੇ ਖ਼ੂਨ ਦਾ ਰੰਗ ਤਾਂ ਕੋਈ ਲੀਰਾਂ ਨਹੀਂ ਕਰ ਸਕਦਾ। ਆਪਣੇ ਦੇਸ਼ ਵਿੱਚ ਨਾ ਸਹੀ ਵਿਦੇਸ਼ਾਂ ਵਿੱਚ, ਖਾਸ ਕਰ ਅਮਰੀਕਾ ਕੈਨੇਡਾ ਵਿੱਚ ਤਾਂ ਪੰਜਾਬੀ ਆਪਣੀ ਪਹਿਚਾਣ ਬਨਾਉਣ ਵਿੱਚ ਸਫ਼ਲ ਹਨ। ਹਰ ਪੰਜਾਬੀ ਨੂੰ ਪੰਜਾਬੀ ਹੋਣ ਦਾ ਮਾਣ ਹੈ। ਜਦੋਂ ਕੋਈ ਕਿਸੇ ਪੰਜਾਬੀ ਨੂੰ ਇਰਾਨੀ ਜਾਂ ਇਰਾਕੀ ਕਹਿ ਕੇ ਬੁਲਾਉਂਦਾ ਹੈ ਤਾਂ ਇਵੇਂ ਸਮਝਦੇ ਹਨ ਕਿ ਜਿਵੇਂ ਕੋਈ ਗਾਲ ਕੱਢ ਰਿਹਾ ਹੋਵੇ। ਗੁਰਮੁਖੀ ਵਿੱਚ ਲਿਖੀ ਪੰਜਾਬੀ ਭਾਸ਼ਾ ਦਾ ਪੂਰਬੀ ਜਾਂ ਪੱਛਮੀ ਪੰਜਾਬ ਵਿੱਚ ਓਨਾ ਸਤਿਕਾਰ ਨਹੀਂ ਜਿੰਨਾ ਕੈਨੇਡਾ ਵਿੱਚ ਹੈ। ਫਰੈਂਚ, ਚੀਨੀਂ ਅਤੇ ਪੰਜਾਬੀ ਵਿੱਚੋਂ ਕਿਸੇ ਇੱਕ ਭਾਸ਼ਾ ਨੂੰ ਦੂਸਰੀ ਭਾਸ਼ਾ ਦੇ ਅਧਿਕਾਰ ਦੇ ਤੌਰ 'ਤੇ ਪੜ੍ਹਿਆ ਜਾ ਸਕਦਾ ਹੈ। ਅੰਮ੍ਰਿਤਧਾਰੀ ਪੰਜਾਬੀ ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਹਨ। ਕਿਸੇ ਪੰਜਾਬੀ ਕੋਲੋਂ ਤਾਂ ਹੋ ਸਕਦਾ ਕੋਈ ਗਲਤੀ ਹੋ ਗਈ ਹੋਵੇ, ਲੇਕਿਨ ਪੰਜਾਬੀ ਭਾਸ਼ਾ ਨੇ ਕਿਸੇ ਦਾ ਕੀ ਵਿਗਾੜਿਆ। ਮੈਨੂੰ ਸਮਝ ਨਹੀਂ ਆਉਂਦੀ ਕਿ ਆਪਣੀ ਮਾਂ ਬੋਲੀ ਤੋਂ ਮੁਨਕਰ ਹੋ ਕੇ, ਮਾਂ ਵੱਲ ਪਿੱਠ ਕਰਕੇ ਬੈਠਣ ਵਾਲਿਆਂ ਦਾ ਕਾਲਜਾ ਕਿਉਂ ਨਹੀਂ ਫਟ ਜਾਂਦਾ। ਪੰਜਾਬ ਦੀ ਧਰਤੀ ਨੂੰ ਪੰਜਾਬ ਨਾ ਮੰਨਣਾ, ਪੰਜਾਬੀ ਬੋਲੀ ਨੂੰ ਮਾਂ ਬੋਲੀ ਕਹਿਣ ਤੋਂ ਸੰਗ ਆਉਣੀ ਪਤਾ ਨਹੀਂ ਕਿੰਨੀ ਕੁ ਵਡਿਆਈ ਦੀ ਗੱਲ ਹੈ।

ਪੰਜਾਬ ਦੀ ਧਰਤੀ ਅਤੇ ਪੰਜਾਬੀ ਬੋਲੀ ਦੀ ਵੀ ਗੱਲ ਛੱਡੋ। ਗੁਰੂ ਨਾਨਕ ਨੇ ਧਾਰਮਿਕ ਦੁਨੀਆਂ ਦੇ ਆਪਸੀ ਝਗੜੇ ਧਾਰਮਕ ਤਰੀਕੇ ਨਾਲ ਹੱਲ ਕਰਨ ਵਾਸਤੇ ਸਿੱਖ ਧਰਮ ਦੁਨੀਆਂ ਨੂੰ ਬਖਸ਼ਿਸ਼ ਕੀਤਾ। ਗੁਰੂ ਨਾਨਕ ਦੇ ਚਲਾਏ ਇਸ ਧਰਮ ਨੂੰ ਦੁਨੀਆਂ ਦਾ ਸਭ ਤੋਂ ਨਵੀਨ ਤੇ ਸਭ ਤੋਂ ਪ੍ਰਭਾਵਸ਼ਾਲੀ ਵਿਚਾਰਧਾਰਾ ਵਾਲਾ ਧਰਮ ਮੰਨਿਆਂ ਗਿਆਹੈ। ਦੁਨੀਆਂ ਵਿਚ ਸੈਂਕੜੇ ਧਰਮ ਹਨ ਪਰ ਸਿੱਖ ਧਰਮ ਸਿੱਖਾਂ ਦੀ ਗਿਣਤੀ ਮੁਤਾਬਕ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੇ ਜਨਮ ਅਸਥਾਨਾਂ 'ਤੇ ਅਜੇ ਵੀ ਕਈ ਲੋਕ ਇਹ ਕਹਿਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਿੱਖ ਕੋਈ ਧਰਮ ਹੀ ਨਹੀਂ। ਦੁਨੀਆਂ ਦਾ ਕੋਈ ਵੀ ਧਾਰਮਿਕ ਆਦਮੀ ਜੇ ਉਹ ਧਾਰਮਿਕ ਹੈ, ਭਾਵੇਂ ਕਿਸੇ ਵੀ ਧਰਮ ਵਿੱਚ ਯਕੀਨ ਰੱਖਦਾ ਹੋਵੇ, ਜੇ ਉਹ ਧਰਮੀ ਹੈ ਤਾਂ ਆਪਣੇ ਆਪ ਨੂੰ ਸਿੱਖ ਵੀ ਅਖਵਾ ਸਕਦਾ ਹੈ। ਭਾਰਤ ਦੇ ਕਾਨੂੰਨ 9..3. ਵਿੱਚ ਸਿੱਖ ਧਰਮ ਨੂੰ ਅਜੇ ਤੱਕ ਧਰਮ ਹੀ ਨਹੀਂ ਗਿਣਦੇ। ਪੰਜਾਬੀ ਵੀ ਨਹੀਂ, ਬੋਲੀ ਵੀ ਪੰਜਾਬੀ ਨਹੀਂ, ਸਿੱਖ ਧਰਮ ਇੱਕ ਧਰਮ ਵੀ ਨਹੀਂ ਤਾਂ ਅਸੀਂ ਕੌਣ ਹਾਂ? ਵਿਦੇਸ਼ਾਂ ਵਿੱਚ ਪੰਜਾਬੀ ਹਾਂ, ਵਿਦੇਸ਼ਾਂ ਵਿੱਚ ਸਾਡੀ ਭਾਸ਼ਾ ਪੰਜਾਬੀ ਹੈ, ਵਿਦੇਸ਼ਾਂ ਵਿੱਚ ਦੁਨੀਆਂ ਦਾ ਪੰਜਵਾਂ ਵੱਡਾ ਧਰਮ ਹੈ-ਸਿੱਖ ਧਰਮ, ਲੇਕਿਨ ਅਸੀਂ ਭਾਰਤ ਵਿੱਚ ਕੌਣ ਹਾਂ? ਅੰਗਰੇਜ਼ਾਂ ਨਾਲ ਜੋ 1845 ਵਿੱਚ ਜੰਗ ਸਿੰਘਾਂ ਤੇ ਫਰੰਗੀਆਂ ਦੀ ਹੋਈ, ਉਸ ਲੜਾਈ ਵਿੱਚ ਬਾਕੀਆਂ ਵੱਲੋਂ ਜੇ ਜ਼ਰਾ ਜਿੰਨੀਂ ਵੀ ਮਦਦ ਮਿਲ ਜਾਂਦੀ ਤਾਂ ਭਾਰਤ ਓਦੋਂ ਹੀ ਆਜ਼ਾਦ ਹੋ ਜਾਣਾ ਸੀ। ਸਿਰਫ਼ ਸਰਕਾਰ ਨਹੀਂ ਸੀ ਕੋਈ ਤਾਂ ਹੀ ਤਾਂ ਸਿੱਖ ਫੌਜਾਂ ਜਿੱਤ ਕੇ ਵੀ ਅੰਤ ਹਾਰ ਗਈਆਂ। ਸਿੱਖਾਂ ਦੀ ਲੜਾਈ ਦੇਸ਼ ਦੀ ਲੜਾਈ ਕਿਵੇਂ ਗਿਣੀ ਜਾਵੇ, ਕਿਉਂ ਜੋ ਸਿੱਖਾਂ ਨੂੰ ਤਾਂ ਅੱਜ ਤੱਕ ਕਿਸੇ ਨੇ ਗਿਣਿਆਂ ਨਹੀਂ।

## ਪ੍ਰਸਿੱਧ ਲੇਖਕ ਸੁਰਿੰਦਰ ਸਿੰਘ ਸੁੱਨੜ ਦੇ ਪੋਤਰੇ ਦੀ ਹਾਲਤ ਸੁਧਰੀ

ਕੈਲੀਫੋਰਨੀਆ- ਪਿਛਲੇ ਹਫਤੇ ਸੁਰਿੰਦਰ ਸੁੱਨੜ ਜੀ ਦੇ ਪੋਤਰੇ ਜੋਬਨ ਸਿੰਘ ਜੋ ਕਿ 14 ਮਹੀਨੇ ਦੇ ਹਨ ਤੇ ਪਿਤਾ ਗਗਨ ਸਿੰਘ ਸੁੱਨੜ ਤੇ ਨੂੰਹ ਨਵਜੀਤ ਕੌਰ ਦਾ ਸਪੁੱਤਰ ਹੈ, ਦਾ ਕਾਰ ਨਾਲ ਐਕਸੀਡੈਂਟ ਹੋ ਗਿਆ ਸੀ, ਕਿਉਂਕਿ ਉਹ ਘਰ ਅੱਗੇ ਦੌੜਿਆ ਫਿਰਦਾ ਸੀ ਤੇ ਅਚਾਨਕ ਟੱਕਰ ਹੋ ਗਈ ਤੇ ਸੱਟ ਲਵਾ ਬੈਠਾ! ਹੈਲੀਕਾਪਟਰ ਰਾਹੀਂ ਉਸਨੂੰ ਬੱਚਿਆਂ ਦੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਆਈ.ਸੀ.ਯੂ. ਵਿਚ ਰੱਖਿਆ ਗਿਆ ਸੀ ਤੇ ਉਸਦੇ ਫੇਫੜਿਆਂ ਤੇ ਕਾਫੀ ਸੱਟ ਵੱਜੀ ਹੈ। ਹੁਣ ਕਾਕਾ ਜੋਬਨ ਦੀ ਹਾਲਤ ਸੁਧਰ ਰਹੀ ਹੈ ਅਤੇ ਉਹ ਘਰ ਆ ਗਏ ਹਨ ਤੇ ਜਲਦੀ ਹੀ ਨੌ ਬਰ ਨੌ ਹੋ ਜਾਣਗੇ। ਬੱਚੇ ਦੀ ਤੰਦਰੁਸਤੀ ਲਈ ਸ੍ਰੀ ਸੁੱਨੜ ਹੁਰਾਂ ਦੇ ਦੋਸਤਾਂ-ਮਿੱਤਰਾਂ ਨੇ ਅਰਦਾਸਾਂ ਕੀਤੀਆਂ ਅਤੇ ਉਹਨਾਂ ਨਾਲ ਹਮਦਰਦੀ ਪ੍ਰਗਟ ਕਰਨ ਵਾਲਿਆਂ ਦਾ ਤਾਂਤਾ ਲੱਗਿਆ ਰਿਹਾ।

## ਯੂਰੋ ਜ਼ੋਨ ਵਿਚ ਆਰਥਿਕ ਪ੍ਰਸ਼ਾਸਨ ਦੀ ਵਕਾਲਤ

ਪੈਰਿਸ- ਯੂਰਪ ਵਿਚ ਕਰਜ਼ਾ ਸੰਕਟ ਦੇ ਮੱਦੇਨਜ਼ਰ ਜਰਮਨੀ ਦੀ ਚਾਂਸਲਰ ਅੰਗੇਲਾ ਮਰਕੇਲ ਅਤੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜੀ ਨੇ ਯੂਰੋਜ਼ੋਨ ਵਿਚ 'ਸਹੀ ਮਾਅਨਿਆਂ ਵਿਚ ਆਰਥਿਕ ਪ੍ਰਸ਼ਾਸਨ' ਦੀ ਵਕਾਲਤ ਕੀਤੀ ਹੈ। ਇਕ ਸਾਂਝੇ ਪ੍ਰੈਸ ਬਿਆਨ ਵਿਚ ਅੰਗੇਲਾ ਮਾਰਕੇਲ ਅਤੇ ਸਰਕੋਜੀ ਨੇ ਯੂਰੋਜ਼ੋਨ ਵਿਚ ਗੰਭੀਰ ਆਰਥਿਕ ਅਤੇ ਵਿੱਤੀ ਨੀਤੀਆਂ ਦੀ ਅਪੀਲ ਕੀਤੀ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਇਕ ਪ੍ਰਕਿਰਿਆ ਦੇ ਤਹਿਤ ਅਜਿਹਾ ਕੀਤਾ ਜਾਵੇਗਾ।

ਦੋਵੇਂ ਲੀਡਰਾਂ ਨੇ ਵਿੱਤੀ ਲੈਣ-ਦੇਣ 'ਤੇ ਟੈਕਸ ਲਗਾ ਕੇ ਆਮਦਨ ਉਗਰਾਹੁਣ ਦੀ ਗੱਲ ਕੀਤੀ। ਦੋਵੇਂ ਲੀਡਰਾਂ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਯੂਰੋਜ਼ੋਨ ਦੇ 17 ਦੇਸ਼ਾਂ ਦੇ ਮੁਖੀਆਂ ਦੀ ਬੈਠਕ ਹੋਵੇ, ਜਿਸ ਵਿਚ ਇਹਨਾਂ ਮੁੱਦਿਆਂ 'ਤੇ ਵਿਚਾਰ ਕੀਤਾ ਜਾਵੇ। ਹਾਲਾਂਕਿ ਇਸ ਸੰਮੇਲਲ ਦਾ ਬਾਜ਼ਾਰਾਂ ਤੇ ਨਕਾਰਾਤਮਕ ਅਸਰ ਹੋਇਆ ਹੈ। ਕਈ ਨਿਵੇਸ਼ਕਾਂ ਦਾ ਕਹਿਣਾ ਸੀ ਕਿ ਉਹਨਾਂ ਨੂੰ ਇਸ ਸੰਮੇਲਨ ਤੋਂ ਵੱਡੇ ਐਲਾਨ ਦੀ ਉਮੀਦ ਸੀ।

ਨਿਊਯਾਰਕ ਦੇ ਡਾਊ ਜ਼ੋਨਸ ਵਿਚ ਇਸ ਪ੍ਰੈਸ ਕਾਨਫਰੰਸ ਤੋਂ ਬਾਅਦ 1.3 ਪ੍ਰਤੀਸ਼ਤ ਗਿਰਾਵਟ ਦੇਖੀ ਗਈ ਹੈ।

ਦੋਵੇਂ ਲੀਡਰਾਂ ਨੇ ਕੁਝ ਦੇਸ਼ਾਂ ਵਿਚ ਇਕ ਹੀ ਕਰੰਸੀ ਲਿਆਉਣ ਦੀ ਵੀ ਵਕਾਲਤ ਕੀਤੀ। ਪੈਰਿਸ ਵਿਚ ਬੈਠਕ ਤੋਂ ਬਾਅਦ ਹੋਈ ਪ੍ਰੈਸ ਕਾਨਫਰੰਸ ਵਿਚ ਉਹਨਾਂ ਨੇ ਕਿਹਾ ਕਿ ਯੂਰੋਜ਼ੋਨ ਦੇ 17 ਦੇਸ਼ਾਂ ਵਿਚ ਯੂਰੋ ਨੂੰ ਕਰੰਸੀ ਬਣਾਉਣ ਦੇ ਪ੍ਰਸਤਾਵ 'ਤੇ ਵੀ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਹਾਲਾਂਕਿ ਉਹਨਾਂ ਨੇ ਵਿੱਤੀ ਮਦਦ ਦੇ ਲਈ ਯੂਰੋ ਬਾਂਡ ਜਾਰੀ ਕਰਨ ਦੀਆਂ ਸੰਭਾਵਨਾਵਾਂ ਨੂੰ ਖਾਰਜ ਕਰ ਦਿੱਤਾ।


# ਦਸਮੇਸ਼ ਟਰੱਕ ਅਤੇ ਬੱਸ ਡਰਾਈਵਿੰਗ ਸਕੂਲ






ਲਾਇਸੈਂਸ ਲੈਣ ਉਪਰੰਤ ਅਮਰੀਕਾ ਵਿਚ
ਵੱਡੀਆਂ ਕੰਪਨੀਆਂ 'ਚ ਨੌਕਰੀ ਦੀ ਪੱਕੀ ਗਰੰਟੀ

ਸਾਡੇ ਕੋਲ ਤਜਰਬੇਕਾਰ ਟਰੇਨਰ ਦੇ ਖਾਸ ਪ੍ਰਬੰਧ ਹੈ


ਟਰੱਕ ਡਰਾਈਵਿੰਗ ਸਕੂਲ ਕੈਲੇਫੋਰਨੀਆ ਸਰਕਾਰ ਤੋਂ ਮਾਨਤਾ ਪ੍ਰਾਪਤ

ਸੰਪਰਕ ਕਰੋ :

ਰਵਿੰਦਰਜੀਤ ਸਿੰਘ (ਗੋਗੀ)
ਸਟਾਕਟਨ ਕੈਲੇਫੋਰਨੀਆ
209-924-4155


## ਗੰਦੇ ਪਾਣੀ ਦੀ ਗੰਭੀਰ ਸਮੱਸਿਆ ਹਜ਼ਾਰਾਂ ਕੀਮਤੀ ਜਾਨਾਂ ਨੂੰ ਨਿਗਲ ਰਹੀ ਹੈ : ਸੀਚੇਵਾਲ

ਟੋਰਾਂਟੋ-: ਇੱਥੋਂ 40 ਕਿਲੋਮੀਟਰ ਦੂਰ ਓਕਵਿਲ ਸ਼ਹਿਰ 'ਚ ਸਥਿਤ ਹਾਲਟਨ ਗੁਰਦੁਆਰਾ ਸਾਹਿਬ ਵਿਖੇ ਜਲੰਧਰੋਂ (ਭਾਰਤ) ਤੋਂ ਆਏ ਵਾਤਾਵਰਣ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਸਨਮਾਨ ਸਮਾਰੋਹ ਦੌਰਾਨ ਜੁੜੀਆਂ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਪਾਣੀ ਮਨੁੱਖੀ ਜੀਵਨ ਦੀ ਮੁਢਲੀ ਲੋੜ ਹੈ। ਮਨੁੱਖੀ ਵਿਕਾਸ ਦੇ ਅਗਲੇ ਸਾਰੇ ਪੜਾਅ ਇਸ ਤੋਂ ਬਾਅਦ ਹੀ ਸ਼ੁਰੂ ਹੁੰਦੇ ਹਨ। ਚੰਗੀ ਸਿਹਤ, ਸਭਿਅਕ ਸਮਾਜ ਤੇ ਜਮਹੂਰੀਅਤ ਜਿਹੇ ਸਵਾਲ ਤਾਂ ਮਨੁੱਖ ਦੀ ਇਸ ਮੁਢਲੀ ਲੋੜ ਦੀ ਪੂਰਤੀ ਤੋਂ ਬਾਅਦ ਹੀ ਪੈਦਾ ਹੁੰਦੇ ਹਨ। ਅੱਜ ਪੂਰੇ ਪੰਜਾਬ ਦਾ ਵਾਤਾਵਰਣ ਪ੍ਰਦੂਸ਼ਣ ਦੇ ਸੰਕਟ ਨਾਲ ਜੂਝ ਰਿਹਾ ਹੈ ਉਸ ਦੀਆਂ ਨਾਲੀਆਂ ਅਤੇ ਤਲਾਬਾਂ ਦੇ ਪਾਣੀ ਅੰਦਰ ਪ੍ਰਦੂਸ਼ਣ ਕਾਫੀ ਮਾਤਰਾ ਤੱਕ ਪਹੁੰਚ ਚੁੱਕਾ ਹੈ ਤੇ ਪ੍ਰਦੂਸ਼ਿਤ ਧਾਤੂਆਂ ਨੇ ਪੀਣ ਵਾਲੇ ਪਾਣੀ ਨੂੰ ਜ਼ਹਿਰੀਲਾ ਬਣਾ ਦਿੱਤਾ ਹੈ। ਅੱਜ ਦੇ ਸਮੇਂ ਲਈ ਸਭ ਤੋਂ ਵੱਧ ਗੰਭੀਰ ਸਮੱਸਿਆ ਗੰਦੇ ਪਾਣੀ ਦੀ ਹੀ ਹੈ, ਜੋ ਹਜ਼ਾਰਾਂ ਕੀਮਤੀ ਜਾਨਾਂ ਨੂੰ ਨਿਗਲ ਰਹੀ ਹੈ। ਇਹ ਮਹਿਜ਼ ਗੰਧਲੇ ਪਾਣੀ ਨਾਲ ਮੌਤਾਂ ਨਹੀਂ ਸਗੋਂ ਇਨ੍ਹਾਂ ਨੂੰ ਕਤਲ ਕਹਿਣਾ ਜਾਇਜ਼ ਹੈ। ਬਾਬਾ ਸੀਚੇਵਾਲ ਨੇ ਸਾਰੇ ਹੀ ਇੰਡੋ ਕੈਨੇਡੀਅਨਜ਼ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਅੰਦਰ ਪੀਣ ਯੋਗ ਪਾਣੀ,



ਹਵਾ, ਧਾਤੂਆਂ ਅਤੇ ਵਤਨਾਂ ਦੀ ਮਿੱਟੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਸੁਹਿਰਦ ਹੋਣ। ਇਸ ਮੌਕੇ ਗਿਆਨੀ ਰਘਬੀਰ ਸਿੰਘ ਦਿੱਲੀ ਵਾਲਿਆਂ ਦੇ ਜਥੇ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਜਸਵਿੰਦਰ ਸਿੰਘ ਮਾਨ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਬਾਬਾ ਬਲਵੀਰ ਸਿੰਘ ਸੀਚੇਵਾਲ ਵਾਲਿਆਂ ਦਾ ਗੁਰਦੁਆਰਾ ਸਾਹਿਬ ਪਹੁੰਚਣ ਤੇ ਸਮੂਹ ਪ੍ਰਬੰਧਕ ਕਮੇਟੀ ਵਲੋਂ ਨਿੱਘਾ ਸਵਾਗਤ ਕੀਤਾ ਗਿਆ, ਜਿਨ੍ਹਾਂ ਵਿਚ ਜਰਨੈਲ ਸਿੰਘ ਮੱਲ੍ਹੀ ਚੇਅਰਮੈਨ, ਸੁੱਚਾ ਸਿੰਘ ਬਸਰਾ ਪ੍ਰਧਾਨ ਨੇ ਬਾਬਾ ਬਲਬੀਰ ਸਿੰਘ ਸੀਚੇਵਾਲ ਵਾਲਿਆਂ ਨੂੰ ਸਿਰੋਪਾਓ ਦੀ ਬਖਸ਼ਿਸ਼ ਨਾਲ ਸਨਮਾਨਿਆ।


ਪੰਜਾਬੀਆਂ ਦੇ ਦਿਲਾਂ ਦੀ ਧੜਕਣ ਪਰਦੇਸ ਟਾਇਮਜ਼

ਪਰਦੇਸ ਟਾਇਮਜ਼ ਨੂੰ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

510-938-7771

ਕਿਸ਼ਤ 75 — ਬਲਬੀਰ ਸਿੰਘ ਐਮ. ਏ.

# ਸੱਜਣਾਂ ਦੇ ਵਿਹੜੇ ਦਿਆ ਬੂਟਿਆ



BALBIR SINGH M.A.
Tel : 510-938-7771



**ਅਸੀਂ ਪਾਠਕਾਂ ਲਈ ਇਹ ਕਾਲਮ ਸਾਡੇ ਸਮਾਜਿਕ ਢਾਂਚੇ ਵਿਚ ਕੀਤੀਆਂ ਜਾ ਸਕਣ ਵਾਲੀਆਂ ਤਬਦੀਲੀਆਂ ਬਾਰੇ ਜਾਂ ਕੁਝ ਕੀਤੇ ਸਫਰਾਂ ਤੇ ਆਧਾਰਿਤ ਲਿਖਦੇ ਹਾਂ। ਨਵੀਂ ਸੋਚ ਨਾਲ :-**
**-ਸੰਪਾਦਕ**

ਲੱਖਾਂ ਸਾਲਾਂ ਤੋਂ ਦੁਨੀਆਂ ਬਣੀ ਤੇ ਜਾਂ ਇਉਂ ਕਹਿ ਲਓ, ਸਾਨੂੰ ਹਾਲੇ ਵੀ ਖੋਜ ਕਰਨ ਦੇ ਬਾਵਜੂਦ ਪੂਰੀ ਤਾਰੀਖ ਦਾ ਨਹੀਂ ਪਤਾ ਲੱਗਾ, ਪਰ ਅਸੀਂ ਜੰਗਲਾਂ ਵਿਚ ਰਹਿਣ ਵੇਲੇ ਜਾਨਵਰਾਂ ਤੇ ਪੰਛੀਆਂ ਨਾਲ ਇਕੱਠੇ ਰਹਿੰਦੇ ਸੀ ਤੇ ਹਜ਼ਾਰਾਂ ਸਾਲਾਂ ਤੱਕ ਰਹਿੰਦੇ ਰਹੇ ਹਾਂ, ਪਰ ਕਦੇ ਵੀ ਜਾਨਵਰਾਂ ਨਾਲ ਇਨਸਾਨਾਂ ਦਾ ਬਹੁਤ ਲੰਮੇ ਸਮੇਂ ਤੱਕ ਵੈਰ ਨਹੀਂ ਪਿਆ ਕਿਉਂਕਿ ਜੇ ਅਸੀਂ ਇਉਂ ਕਹਿ ਲਈਏ ਕਿ ਜੇ ਵੈਰ ਰਿਹਾ ਤਾਂ ਸਿਰਫ਼ ਸੱਪ ਨਾਲ, ਉਹ ਵੀ ਤਾਂ ਇਨਸਾਨ ਨੂੰ ਲੱਗਦਾ, ਕਿਉਂਕਿ ਸੱਪ ਜਲਦੀ ਹੀ ਡੰਗ ਲੈਂਦਾ ਹੈ। ਪਰ ਕੀ ਕਦੇ ਕਿਸੇ ਨੇ ਇਹ ਵੀ ਜਾਣਿਆ ਕਿ ਸੱਪ ਤਾਂ ਧਮਕ ਤੋਂ ਖ਼ੁਦ ਡਰਦਾ ਹੈ। ਕੰਨ ਨਾ ਹੋਣ ਦੀ ਵਜ੍ਹਾ ਨਾਲ ਉਹ ਸਿਰਫ਼ ਜ਼ਮੀਨ ਤੇ ਪੈਰ ਰੱਖਣ ਦਾ ਖੜਾਕਾ ਤੇ ਸਾਇਕਲ, ਮੋਟਰ ਸਾਈਕਲ, ਕਾਰ, ਟਰੱਕ ਦਾ ਖੜਾਕਾ ਹੀ ਸੱਪ ਨੂੰ ਦੱਸਦਾ ਹੈ ਕਿ ਕੋਈ ਕਿਸੇ ਪਾਸੇ ਤੋਂ ਆ ਰਿਹਾ ਹੈ ਤੇ ਉਹ ਡਰ ਦੇ ਮਾਰੇ ਪਹਿਲਾਂ ਹੀ ਇਨਸਾਨ ਨੂੰ ਜਲਦੀ ਡੰਗ ਮਾਰ ਦਿੰਦਾ ਹੈ।

ਪਰ ਜੇ ਸੱਪ ਦੂਰ ਹੋਵੇ ਤਾਂ ਉਸ ਨੂੰ ਤੁਹਾਡੀ ਆਵਾਜ਼ ਜਾਂ ਤੋਰ ਦਾ ਖੜਾਕ ਮਹਿਸੂਸ ਹੋ ਜਾਵੇ ਤਾਂ ਕਦੇ ਵੀ ਉਹ ਇਨਸਾਨ ਦੇ ਸਾਹਮਣੇ ਨਹੀਂ ਆਉਂਦਾ ਸਗੋਂ ਆਪਣੀ ਜਾਂ ਚੂਹੇ ਦੀ ਖੁੱਡ ਵਿਚ ਜਾ ਵੜਦਾ ਹੈ ਤੇ ਆਪਣੀ ਜਾਨ ਬਚਾਉਣ ਦਾ ਹੀਲਾ ਵਸੀਲਾ ਬਣਾ ਹੀ ਲੈਂਦਾ ਹੈ। ਸੱਪ ਦੁਸ਼ਮਣੀ ਜਿੱਦ ਨਾਲ ਨਹੀਂ ਕਰਦਾ। ਉਹ ਵੀ ਇਕ ਧਰਤੀ ਦਾ ਜੀਵ ਹੈ, ਉਸ ਨੂੰ ਵੀ ਇੱਥੇ ਰਹਿਣ ਦਾ ਹੱਕ ਹੈ।

ਪਰ ਦੁਨੀਆਂ ਨੇ ਉਸ ਨੂੰ ਪਹਿਲਾਂ ਦੁਸ਼ਮਣ ਬਣਾ ਕੇ ਇਕ ਨਵੇਂ ਸ਼ਬਦ 'ਦੁਸ਼ਮਣ' ਦਾ ਨਾਂ ਹਿਸਟਰੀ ਵਿਚ ਜੋੜ ਦਿੱਤਾ।

ਵੈਸੇ ਇਸ ਨਾਂ ਦੇ ਜੁੜਨ ਨਾਲ ਹੀ ਲੱਗਦਾ ਹੈ ਲੋਕਾਂ ਵਿਚ ਘੁਮੰਡ ਤੇ ਬਦਲੇ ਦੀ ਭਾਵਨਾ ਆਈ ਹੋਵੇਗੀ। ਜੇ ਲੋਕ ਸਤਿਯੁਗ ਵਿਚ ਹਮੇਸ਼ਾ ਹੀ ਪਿਆਰ ਨਾਲ ਰਹਿੰਦੇ ਹੋਣਗੇ ਤਾਂ ਫਿਰ ਉਸ ਨੂੰ ਰਾਮ ਰਾਜ ਕਿਹਾ ਗਿਆ ਸਹੀ ਹੀ ਹੋਵੇਗਾ ਪਰ ਹੌਲੀ ਹੌਲੀ ਇਨਸਾਨ ਦੀ ਦਿਮਾਗੀ ਹਾਲਤ ਵਿਚ ਬਦਲਾਅ ਆਉਣਾ ਸ਼ੁਰੂ ਹੋ ਗਿਆ ਤੇ ਲੋਕਾਂ ਨੇ ਵੈਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਇਨਸਾਨ ਨੂੰ ਦੂਸਰੇ ਤੋਂ ਅੱਗੇ ਲੰਘਣ ਦੀ ਦੌੜ ਨੇ ਅੱਜ ਬਹੁਤ ਸਾਰੇ ਰਿਸ਼ਤੇ ਖਤਮ ਕਰ ਦਿੱਤੇ ਤੇ ਜੋ ਕੁਝ ਬਚੇ ਹਨ, ਉਨ੍ਹਾਂ ਵਿਚ ਵੀ ਕੋਈ ਖਾਸ ਪਿਆਰ ਵਾਲੀ ਗੱਲ ਨਹੀਂ ਹੈ।

ਦੁਨੀਆਂ ਕਬੀਲਿਆਂ ਵਿਚ ਵੰਡੀ ਗਈ ਹੌਲੀ-ਹੌਲੀ ਛੋਟੇ-ਛੋਟੇ ਕਬੀਲਿਆਂ ਦੀਆਂ ਸੰਧੀਆਂ ਹੁੰਦੀਆਂ ਗਈਆਂ ਤੇ ਹੌਲੀ ਹੌਲੀ, ਛੋਟੇ-ਛੋਟੇ ਰਾਜ ਬਣਨ ਲੱਗੇ। ਰਾਜਿਆਂ ਦੇ ਘੁਮੰਡ ਨੇ ਦੂਸਰੇ ਲੋਕਾਂ ਉਤੇ ਜਿੱਤਾਂ ਪ੍ਰਾਪਤ ਕਰਨ ਲਈ 'ਦੁਸ਼ਮਣੀ' ਨੂੰ ਆਪਣੇ ਸਿਰ ਵਿਚ ਜਗ੍ਹਾ ਦੇ ਦਿੱਤੀ ਤੇ ਇਹ ਸਤਿਯੁਗ ਕਹਾਉਣ ਵਾਲੀ ਧਰਤੀ ਤੇ ਕਲਿਯੁਗ ਆ ਗਿਆ। ਐਸਾ ਕਲਿਯੁਗ ਆਇਆ ਕਿ ਹਰ ਪਾਸੇ ਲੋਕ ਮਾਰੋ-ਮਾਰ ਕਰਦੇ ਫਿਰਨ ਲੱਗੇ ਤੇ 16ਵੀਂ ਸਦੀ ਤੋਂ ਮਗਰੋਂ ਇੰਗਲੈਂਡ ਦੇ ਰਾਜੇ ਨੇ ਆਪਣੇ ਘੁਮੰਡ ਨੂੰ ਹੋਰ ਦਰਸਾਉਣ ਲਈ ਦੂਸਰੇ ਦੇਸ਼ਾਂ 'ਤੇ ਹਮਲੇ ਕਰ ਕਰਕੇ ਆਪਣੀ ਸਲਤਨਤ ਵਧਾਉਣੀ ਸ਼ੁਰੂ ਕਰ ਦਿੱਤੀ ਤੇ 19ਵੀਂ ਸਦੀ ਤੱਕ ਭਾਵੇਂ ਹਾਲੇ ਹਵਾਈ ਜਹਾਜ਼ ਨਹੀਂ ਵੀ ਬਣੇ ਸੀ ਤਾਂ ਵੀ ਸਮੁੰਦਰੀ ਜਹਾਜ਼ਾਂ ਜਾਂ ਲੱਕੜੀ ਦੀਆਂ ਵੱਡੀਆਂ-ਵੱਡੀਆਂ ਕਿਸ਼ਤੀਆਂ ਰਾਹੀਂ ਹੀ ਦੁਨੀਆਂ ਦੇ ਦੂਸਰੇ ਦੇਸ਼ਾਂ 'ਤੇ ਕਬਜ਼ਾ ਕਰ ਲਿਆ।

ਹਿੰਦੁਸਤਾਨ ਵੀ ਦੋ-ਢਾਈ ਹਜ਼ਾਰ ਵਲੈਤੀਏ ਗੋਰਿਆਂ ਦੇ ਆਉਣ ਨਾਲ ਗੁਲਾਮ ਹੋ ਗਿਆ। ਅਕਲ ਤੋਂ ਕੰਮ ਲੈਣ ਦੇ ਦਾਅਵੇਦਾਰਾਂ ਦੇ ਭਾਰਤ ਵਰਗੇ ਮਹਾਨ ਦੇਸ਼ ਨੂੰ ਵੀ ਆਪਣੀ ਬੁੱਕਲ ਵਿਚ ਲੁਕੋ ਲਿਆ, ਆਪਣੀ ਧਰਤੀ 'ਤੇ ਹੀ ਲੋਕ ਜ਼ਮੀਨ ਉਤੇ ਭੁੰਜੇ ਬੈਠਣ ਲਈ ਮਜਬੂਰ ਹੋ ਗਏ, ਜਦਕਿ ਗੋਰੇ ਲੋਕ ਕੁਰਸੀਆਂ 'ਤੇ ਬੈਠ ਗਏ।

ਘੁਮੰਡ ਦੀ ਲਾਲਸਾ ਨੇ ਉਨ੍ਹਾਂ ਹਿੰਦੁਸਤਾਨੀਆਂ ਨੂੰ ਪਾੜ ਕੇ ਰਾਜ ਕੀਤਾ ਤੇ ਹੁਣ ਵੀ ਕੋਝੀਆਂ ਹਰਕਤਾਂ ਹੋ ਰਹੀਆਂ ਹਨ।

ਅਮਰੀਕਾ ਵਿਚ ਵੀ ਕਿਸੇ ਨੇ ਧਰਤੀ ਨੂੰ ਲੱਭਣ ਦੀ ਲਾਲਸਾ ਵਿਚ ਲੱਭ ਲਿਆ ਤੇ ਆਪਣੇ ਬੇੜੇ ਵਿਚ ਕੁਝ ਸੌ ਲੋਕਾਂ ਨੂੰ ਲੈ ਕੇ ਵਾਸਕੋਡੀ ਗਾਮਾ ਵਰਗੇ ਘੁਮੰਡੀ ਲੋਕਾਂ ਨੇ ਲੋਕਾਂ 'ਤੇ ਰਾਜ ਕਰਨ ਦੀ ਲਾਲਸਾ ਹਿੱਤ ਹਿੰਦੁਸਤਾਨ ਨਹੀਂ ਅਮਰੀਕਾ ਲੱਭ ਲਿਆ ਤੇ ਇੱਥੇ ਹੀ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿੱਤੇ। ਦੋ ਸੌ ਤੀਹ ਕੁ ਸਾਲਾਂ ਤੋਂ ਹੋਇਆ ਆਜ਼ਾਦ ਅਮਰੀਕਾ ਹੁਣ ਤਰੱਕੀ ਦੀਆਂ ਬੁਲੰਦੀਆਂ ਛੋਂਹਦਾ ਛੋਂਹਦਾ ਅੱਜ 2011 ਵਿਚ ਦੁਨੀਆਂ ਦਾ ਇਕ ਨੰਬਰ ਦੇਸ਼ ਬਣਿਆ ਬੈਠਾ ਹੈ।

ਦੁਨੀਆਂ ਦਾ ਸਭ ਤੋਂ ਵੱਡਾ ਘੁਮੰਡੀ ਮੁਲਕ ਵੀ ਕਹਿ ਸਕਦੇ ਹਾਂ, 5 ਸੌ ਸਾਲ ਪਹਿਲਾਂ ਜਿੱਥੇ ਸਿਰਫ਼ ਕੁਝ ਦਿਹਾਤੀ ਲੋਕ ਹੀ ਰਹਿੰਦੇ ਸਨ, ਉਥੇ ਇਕ ਨਵੇਂ ਢੰਗ ਨਾਲ ਬਣਿਆ ਦੇਸ਼ ਘੁੱਗ ਵੱਸਣ ਦੇ ਇਰਾਦੇ ਨਾਲ ਤਰੱਕੀ ਕਰ ਰਿਹਾ ਹੈ। ਹਰ ਪਾਸੇ ਇਕ ਇਕ ਚੀਜ਼ ਨੂੰ ਲੈ ਕੇ ਕਾਨੂੰਨ ਬਣਾਏ ਗਏ ਤੇ ਲਾਗੂ ਹੁੰਦੇ ਗਏ। ਹਰ ਤਰ੍ਹਾਂ ਦੇ ਕਾਨੂੰਨ ਤੇ ਉਨ੍ਹਾਂ ਦੀਆਂ ਹੋਰ ਪੇਚੀਦਾ ਗੱਲਾਂ ਨੂੰ ਵੀ ਲਾਗੂ ਕੀਤਾ ਗਿਆ ਹੈ। ਇਹ ਸਾਰੇ ਕਾਨੂੰਨ ਉਹਨਾਂ ਲੋਕਾਂ ਨੇ ਬਣਾਏ ਹੋਏ ਹਨ ਜੋ ਕਿ ਆਪਣੇ ਆਪ ਨੂੰ ਦੁਨੀਆਂ ਦੀ ਸਾਰੀ ਕੁੱਲ ਲੋਕਾਈ ਤੋਂ ਜ਼ਿਆਦਾ ਸਮਝਦਾਰ ਸਮਝਦੇ ਹਨ। ਏਨੀ ਸਮਝ ਰੱਖਣ ਵਾਲੇ ਲੋਕ ਵੀ ਕਈ ਕਾਨੂੰਨ ਐਸੇ ਬਣਾ ਸਕਦੇ ਹਨ, ਜਿਹਨਾਂ ਦੀ ਸਮਝ ਇਹਨਾਂ ਸਮਝਦਾਰਾਂ ਨੂੰ ਵੀ ਸ਼ਾਇਦ ਨਹੀਂ ਹੈ। ਕਹਿੰਦੇ ਹਨ "ਜਾਂ ਰਾਹ ਪਿਆ ਜਾਣੀਏ ਜਾਂ ਫਿਰ ਵਾਹ ਪਿਆ ਜਾਣੀਏ।"

ਸਾਡੇ ਇਕ ਮਿੱਤਰ ਨੇ 5 ਕੁ ਸਾਲ ਪਹਿਲਾਂ ਇਕ ਬੜਾ ਪਿਆਰਾ ਕੁੱਤਾ ਲਿਆ ਕੇ ਰੱਖ ਲਿਆ। ਕਹਿੰਦੇ ਅਮਰੀਕਨ ਕੁੱਤਿਆਂ, ਬਿੱਲੀਆਂ ਤੇ ਜਾਨਵਰਾਂ ਨਾਲ ਵੀ ਮਨੁੱਖਾਂ ਤੋਂ ਵੱਧ ਪਿਆਰ ਕਰਦੇ ਹਨ। ਜ਼ਰੂਰ ਕਰਦੇ ਹਨ, ਉਹਨਾਂ ਅਮਰੀਕਨਾਂ ਵਿਚ ਹੁਣ ਅਸੀਂ ਨਵੇਂ ਨਵੇਂ ਭਾਰਤੀ ਵੀ ਜੋ ਅਮਰੀਕਨ ਬਣੇ ਹਾਂ, ਉਹ ਵੀ ਕੁੱਤਿਆਂ-ਬਿੱਲੀਆਂ ਨੂੰ ਰੱਖਣ ਦੇ ਸ਼ੌਕੀਨ ਹੋ ਗਏ। ਸਾਡਾ ਕੁੱਤੇ ਬਿੱਲੀ ਰੱਖਣ ਦਾ ਕਿਸੇ ਹੋਰ ਲਿਹਾਜ਼ ਨਾਲ ਵੀ ਸਬੰਧ ਹੈ, ਇਕ ਤਾਂ ਕੁੱਤਾ ਤੁਹਾਡੇ ਸਾਰੇ ਘਰ ਦੀ ਹਿਫਾਜ਼ਤ ਵੀ ਕਰਦਾ ਹੈ, ਦੂਸਰਾ ਵਫਾਦਾਰੀ ਦੀ ਮਿਸਾਲ ਇਸ ਤੋਂ ਅੱਗੇ ਨਹੀਂ ਮਿਲਦੀ ਤੇ ਇਕ ਇਹ ਕਿ ਕੁੱਤਾ ਤਾਂ ਦਰਵੇਸ਼ ਹੈ ਜੀ ਰੱਬ ਦਾ ਰੂਪ ਹੀ ਹੈ।

ਖੈਰ, ਕੁੱਤਿਆਂ ਬਿੱਲੀਆਂ ਨੂੰ ਸਾਡੇ ਘਰਾਂ ਵਿਚ ਵੀ ਰੱਖਣ ਦੇ ਰਿਵਾਜ ਦੇ ਨਾਲ ਨਾਲ ਇਨਸਾਨਾਂ ਵਰਗਾ ਵਿਵਹਾਰ ਵੀ ਕਰਨਾ ਸ਼ੁਰੂ ਕਰ ਦਿੱਤਾ ਤੇ ਬਹੁਤੇ ਲੋਕ ਕੁੱਤਿਆਂ ਨੂੰ ਘਰ ਦੇ ਅੰਦਰ ਹੀ ਪਾਉਂਦੇ ਹਨ ਜਾਂ ਕਈ ਨਾਲ ਹੀ ਬਿਸਤਰੇ ਤੇ ਵੀ ਪਾ ਲੈਂਦੇ ਹਨ। ਪੰਜਾਬ ਵਿਚ ਠੰਢ ਦੇ ਮਾਰੇ ਕੁੱਤੇ ਬਿੱਲੀ ਜੋ ਤੁਹਾਡੇ ਘਰ ਵਿਚ ਰੱਖੇ ਹੁੰਦੇ ਸਨ, ਟਾਂਵੇ ਟਾਂਵੇ ਘਰਾਂ ਵਿਚ ਨਾਲ ਹੀ ਰਜਾਈ ਵਿਚ ਵੜ ਕੇ ਸੌਂ ਜਾਂਦੇ ਸਨ। ਜਿਹਨਾਂ ਨੇ ਕੁੱਤੇ ਰੱਖੇ ਹੋਏ ਹਨ, ਉਹ ਬੱਚਿਆਂ ਵਾਲਾ ਪਿਆਰ ਵੀ ਦਿੰਦੇ ਹਨ ਤੇ ਘਰ ਦੇ ਜੀਆਂ ਵਾਂਗ ਰੱਖਦੇ ਹਨ।

ਸਰਕਾਰ ਨੇ ਲਾਇਸੈਂਸ ਲੈਣ ਦੀ ਸਕੀਮ ਬਣਾਈ ਹੋਈ ਹੈ, ਉਹ ਵੀ ਲੋਕ ਲੈ ਲੈਂਦੇ ਹਨ, ਦਵਾਈ ਵੀ ਲੈ ਕੇ ਦਿੰਦੇ ਹਨ, ਹਰ ਸਾਲ ਟੀਕੇ ਵੀ ਲਗਵਾ ਕੇ ਦਿੰਦੇ ਹਨ। ਕੁੱਤਾ ਬਿੱਲੀ ਲਈ ਘਰ ਵੀ ਸੋਹਣਾ ਬਣਾ ਦਿੰਦੇ ਹਨ।

ਲੋਕਾਂ ਵਾਸਤੇ ਸਹੂਲਤ ਇਹ ਵੀ ਹੈ ਕਿ ਉਹ ਆਪਣੇ ਕੁੱਤੇ ਨੂੰ ਸਕੂਲ ਵਿਚ ਜਾ ਕੇ ਪੜ੍ਹਾ ਵੀ ਸਕਦਾ ਹੈ, ਜਿੱਥੇ ਉਸਨੂੰ ਬੈਠਣਾ-ਉਠਣਾ ਸਿਖਾਇਆ ਜਾਂਦਾ ਹੈ। ਕਿਵੇਂ ਘਰ ਦੀ ਹਿਫਾਜ਼ਤ ਕਰਨੀ ਹੈ, ਉਹ ਵੀ ਸਿਖਾਇਆ ਜਾਂਦਾ ਹੈ। ਕੁੱਤੇ ਨੂੰ ਸਿੱਖਣ ਵਿਚ ਕੋਈ ਦਿੱਕਤ ਨਹੀਂ। ਇਹ ਇਕ ਐਸਾ ਮਨੁੱਖ ਤੋਂ ਬਾਅਦ ਜਾਨਵਰ ਹੈ ਜੋ ਕਹਾਉਂਦਾ ਤਾਂ ਜਾਨਵਰ ਹੈ ਪਰ ਜੇ ਸਮਝੋ ਤਾਂ ਸਕੇ ਭਰਾ ਨਾਲੋਂ ਵੀ ਜ਼ਿਆਦਾ ਭਰਾ ਤੇ ਸਕਾ ਬਣ ਕੇ ਦਿਖਾ ਦਿੰਦਾ ਹੈ। ਘਰ ਦੀ ਹਿਫਾਜ਼ਤ ਸਭ ਤੋਂ ਵਧੀਆ ਕਰਦਾ ਹੈ। ਖੈਰ ਕੁੱਤਾ ਇੰਨਾ ਸੋਹਣਾ ਕਿ ਉਹ ਚੰਗਾ ਜੁੱਸੇ ਵਾਲਾ ਨਜ਼ਰ ਆਉਂਦਾ ਸੀ! ਉਹ ਮੈਨੂੰ ਪਹਿਲੇ ਦਿਨ ਤੋਂ ਜਾਣਦਾ ਸੀ। ਜਦੋਂ ਮੈਂ ਜਾਂਦਾ ਸੀ, ਮੈਨੂੰ ਗੁੱਸੇ ਤੇ ਪਿਆਰ ਦੇ ਸੁਮੇਲ ਵਿਚ ਬੱਸ ਘੇਰ ਲੈਂਦਾ ਸੀ। ਮੈਂ ਕਹਿਣਾ ਕਿ "ਭੂਰਿਆ" ਬੱਸ ਕਰ ਯਾਰ ਮੈਂ ਤੇਰੇ ਕੋਲ ਹੀ ਘੰਟਾ ਬੈਠ ਕੇ ਜਾਵਾਂਗਾ। ਉਹ ਬੇਜ਼ੁਬਾਨ ਹਮੇਸ਼ਾ ਮੈਨੂੰ ਯਾਦ ਕਰਾਉਂਦਾ ਕਿ ਤੂੰ ਆਇਆ ਕਿਧਰੋਂ ਏਂ ਏਨੇ ਦਿਨਾਂ ਬਾਅਦ। ਭਾਵੇਂ ਉਹਦੀ ਨਸਲ 'ਪਿੱਟ ਬੁਲ' ਸੀ ਭਾਵ ਖ਼ਤਰਨਾਕ ਕੁੱਤਾ ਨੰਬਰ ਇਕ! ਪਰ ਮੇਰੇ ਨਾਲ ਤਾਂ ਉਹ ਹਮੇਸ਼ਾ ਪਿਆਰ ਤੇ ਸਿਰਫ਼ ਪਿਆਰ ਹੀ ਕਰਦਾ ਸੀ। ਪਿਛਲੇ ਸੋਮਵਾਰ ਨੂੰ ਘਰ ਦੀ ਰਾਖੀ ਕਰਦੇ ਕਰਦੇ ਨੇ ਇਕ ਬਿੱਲੀ ਮਾਰ ਦਿੱਤੀ, ਉਹ ਵੀ ਆਪਣੇ ਘਰ ਦੀ ਕੰਧ ਤੋਂ ਲਾਹ ਕੇ ਮਾਰ ਦਿੱਤੀ!

ਪਰ ਗਲਤੀ ਨਾਲ ਉਹ ਲੱਕੜ ਦੇ ਫੱਟੇ ਨੂੰ ਤੋੜ ਕੇ ਘਰੋਂ ਬਾਹਰ ਨਿਕਲ ਗਿਆ ਤੇ ਘੁੰਮ ਕੇ ਘਰ ਦੇ ਅੱਗੇ ਆ ਕੇ ਬੈਠ ਗਿਆ, ਕਿਉਂਕਿ ਜਿਸ ਫੱਟੇ ਰਾਹੀਂ ਲੰਘਿਆ ਸੀ, ਉਥੋਂ ਮੁੜ ਕੇ ਉਹ ਅੰਦਰ ਨਹੀਂ ਆ ਸਕਿਆ।

ਪੁਲਿਸ ਆਈ, ਉਸ ਨੂੰ ਫੜ ਕੇ ਹਵਾਲਾਤ ਵਿਚ ਦੇ ਦਿੱਤਾ। ਮੇਰੇ ਮਿੱਤਰਾਂ ਨੇ ਸ਼ਹਿਰ ਦੀ ਪੁਲਿਸ ਕੋਲ ਪਹੁੰਚ ਕੀਤੀ। ਪੁਲਿਸ ਵਾਲੇ ਕਹਿੰਦੇ ਕਿ ਤੁਹਾਡਾ ਕੁੱਤਾ ਅੱਤਵਾਦੀ ਹੈ, ਇਹ 4-5 ਵਾਰ ਘਰੋਂ ਨੱਸਿਆ ਹੈ ਤੇ ਹਮੇਸ਼ਾ ਇਸਦਾ ਖ਼ਤਰਾ ਹੈ, ਕਿਸੇ ਨੂੰ ਮਾਰ ਨਾ ਦੇਵੇ।

ਘਰ ਵਾਲਿਆਂ ਨੇ ਕਿਹਾ ਕਿ ਅਸੀਂ ਇਸਨੂੰ ਹੁਣ ਅੰਦਰ ਬੰਨ੍ਹ ਕੇ ਰੱਖਾਂਗੇ। ਉਲਟਾ ਪੁਲਿਸ ਵਾਲੇ ਕਹਿੰਦੇ ਰੋਜ਼ਾਨਾ ਦੇ 55 ਡਾਲਰ ਬਣਦੇ ਹਨ ਤੇ ਇਸ 'ਤੇ ਕੇਸ ਚਲਾਇਆ ਜਾਵੇਗਾ, ਉਨੇ ਦਿਨ ਇਹ ਅੰਦਰ ਹੀ ਰਹੇਗਾ ਅਤੇ ਇਸਦੀ ਜ਼ਮਾਨਤ ਵੀ ਨਹੀਂ ਹੋ ਸਕਦੀ। ਜੱਜ ਦੇ ਹੁਕਮਾਂ ਤੱਕ ਇਹ ਥਾਣੇ ਹੀ ਰਹੇਗਾ।

ਮੈਂ ਇਕ ਗੱਲ ਪੁੱਛਾਂ ਪੁਲਿਸ ਕੋਲੋਂ ਕਿ ਇਨਸਾਨਾਂ ਤੇ ਕੁੱਤਿਆਂ ਵਿਚ ਕੁਝ ਫਰਕ ਤਾਂ ਹੋਣਾ ਚਾਹੀਦਾ ਹੈ। ਜ਼ੁਬਾਨ ਵਾਲੇ ਤਾਂ ਗਿੱਠ ਗਿੱਠ ਲੰਬੀ ਜ਼ੁਬਾਨ ਬੋਲਣ ਵਾਲੇ ਝੂਠੇ ਸੱਚੇ ਵਕੀਲ ਤੇ ਗਵਾਹ ਲੈ ਆਉਣਗੇ। ਉਹ ਬੇਜ਼ੁਬਾਨ ਤਾਂ ਸਿਰਫ਼ ਦੋ ਗੱਲਾਂ ਸਮਝਦਾ ਹੈ, ਜਿਹੜਾ ਉਸਨੂੰ ਖਾਣਾ ਪਾ ਦੇਵੇ, ਉਹ ਉਸਦਾ ਦੋਸਤ ਤੇ ਕੰਮ ਉਸਦਾ ਘਰ ਦੀ ਰਖਵਾਲੀ ਕਰਨਾ। ਉਸਨੂੰ ਦੁਨੀਆਂ ਦੀ ਹੋਰ ਕੋਈ ਗੱਲ ਸਮਝਣ ਦੀ ਲੋੜ ਨਹੀਂ। ਸੋਮਵਾਰ ਦਾ ਫੜਿਆ ਕੁੱਤਾ ਬੁੱਧਵਾਰ ਦੁਪਹਿਰ ਨੂੰ ਫੈਸਲਾ ਨਾ ਹੋਣ ਦੇ ਡਰੋਂ ਘਰ ਵਾਲਿਆਂ ਦੇ ਜਾ ਕੇ ਵਾਰ ਵਾਰ ਕਹਿਣ ਤੇ ਇਹ ਬੇਜ਼ੁਬਾਨ ਹੈ, ਸਾਨੂੰ ਦੇ ਦਿਓ, ਅਸੀਂ ਲੈ ਜਾਣਾ ਚਾਹੁੰਦੇ ਹਾਂ-

ਪੁਲਿਸ ਵੱਲੋਂ ਟੀਕਾ ਲਾ ਕੇ ਮਾਰ ਦਿੱਤਾ ਗਿਆ। ਉਸਦੀ ਇਹੀ ਗਲਤੀ ਕਿ ਉਸਨੂੰ ਅਵਾਰਾ ਬਿੱਲੀ ਨਹੀਂ ਮਾਰਨੀ ਚਾਹੀਦੀ ਸੀ। ਭਲਾ ਕੋਈ ਪੁੱਛੇ ਕੁੱਤਾ ਹਿਫਾਜ਼ਤ ਵਾਸਤੇ ਰੱਖਿਆ ਹੈ ਜਾਂ ਕਿ ਉਸ ਨੂੰ ਲੋਕਾਂ ਦੀ ਨੁਮਾਇਸ਼ ਵਾਸਤੇ। ਜੇ ਗੁਆਂਢੀ ਸ਼ਿਕਾਇਤ ਕਰ ਦੇਣ ਕਹਿੰਦੇ ਆਪਣੇ ਕੁੱਤੇ ਨੂੰ ਸਮਝਾਓ, ਇਹ ਭੌਂਕਦਾ ਬਹੁਤ ਹੈ। ਤੇ ਕੁੱਤੇ ਦੀ ਸ਼ਾਮਤ ਹਰ ਪਾਸੇ ਲਿਆਂਦੀ ਜਾਂਦੀ ਹੈ, ਕੀ ਹੈ ਇਹ ਕਾਨੂੰਨ।

ਉਹ ਭੂਰਾ ਮਾਰ ਦਿੱਤਾ ਗਿਆ, ਉਸਦੇ ਸਸਕਾਰ ਵੇਲੇ ਪੁਲਿਸ ਨੇ ਘਰ ਵਾਲਿਆਂ ਨੂੰ ਇਤਲਾਹ ਦਿੱਤੀ ਕਿ ਕੁੱਤਾ ਅਸੀਂ ਸਾੜ ਰਹੇ ਹਾਂ, ਆ ਕੇ ਡੱਬਾ ਲੈ ਕੇ ਦੇਣਾ ਹੈ ਤਾਂ 180 ਡਾਲਰ ਦਾ ਆਵੇਗਾ, ਤੁਸੀਂ ਪ੍ਰਾਈਵੇਟ ਤਰੀਕੇ ਨਾਲ ਵੀ ਫਿਊਨਰਲ ਕਰ ਸਕਦੇ ਹੋ!

ਘਰ ਵਾਲਿਆਂ ਨੇ ਜਵਾਬ ਦੇ ਦਿੱਤਾ। ਬੁੱਧਵਾਰ ਪਿਛਲੇ ਨੂੰ ਸ਼ਾਮੀ ਸਥਾਨਕ ਪੁਲਿਸ ਦਾ ਫਿਰ ਫੋਨ ਆਇਆ ਕਿ ਹੁਣ ਆ ਕੇ ਅਸਥੀਆਂ ਲੈ ਜਾਵੋ।

ਘਰ ਵਾਲਿਆਂ ਨੇ ਹਰ ਇਕ ਕੁਝ ਤੋਂ ਜਵਾਬ ਦੇ ਦਿੱਤਾ। ਮੈਂ ਅਫਸੋਸ ਕਰਨ ਗਿਆ ਤੇ ਸਾਰਾ ਟੱਬਰ ਜ਼ਾਰੋ-ਜ਼ਾਰ ਰੋ ਰਿਹਾ ਸੀ ਤੇ 'ਭੂਰੇ' ਦੀਆਂ ਖ਼ੂਬੀਆਂ ਦੱਸ ਰਿਹਾ ਸੀ ਕਿਉਂਕਿ ਉਹਨਾਂ ਦੇ ਘਰ ਦਾ ਸਭ ਤੋਂ ਛੋਟਾ ਜੀਅ ਅੱਧ ਵਿਚਕਾਰੇ ਚਲਾ ਗਿਆ।

ਇਹ ਕਾਨੂੰਨ ਕੀ ਹਨ ਅਮਰੀਕਾ ਦੇ!

ਇਨਸਾਨ ਕਿਸੇ ਦੀ ਧੀਅ ਚੁੱਕ ਕੇ ਲੈ ਜਾਵੇ ਬਲਾਤਕਾਰ ਕਰ ਦੇਵੇ, ਉਸਨੂੰ ਦੋ ਕੁ ਸਾਲਾਂ ਬਾਅਦ ਜਾਂ ਪਹਿਲਾਂ ਹੀ ਛੱਡ ਦਿੰਦੇ ਹਨ, ਕਹਿੰਦੇ ਫਿਰ ਸਮਾਜ ਵਿਚ ਇਹੋ ਜਿਹਾ ਨਾ ਕਰੀਂ। ਉਹੀ ਬਦਮਾਸ਼ ਬਾਹਰ ਆ ਕੇ ਫਿਰ ਕਿਸੇ ਧੀਅ, ਭੈਣ ਨਾਲ ਕੁਕਰਮ ਕਰਦਾ ਹੈ ਤੇ ਮਾਰ ਕੇ ਪਿਛਵਾੜੇ ਦੱਬ ਦਿੰਦਾ ਹੈ, ਫੜੇ ਜਾਣ 'ਤੇ ਫਿਰ ਦੋ-ਚਾਰ ਸਾਲਾਂ ਦੀ ਸਜ਼ਾ ਹੁੰਦੀ ਹੈ।

ਇਨਸਾਨੀ ਗੁੰਡਿਆਂ ਲਈ ਇੰਨਾ ਨਰਮ ਕਾਨੂੰਨ ਤੇ ਜਾਨਵਰਾਂ ਲਈ ਇੰਨਾ ਸਖ਼ਤ ਕਾਨੂੰਨ। ਅੱਜ ਮੈਂ ਕਾਨੂੰਨ ਦੀ ਦੇਵੀ ਦੀ ਫੋਟੋ ਜਦੋਂ ਵੇਖਦਾ ਸੀ, ਮੈਨੂੰ ਕਾਲੀ ਪੱਟੀ ਬੰਨ੍ਹੀ ਅੱਖਾਂ ਉਤੇ, ਦਾ ਮਤਲਬ ਨਹੀਂ ਸੀ ਸਮਝ ਆਉਂਦਾ।

ਪਰ ਅੱਜ ਮੇਰੀ ਸਮਝ ਵਿਚ ਆਉਂਦਾ ਹੈ ਕਾਨੂੰਨ ਅੰਨਾ ਤਾਂ ਪਹਿਲਾਂ ਹੀ ਸੀ, ਬੋਲਾ ਵੀ ਹੈ, ਕਿਉਂਕਿ ਉਹ ਬੇਜ਼ੁਬਾਨ ਵੀ ਨਹੀਂ ਸੁਣ ਸਕਦੇ ਤੇ ਬੋਲਣ ਦੀ ਆਵਾਜ਼ ਸਮਝ ਕੇ ਉਸ ਨੂੰ ਦੋ ਸਾਲ ਬਾਅਦ ਛੱਡ ਦਿੰਦੇ ਹਨ। ਇਸ ਤੋਂ ਪਹਿਲਾਂ ਕਿ ਇਹ ਇਨਸਾਨੀ ਗੁੰਡਾਗਰਦੀ ਹੋਰ ਵਧੇ, ਜਾਨਵਰਾਂ ਨੂੰ ਪਿਆਰ ਕਰਨ ਦੀ ਦੁਹਾਈ ਦੇਣੀ ਬੰਦ ਕਰ ਦਿਓ ਜਾਂ ਇਨਸਾਨਾਂ ਤੇ ਜਾਨਵਰਾਂ ਦੀ ਸਜ਼ਾ ਸੁਣਾਉਣ ਤੋਂ ਪਹਿਲਾਂ ਸੁਣਵਾਈ ਕਰਨੀ ਜ਼ਰੂਰੀ ਹੈ, ਨਹੀਂ ਤਾਂ ਧਰਮਰਾਜ ਕੋਲ ਜਾ ਕੇ ਇਹ ਪੁਲਿਸ ਰੂਪੀ ਇਨਸਾਨੀ ਗੁੰਡੇ ਜਵਾਬ ਨਹੀਂ ਦੇ ਸਕਣਗੇ।

# ਨਰਕ ਭੋਗ ਰਹੇ ਦੋ ਅਪਾਹਜ ਭਰਾਵਾਂ ਦੀ ਸੁਣਨ ਵਾਲਾ ਕੋਈ ਨਹੀਂ !

ਸਰਦੂਲਗੜ੍ਹ- ਪਿੰਡ ਰਣਜੀਤਗੜ੍ਹ ਬਾਂਦਰਾਂ ਦੇ ਮੋਹਣ ਸਿੰਘ ਮਰਹੂਮ ਦਾ ਪਰਿਵਾਰ ਨਰਕ ਭੋਗ ਰਿਹਾ ਹੈ। ਮੋਹਣ ਸਿੰਘ ਦੇ ਘਰ ਚਾਰ ਪੁੱਤਰਾਂ ਤੇ ਇਕ ਧੀ ਨੇ ਜਨਮ ਲਿਆ ਪਰ ਪੰਜੇ ਹੀ ਅਪਾਹਜ ਪੈਦਾ ਹੋਏ। ਮੋਹਣ ਸਿੰਘ ਦੀ ਪਤਨੀ ਅਪਾਹਜ ਬੱਚਿਆਂ ਦੇ ਗਮ 'ਚ ਹੀ ਇਸ ਜਹਾਨੋਂ ਚਲੀ ਗਈ। ਮਾਂ ਦੇ ਮਰਦਿਆਂ ਹੀ ਇਸ ਪਰਿਵਾਰ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ।

ਪਰਿਵਾਰ ਦੇ ਪੰਜ ਜੀਅ ਤਰਨੋਂ ਆਹਰੀ ਹਨ। ਇਨ੍ਹਾਂ ਦੇ ਹੱਥ ਤੇ ਪੈਰ ਕੰਮ ਨਹੀਂ ਕਰਦੇ। ਬੱਚਿਆਂ ਦਾ ਪੇਟ ਭਰਨ ਦਾ ਜੁਗਾੜ ਕਰਨ ਵਾਲੀ ਮਾਂ ਦੇ ਵੀਹ ਸਾਲ ਪਹਿਲਾਂ ਤੁਰ ਜਾਣ ਬਾਅਦ ਮੁੜ ਕਦੇ ਵੀ ਮੋਹਣ ਸਿੰਘ ਦੇ ਘਰ ਚੁੱਲ੍ਹਾ ਨਹੀਂ ਬਲਿਆ। ਉਦੋਂ ਤੋਂ ਇਨ੍ਹਾਂ ਜਿੰਦਾਂ ਦੀ ਭੁੱਖ ਮਿਟਾਉਣ ਦਾ ਜੁਗਾੜ ਗੁਆਂਢੀਆਂ 'ਤੇ ਹੀ ਨਿਰਭਰ ਹੈ। ਜੇਕਰ ਕੁਲਵੰਤ ਸਿੰਘ ਤੇ ਬੀਰਵਲ ਦੇ ਘਰ ਵਾਲੇ ਚਾਹ-ਰੋਟੀ ਦੇਣਾ ਭੁੱਲ ਜਾਣ ਤਾਂ ਇਹ ਅਪਾਹਜ ਪਰਿਵਾਰ ਭੁੱਖਾ ਪਿਆਸਾ ਹੀ ਬੈਠਾ ਰਹਿੰਦਾ ਹੈ।

ਪਿੰਡ ਦੀਆਂ ਬਦਲਦੀਆਂ ਪੰਚਾਇਤਾਂ ਨੇ ਵੀ ਕਦੇ ਇਸ ਪਰਿਵਾਰ ਦਾ ਦੁੱਖ ਵੰਡਾਉਣ ਦਾ ਯਤਨ ਨਹੀਂ ਕੀਤਾ। ਕਿਸੇ ਵੀ ਸਰਕਾਰ ਨੇ ਇਨ੍ਹਾਂ ਦੀ ਸਾਰ ਨਹੀਂ ਲਈ। ਆਜ਼ਾਦੀ ਦਿਹਾੜਾ ਤਾਂ ਹਰ ਸਾਲ ਹੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪਰ ਅੱਜ ਤੱਕ ਕੋਈ ਵੀ ਮੋਹਣ ਸਿੰਘ ਦੇ ਪਰਿਵਾਰ ਨੂੰ ਨਰਕ ਵਰਗੀ ਹਾਲਤ ਤੋਂ ਆਜ਼ਾਦੀ ਨਹੀਂ ਦਿਵਾ ਸਕਿਆ। ਪਹਿਲਾਂ ਮਾਂ ਮਰੀ, ਫਿਰ ਚਾਰ ਕੁ ਸਾਲ ਪਹਿਲਾਂ ਪੁੱਤਰ ਨਛੱਤਰ ਸਿੰਘ ਮੁਕਤੀ ਪਾ ਗਿਆ। ਉਮਰ ਭਰ ਦੀ ਕੀਤੀ ਕਮਾਈ ਵੇਚ ਵੱਟ ਕੇ ਨਛੱਤਰ ਦੇ ਪਿੱਛੇ ਹੀ ਬਾਪੂ ਮੋਹਣ ਸਿੰਘ ਤੁਰ ਪਿਆ, ਫਿਰ ਤਿੰਨ ਕੁ ਸਾਲ ਪਹਿਲਾਂ ਹੀ ਪੁੱਤਰ ਸੁਖਦੇਵ ਚਲਾ ਗਿਆ ਤੇ ਉਸ ਤੋਂ ਇਕ ਸਾਲ ਬਾਅਦ ਕੁੜੀ ਮਲਕੀਤ ਕੌਰ ਵੀ ਸਰੀਰ ਤਿਆਗ ਗਈ। ਹੁਣ ਘਰ 'ਚ ਬਲਦੇਵ ਸਿੰਘ ਤੇ ਕੇਵਲ ਸਿੰਘ ਹੀ ਬਚੇ ਹਨ। ਇਹ ਦੋਵੇਂ ਹੀ ਸਰੀਰਕ ਪੱਖੋਂ ਨਕਾਰਾ ਹਨ ਪਰ ਸਰਕਾਰੀ ਚੌਧਰੀਆਂ ਨੇ ਪੈਨਸ਼ਨ ਇਕੱਲੇ ਕੇਵਲ ਦੀ ਹੀ ਲਾਈ ਹੈ। ਉਸ ਨੂੰ ਸਿਰਫ 250 ਰੁਪਏ ਪ੍ਰਤੀ ਮਹੀਨਾ ਮਿਲਦੇ ਹਨ। ਚੱਲਣ ਫਿਰਨ ਤੋਂ ਆਹਰੀ ਇਨ੍ਹਾਂ ਲਾਚਾਰਾਂ ਦੀ ਪੈਨਸ਼ਨ ਵੀ ਪਿੰਡ ਦੇ ਧਰਮੀ ਲੋਕਾਂ ਦੇ ਸਹਾਰੇ ਦੀ ਉਡੀਕ ਕਰਦੀ ਹੈ। ਪਿੰਡ ਦੇ ਨੌਜਵਾਨ ਸਮਾਜ ਸੇਵੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਦਾ ਦੁੱਖ ਜਰਿਆ ਨਹੀਂ ਜਾਂਦਾ। ਇਹ ਦੋਵੇਂ ਭਰਾ ਐਨੇ ਮਜਬੂਰ ਹਨ ਕਿ ਮੰਜੇ ਤੋਂ ਉੱਠ ਵੀ ਨਹੀਂ ਸਕਦੇ। ਇਨ੍ਹਾਂ ਦਾ ਖਾਣਾ-ਪੀਣਾ ਆਮ ਲੋਕਾਂ 'ਤੇ ਨਿਰਭਰ ਹੈ। ਆਂਢੀ-ਗੁਆਂਢੀ ਹੀ ਲੰਘਦੇ ਟੱਪਦੇ ਇਨ੍ਹਾਂ ਨੂੰ ਚਾਹ ਦੀ ਘੁੱਟ ਤੇ ਰੋਟੀ -ਟੁੱਕ ਫੜਾ ਜਾਂਦੇ ਹਨ। ਇਸ ਸੰਤਾਪ ਭੋਗਦਿਆਂ ਇਨ੍ਹਾਂ ਨੂੰ 35 ਸਾਲ ਹੋ ਗਏ ਹਨ।



ਕੋਈ ਕਿਸੇ ਸਿਆਸੀ ਪਾਰਟੀ ਕਿਸੇ ਅਧਿਕਾਰੀ ਜਾਂ ਕਿਸੇ ਦਾਨੀ ਸੱਜਣ ਨੇ ਇਨ੍ਹਾਂ ਦੀ ਬਾਂਹ ਨਹੀਂ ਫੜੀ। ਜੇਕਰ ਆਜ਼ਾਦੀ ਦਿਹਾੜਿਆਂ 'ਤੇ ਵੰਡੇ ਜਾਂਦੇ ਟਰਾਈ-ਸਾਈਕਲਾਂ 'ਚੋਂ ਇਕ ਇਨ੍ਹਾਂ ਨੂੰ ਮਿਲ ਜਾਂਦਾ ਤਾਂ ਕਦੇ ਨਾ ਕਦੇ ਕੋਈ ਧੱਕ ਕੇ ਇਨ੍ਹਾਂ ਅਭਾਗਿਆਂ ਨੂੰ ਬਾਹਰ ਦੀ ਦੁਨੀਆਂ ਹੀ ਦਿਖਾ ਦਿੰਦਾ ਪਰ ਹੁਣ ਤਾਂ ਉਹ ਵੀ ਸੰਭਵ ਨਹੀਂ।

ਉਂਝ ਭਾਵੇਂ ਪਿੰਡ ਦੇ ਸਰਦੇ ਪੁੱਜਦੇ ਲੋਕਾਂ, ਸਿਆਸੀ ਪਾਰਟੀਆਂ ਤੇ ਹੋਰ ਸਮਾਜ ਸੇਵੀ ਕਲੱਬਾਂ ਨੂੰ ਇਨ੍ਹਾਂ ਦਾ ਥਹੁ-ਪਤਾ ਨਹੀਂ ਲੱਗਦਾ ਪਰ ਵੋਟਾਂ ਸਮੇਂ ਕੋਈ ਨਾ ਕੋਈ ਇਨ੍ਹਾਂ ਨੂੰ ਲੱਦ ਕੇ ਜ਼ਰੂਰ ਲੈ ਜਾਂਦਾ ਹੈ। ਕੋਈ ਹੋਰ ਸਹਾਰਾ ਨਾ ਹੋਣ ਕਾਰਨ ਇਨ੍ਹਾਂ ਨੂੰ ਨਹਾਤਿਆਂ ਵੀ ਮਹੀਨਾ-ਮਹੀਨਾ ਬੀਤ ਜਾਂਦਾ ਹੈ।

ਸਥਾਨਕ ਪ੍ਰਸ਼ਾਸਨ ਤੋਂ ਅੱਜ ਤੱਕ ਇਨ੍ਹਾਂ ਗਰੀਬਾਂ ਨੂੰ ਫੁੱਟੀ ਕੌਡੀ ਵੀ ਨਹੀਂ ਸਰੀ। ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵੀ ਬੇਖਬਰ ਹੈ। ਪਿੰਗਲਵਾੜੇ ਦੇ ਪ੍ਰਬੰਧਕਾਂ ਨੂੰ ਵੀ ਅਜੇ ਤੱਕ ਇਨ੍ਹਾਂ ਪ੍ਰਤੀ ਦਰਦ ਨਹੀਂ ਜਾਗਿਆ ਅਤੇ ਨਾ ਹੀ ਕਿਸੇ ਸਮਾਜ ਸੇਵੀ ਸੰਸਥਾ ਨੇ ਇਨ੍ਹਾਂ ਨੂੰ ਆਪਣੀ ਸੂਚੀ 'ਚ ਸ਼ਾਮਲ ਕੀਤਾ ਹੈ।

## ਬੁੱਲੇ ਸ਼ਾਹ ਏ ਬਾਤ ਇਸ਼ਾਰੇ ਦੀ

# ਹੈ ਕੋਈ ਇਸ 'ਤਮਾਸ਼ੇ' ਦਾ ਹੱਲ ?



ਤਰਲੋਚਨ ਸਿੰਘ ਦੁਪਾਲਪੁਰ
001-408-903-9952

ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਨਵੀਂ ਪਾਰਟੀ ਦਾ ਐਲਾਨ ਕਰਨ ਲਈ ਸ਼ਹੀਦ ਭਗਤ ਸਿੰਘ ਦੀ ਜੰਮਣ ਭੋਇੰ ਪਿੰਡ ਖਟਕੜ ਕਲਾਂ ਵਿਖੇ ਇਕ ਬਹੁਤ ਵੱਡਾ ਇਕੱਠ ਕੀਤਾ। ਨਿਰਪੱਖ ਦਰਸ਼ਕਾਂ ਅਨੁਸਾਰ ਲੱਖਾਂ ਲੋਕਾਂ ਦਾ ਇਕੱਠ ਹੋਇਆ। ਉਹ ਬੜੇ ਜਜ਼ਬਾਤੀ ਪਲ ਸਨ, ਜਦੋਂ ਮਨਪ੍ਰੀਤ ਤੇ ਉਸਦੇ ਚੋਣਵੇਂ ਸਾਥੀਆਂ ਨੇ ਖਟਕੜਾਂ ਦੀ ਮਿੱਟੀ ਆਪਣੀਆਂ ਮੁੱਠਾਂ 'ਚ ਲੈ ਕੇ, ਜਨਤਾ-ਜਨਾਰਧਨ ਦੇ ਸਾਹਮਣੇ ਸ਼ਹੀਦ ਭਗਤ ਸਿੰਘ ਦੇ ਨਾਮ ਦੀ ਸੌਗੰਧ ਚੁੱਕੀ ਕਿ ਉਹ ਨਵੀਂ ਪਾਰਟੀ ਬਣਾ ਕੇ ਪੰਜਾਬ 'ਚ ਇਨਕਲਾਬੀ ਤਬਦੀਲੀ ਲੈ ਆਉਣਗੇ। ਹੋਰਾਂ ਤੋਂ ਇਲਾਵਾ ਮਨਪ੍ਰੀਤ ਦੇ ਸਾਥੀਆਂ ਵਿਚ ਉਸ ਦੀ ਸੱਜੀ ਬਾਂਹ ਸਮਝਿਆ ਜਾਂਦਾ ਮਾਲਵੇ ਦਾ ਇਕ ਬਰਾੜ ਸਰਦਾਰ ਵੀ ਸੀ। ਪੰਜਾਬ ਦੇ ਲੋਕਾਂ ਨੂੰ ਨਿਆਂ ਵਾਲਾ ਰਾਜ ਪ੍ਰਬੰਧ ਦੇਣ ਲਈ, ਸੰਵਿਧਾਨ ਦੀ ਸਹੁੰ ਚੁੱਕ ਕੇ ਬਣੇ ਹੋਏ ਉਪ ਮੁੱਖ ਮੰਤਰੀ ਨੇ ਉਸ ਬਰਾੜ ਦਾ ਸ਼ਿਕੰਜਾ ਕਸਣ ਲਈ ਉਸਦੇ ਅਤੇ ਉਸਦੇ ਪਰਿਵਾਰਕ ਮੈਂਬਰਾਂ ਉਤੇ ਧੜਾਧੜ ਕੇਸ ਬਣਾਉਣੇ ਸ਼ੁਰੂ ਕਰ ਦਿੱਤੇ।

'ਮਰਦਾ ਕੀ ਨਾ ਕਰਦਾ ?'.. ਬਰਾੜ ਜੀ ਹੁਣੀਂ ਐਲਾਨ ਕਰ ਦਿੱਤਾ ਕਿ ਮਨਪ੍ਰੀਤ ਬਾਦਲ, ਸ਼ਹੀਦ ਭਗਤ ਸਿੰਘ ਦੀ ਸੋਚ 'ਤੇ 'ਕਾਇਮ' ਨਹੀਂ ਰਿਹਾ। ਇਸ ਕਰਕੇ ਮੈਂ ਪੀਪਲਜ਼ ਪਾਰਟੀ ਦਾ ਸਾਥ ਛੱਡ ਕੇ ਡਿਪਟੀ ਮੁੱਖ ਮੰਤਰੀ ਦੇ 'ਦਲ' ਵਿਚ ਸ਼ਾਮਲ ਹੋ ਰਿਹਾ ਹਾਂ। ਅਖ਼ਬਾਰਾਂ ਵਿਚ ਫੋਟੋਆਂ ਛਪੀਆਂ ਬਰਾੜ ਸਾਹਿਬ ਮੁਸਕਰਾਉਂਦੇ ਹੋਏ ਡਿਪਟੀ ਮੁੱਖ ਮੰਤਰੀ ਪਾਸੋਂ ਗਲ਼ 'ਚ ਪੀਲ਼ੇ ਰੰਗ ਦਾ ਪਰਨਾ ਪੁਆ ਰਹੇ ਹਨ। ਡਿਪਟੀ ਮੁੱਖ ਮੰਤਰੀ ਜੀ ਅਤੇ ਨਾਲ ਖੜ੍ਹੇ ਕੁਝ ਹੋਰ ਜੀ-ਹਜ਼ੂਰੀਏ ਖਿੜ ਖਿੜ ਹੱਸਦੇ ਦਿਸ ਰਹੇ ਹਨ। ਨਾਲ ਹੀ ਉਹਲਾਂ ਦਾ ਬੇਹੱਦ ਖੁਸ਼ਨੁਮਾ ਸ਼ਬਦਾਵਲੀ ਵਾਲਾ ਬਿਆਨ ਛਪਿਆ ਕਿ ਬਰਾੜ ਜੀ ਦੇ ਸਾਡੇ ਦਲ 'ਚ ਆ ਰਲਣ ਨਾਲ ਪੀਪਲਜ਼ ਪਾਰਟੀ ਦੀ ਮਾਲਵੇ 'ਚੋਂ 'ਪੂਰੀ ਸਫਾਈ' ਹੋ ਗਈ ਹੈ। (ਆਪਣੇ ਦੇਸ਼ ਵਿਚ ਅਮੀਰ ਘਰਾਂ 'ਚ ਗੰਦ ਮੰਦ ਹੂੰਝਣ ਵਾਲੀਆਂ ਬੀਬੀਆਂ, ਅੰਦਰ ਬਾਹਰ ਝਾੜੂ ਪੋਚੇ ਲਾ ਕੇ ਜਾਣ ਲੱਗੀਆਂ ਹੋਈਆਂ ਲੰਬੀ ਹੇਕ ਲਾ ਕੇ ਕਹਿੰਦੀਆਂ ਹੁੰਦੀਆਂ ਨੇ- "ਬੀਬੀ ਜੀ, ਮੈਂ 'ਪੂਰੀ ਸਫਾਈ' ਕਰ ਚੱਲੀ ਆਂ!") .. ਇਹ ਡਿਪਟੀ ਮੁੱਖ ਮੰਤਰੀ ਜੀ ਅਕਸਰ 23 ਮਾਰਚ ਵਾਲੇ ਭਗਤ ਸਿੰਘ ਦੇ ਸ਼ਹੀਦੀ ਦਿਨ 'ਤੇ ਖਟਕੜ ਕਲਾਂ ਵਿਖੇ ਪਹੁੰਚ ਕੇ, ਸ਼ਹੀਦ ਦੇ ਬੁੱਤ ਨੂੰ ਹਾਰ ਪਾਉਣ ਸਮੇਂ ਜੋਸ਼ੀਲੀ ਆਵਾਜ਼ 'ਚ ਭਾਸ਼ਣ ਦਿਆ ਕਰਦੇ ਨੇ" ..ਅਸੀਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਅਸਲ ਵਾਰਸ ਹਾਂ। ਸ਼ਹੀਦ ਦੀਆਂ ਸੋਚਾਂ 'ਤੇ ਸਾਡਾ ਦਲ ਹੀ 'ਠੋਕ ਕੇ' ਪਹਿਰਾ ਦੇ ਰਿਹਾ ਹੈ। ਆਓ ਆਪਾਂ ਸ਼ਹੀਦਾਂ ਦੇ ਰਹਿੰਦੇ ਸੁਪਨਿਆਂ ਨੂੰ 'ਸਾਕਾਰ' ਕਰੀਏ!" ... ਕਿਸੇ ਆਉਂਦੇ ਸਮਾਗਮ ਵਿਚ ਉਕਤ ਬਰਾੜ ਸਾ'ਬ ਵੀ ਇਨ੍ਹਾਂ ਹੀ ਸ਼ਬਦਾਂ ਵਾਲੀ 'ਮੋਹਾਰਨੀ' ਦੁਹਰਾ ਕੇ ਜੋਸ਼ੀਲਾ ਨਾਅਰਾ ਲਾਉਣਗੇ- 'ਸ਼ਹੀਦੇ ਆਜ਼ਮ ਭਗਤ ਸਿੰਘ ਜ਼ਿੰਦਾਬਾਦ!

---

# ਮਨਪ੍ਰੀਤ ਬਾਦਲ ਦੀ ਵਿਦੇਸ਼ ਫੇਰੀ ਦੇ ਪ੍ਰਭਾਵ

ਹਾਲ ਹੀ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਆਪਣੇ ਪੂਰੇ ਦਲ-ਬਲ ਦੇ ਨਾਲ ਅਮਰੀਕਾ ਅਤੇ ਕੈਨੇਡਾ ਦੇ ਦੌਰੇ ਉਤੇ ਪਹੁੰਚੇ। ਉਹਨਾਂ ਨੇ ਇਹਨਾਂ ਦੋਵੇਂ ਮੁਲਕਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਨਾਲ ਮੁਲਾਕਾਤਾਂ ਕੀਤੀਆਂ, ਰੈਲੀਆਂ ਕੀਤੀਆਂ ਅਤੇ ਆਪਣੇ ਉਦੇਸ਼ ਦੱਸਿਆ। ਇਹਨਾਂ ਰੈਲੀਆਂ ਤੋਂ ਆਕਰਸ਼ਿਤ ਹੋ ਕੇ ਦੋਵੇਂ ਮੁਲਕਾਂ ਵਿਚ ਵੱਸਦੇ ਪੰਜਾਬੀਆਂ ਨੇ ਉਹਨਾਂ ਦੇ ਵਿਚਾਰਾਂ ਨੂੰ ਬੜੇ ਗਹੁ ਨਾਲ ਸੁਣਿਆ ਅਤੇ ਉਹਨਾਂ ਨੂੰ ਭਰਪੂਰ ਹੱਲਾਸ਼ੇਰੀ ਵੀ ਦਿੱਤੀ ਹੈ। ਦੋਵੇਂ ਮੁਲਕਾਂ ਵਿਚ ਵੱਸਦੇ ਪੰਜਾਬੀਆਂ ਵਿਚ ਮਨਪ੍ਰੀਤ ਬਾਦਲ ਆਪਣਾ ਗਹਿਰਾ ਪ੍ਰਭਾਵ ਛੱਡਣ ਵਿਚ ਕਾਮਯਾਬ ਰਹੇ ਹਨ ਅਤੇ ਆਪਣੀਆਂ ਲੱਛੇਦਾਰ ਤਕਰੀਗਾਂ ਦੇ ਨਾਲ ਉਹਨਾਂ ਨੇ ਪੰਜਾਬੀ ਭਾਈਚਾਰੇ ਦੇ ਮਨ ਵਿਚ ਆਪਣੀ ਥਾਂ ਵੀ ਬਣਾ ਲਈ ਹੈ।

ਠੀਕ ਇਸੇ ਸਮੇਂ ਹੀ ਪੰਜਾਬ ਵਿਚ ਉਹਨਾਂ ਦੀ ਪਾਰਟੀ ਦੇ ਬਹੁਤ ਅਹਿਮ ਮੈਂਬਰ ਧੜਾਧੜ ਉਹਨਾਂ ਨੂੰ ਛੱਡ ਕੇ ਜਾ ਰਹੇ ਹਨ। ਹਾਲ ਹੀ ਵਿਚ ਵਰਿੰਦਰ ਸਿੰਘ ਬਾਜਵਾ ਨੇ ਉਹਨਾਂ ਦਾ ਪੱਲਾ ਫੜਿਆ ਅਤੇ ਕੁਝ ਹੀ ਦਿਨਾਂ ਵਿਚ ਛੱਡ ਦਿੱਤਾ। ਹੁਸ਼ਿਆਰਪੁਰ ਵਿਚ ਵਰਿੰਦਰ ਬਾਜਵਾ ਨੂੰ ਦੁਬਾਰਾ ਅਕਾਲੀ ਦਲ ਬਾਦਲ ਵਿਚ ਸ਼ਾਮਲ ਕਰਨ ਲਈ ਪਹੁੰਚੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਇਹ ਵੀ ਸ਼ੋਸ਼ਾ ਛੱਡ ਦਿੱਤਾ ਹੈ ਕਿ ਜੇਕਰ ਮਨਪ੍ਰੀਤ ਸਿੰਘ ਬਾਦਲ ਦੁਬਾਰਾ ਪਾਰਟੀ ਵਿਚ ਵਾਪਸ ਆਉਣਾ ਚਾਹੁੰਦੇ ਹਨ ਤਾਂ ਉਹਨਾਂ ਦਾ ਵੀ ਸਵਾਗਤ ਹੈ। ਮੁੱਖ ਮੰਤਰੀ ਨੇ ਬੇਸ਼ੱਕ ਇਹ ਗੱਲ ਕਿਸੇ ਗੁੱਝੀ ਰਾਜਨੀਤੀ ਵੱਸ ਕਹੀ ਹੋਵੇ ਅਤੇ ਉਹਨਾਂ ਦੇ ਨਾਲ ਲੱਗੇ ਲੀਡਰਾਂ ਦੇ ਮਨ ਵਿਚ ਸ਼ੰਕੇ ਪੈਦਾ ਕਰਨ ਲਈ ਕਹੀ ਹੋਵੇ, ਪਰ ਪੰਜਾਬ ਵਿਚ ਪੀਪਲਜ਼ ਪਾਰਟੀ ਆਫ ਪੰਜਾਬ ਦੇ ਮੈਂਬਰ ਸੋਚੀਂ ਪੈ ਗਏ ਹਨ ਕਿ ਆਖਿਰ ਅਜਿਹਾ ਕੀ ਹੋ ਗਿਆ ਕਿ ਮਨਪ੍ਰੀਤ ਬਾਦਲ ਵਿਦੇਸ਼ ਦੌਰੇ ਉਤੇ ਗਏ ਅਤੇ ਧੜਾਧੜ ਉਹਨਾਂ ਦੀ ਪਾਰਟੀ ਦੇ ਮੈਂਬਰ ਅਤੇ ਲੀਡਰ ਪਾਲ਼ਾ ਬਦਲਣ ਲੱਗ ਪਏ ਹਨ। ਪੰਜਾਬ ਵਿਚ ਹਾਲ ਦੇ ਦਿਨਾਂ ਵਿਚ ਕਈ ਅਹਿਮ ਲੀਡਰ ਮਨਪ੍ਰੀਤ ਬਾਦਲ ਦਾ ਸਾਥ ਛੱਡ ਚੁੱਕੇ ਹਨ। ਇਹਨਾਂ ਲੀਡਰਾਂ ਨੂੰ ਬੇਸ਼ੱਕ ਅਕਾਲੀ ਦਲ ਬਾਦਲ ਨੇ ਕਿਸੇ ਵੀ ਤਰੀਕੇ ਨਾਲ ਵਾਪਸ ਲਿਆਂਦਾ ਹੋਵੇ। ਇਹ ਵੀ ਅਫਵਾਹਾਂ ਹਨ ਕਿ ਬਾਦਲ ਦਲੀਏ ਬਾਗੀ ਲੀਡਰਾਂ ਨੂੰ ਛਲ, ਬਲ ਅਤੇ ਹੋਰ ਹਰ ਤਰੀਕੇ ਨਾਲ ਵਾਪਸ ਲਿਆਉਣ ਲਈ ਜੰਗੀ ਪੱਧਰ ਉਤੇ ਮੁਹਿੰਮ ਚਲਾ ਰਹੇ ਹਨ। ਬਹੁਤ ਸਾਰੇ ਲੀਡਰਾਂ ਨੂੰ ਪੁਲਿਸ ਦੁਆਰਾ ਧੜਾਧੜ ਕੇਸ ਬਣਾਏ ਜਾਣ ਦਾ ਡਰ ਵੀ ਦਿਖਾਇਆ ਜਾ ਰਿਹਾ ਹੈ ਅਤੇ ਬਹੁਤ ਸਾਰਿਆਂ ਨੂੰ ਵੱਡੇ ਵੱਡੇ ਲਾਲਚ ਵੀ ਦਿੱਤੇ ਜਾ ਰਹੇ ਹਨ। ਅਕਾਲੀ ਦਲ ਬਾਦਲ ਲਈ ਇਹ ਇਕ ਪ੍ਰੀਖਿਆ ਦੀ ਘੜੀ ਹੈ ਕਿਉਂਕਿ ਜੇਕਰ ਅਕਾਲੀ ਦਲ ਬਾਦਲ ਵਿਚੋਂ ਲੀਡਰ ਟੁੱਟ ਕੇ ਲਗਾਤਾਰ ਮਨਪ੍ਰੀਤ ਬਾਦਲ ਦੇ ਨਾਲ ਜਾਂਦੇ ਰਹਿੰਦੇ ਹਨ ਤਾਂ ਇਹ ਪਾਰਟੀ ਕਮਜ਼ੋਰ ਹੋ ਸਕਦੀ ਹੈ। ਹਾਲ ਹੀ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੁਦ ਪਾਰਟੀ ਦੀ ਕਮਾਨ ਸੰਭਾਲ ਕੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਕੁਝ ਸਮੇਂ ਲਈ ਪਿੱਛੇ ਕਰ ਦਿੱਤਾ ਹੈ। ਮੁੱਖ ਮੰਤਰੀ ਹੁਣ ਰੁੱਸੇ ਅਤੇ ਬਾਗੀ ਲੀਡਰਾਂ ਦੇ ਘਰੋ ਘਰੀ ਜਾ ਰਹੇ ਹਨ ਅਤੇ ਉਹਨਾਂ ਨੂੰ ਕਿਸੇ ਨਾ ਕਿਸੇ ਤਰੀਕੇ ਮਨਾ ਕੇ ਫਿਰ ਦੁਬਾਰਾ ਪਾਰਟੀ ਵਿਚ ਸ਼ਾਮਲ ਕਰ ਰਹੇ ਹਨ।

ਮਨਪ੍ਰੀਤ ਬਾਦਲ ਨੇ ਇਸ ਆਏ ਰਾਮ-ਗਏ ਰਾਮ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਪਰ ਉਹਨਾਂ ਦੇ ਮਨ ਵਿਚ ਕਿਤੇ ਨਾ ਕਿਤੇ ਜੇਕਰ ਸ਼ੰਕਾ ਹੈ ਤਾਂ ਉਹ ਜ਼ਰੂਰ ਇਹੀ ਹੋ ਸਕਦੀ ਹੈ ਕਿ ਸੱਤਾ ਵਿਚ ਰਹਿ ਕੇ ਪਾਰਟੀ ਉਤੇ ਸ਼ਾਸਨ ਕਰ ਰਿਹਾ ਉਹਨਾਂ ਦਾ ਆਪਣਾ ਹੀ ਪਰਿਵਾਰ ਕਿਸ ਤਰ੍ਹਾਂ ਉਹਨਾਂ ਨੂੰ ਖੂੰਜੇ ਲਗਾਉਣ ਲਈ ਹਰ ਕਿਸਮ ਦਾ ਹਰਬਾ ਵਰਤ ਰਿਹਾ ਹੈ। ਮਨਪ੍ਰੀਤ ਬਾਦਲ ਇਕ ਵਧੀਆ ਬੁਲਾਰੇ ਹਨ, ਉਹਨਾਂ ਦੇ ਕੋਲ ਚੰਗਾ ਵਿਜ਼ਨ ਵੀ ਹੈ ਅਤੇ ਉਹ ਪੰਜਾਬ ਸਰਕਾਰ ਵਿਚ ਰਹਿ ਕੇ ਤਜਰਬੇਕਾਰ ਵੀ ਹੋ ਗਏ ਹਨ। ਉਹਨਾਂ ਤੋਂ ਪੰਜਾਬ ਦੀ ਮਾਲੀ ਹਾਲਤ ਲੁਕੀ ਹੋਈ ਨਹੀਂ ਹੈ ਅਤੇ ਨਾ ਹੀ ਉਹਨਾਂ ਨੂੰ ਪੰਜਾਬ ਦੀ ਰਾਜਨੀਤੀ ਅਤੇ ਖਾਸ ਕਰਕੇ ਅਕਾਲੀ ਰਾਜਨੀਤੀ ਤੋਂ ਅਣਜਾਣ ਕਿਹਾ ਜਾ ਸਕਦਾ ਹੈ। ਇਸ ਸਭ ਵਿਚਕਾਰ ਹੀ ਮਨਪ੍ਰੀਤ ਬਾਦਲ ਬੇਸ਼ੱਕ ਲੋਕਾਂ ਨੂੰ ਆਪਣੀਆਂ ਤਕਰੀਰਾਂ ਨਾਲ ਖਿੱਚਣ ਵਿਚ ਕਾਮਯਾਬ ਹੁੰਦੇ ਹਨ ਪਰ ਜਦੋਂ ਤੱਕ ਉਹ ਪਾਰਟੀ ਨੂੰ ਲੱਗੇ ਰਹੇ ਖੋਰੇ ਨੂੰ ਰੋਕ ਕੇ ਅੱਗੇ ਨਹੀਂ ਵਧਦੇ, ਉਹਨਾਂ ਲਈ ਪੰਜਾਬ ਵਿਚ ਆਪਣੀ ਪਾਰਟੀ ਨੂੰ ਸਥਾਪਤ ਕਰਨਾ ਇਕ ਮੁਸ਼ਕਿਲ ਕੰਮ ਹੋਵੇਗਾ। ਕਿਸੇ ਵੇਲੇ ਦਿੱਲੀ ਵਿਚ ਕੈਬਨਿਟ ਮੰਤਰੀ ਰਹਿਣ ਤੋਂ ਬਾਅਦ ਬਲਵੰਤ ਸਿੰਘ ਰਾਮੂਵਾਲੀਆ ਨੇ ਵੀ ਪੰਜਾਬ ਵਿਚ ਆ ਕੇ ਲੋਕ ਭਲਾਈ ਪਾਰਟੀ ਖੜ੍ਹੀ ਕੀਤੀ ਸੀ। ਉਹ ਵੀ ਲੱਛੇਦਾਰ ਤਕਰੀਗਾਂ ਦੇ ਕੇ ਪੰਜਾਬੀਆਂ ਦੇ ਇਕ ਵੱਡੇ ਵਰਗ ਨੂੰ ਆਪਣੇ ਨਾਲ ਜੋੜਨ ਵਿਚ ਕਾਮਯਾਬ ਰਹੇ ਸਨ ਅਤੇ ਦੋ ਵਾਰ ਉਹਨਾਂ ਨੇ ਪੰਜਾਬ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ਉਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ ਸਨ। ਕਈ ਵਿਧਾਨ ਸਭਾ ਹਲਕਿਆਂ ਵਿਚ ਉਹਨਾਂ ਦੀ ਪਾਰਟੀ ਨੂੰ ਵਧੀਆ ਵੋਟਾਂ ਮਿਲੀਆਂ ਸਨ, ਜਿਸ ਕਰਕੇ ਇਹ ਆਸ ਜਾਗੀ ਸੀ ਕਿ ਪੰਜਾਬ ਵਿਚ ਜਲਦੀ ਹੀ ਤੀਜੀ ਧਿਰ ਖੜ੍ਹੀ ਹੋ ਜਾਵੇਗੀ, ਪਰ ਸਮਾਂ ਪਾ ਕੇ ਉਹਨਾਂ ਦੀ ਪਾਰਟੀ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ। ਮਨਪ੍ਰੀਤ ਬਾਦਲ ਨੂੰ ਅੱਗੇ ਵਧਣਾ ਚਾਹੀਦਾ ਹੈ ਅਤੇ ਖੋਰਾ ਲੱਗਣ ਤੋਂ ਬਚਾਅ ਕਰਨਾ ਚਾਹੀਦਾ ਹੈ।

RADIO CHARDI KALA

ਰੇਡੀਓ ਚੜ੍ਹਦੀ ਕਲਾ

ਸਭ ਤੋਂ ਵਧੀਆ ਕੁਆਲਟੀ ਦਾ ਰੇਡੀਓ

ਪ੍ਰੋਗਰਾਮ ਸੁਣਨ ਲਈ 24 ਘੰਟੇ 7 ਦਿਨ ਘਰ-ਘਰ ਚੱਲਣ ਵਾਲਾ ਰੇਡੀਓ।
ਹੁਣ ਤੁਸੀਂ ਵਧੀਆ ਕੁਆਲਟੀ ਦਾ ਰੇਡੀਓ ਸੈਟ ਖਰੀਦ ਸਕਦੇ ਹੋ,
ਜੋ ਹਰ ਘਰ ਵਿਚ ਚਾਹੇ ਕਿਚਨ, ਬੈਡਰੂਮ ਜਾਂ ਲਿਵਿੰਗ ਰੂਮ ਵਿਚ ਹੋਵੇ,
ਵਿਚ ਬਹੁਤ ਹੀ ਸਾਫ ਆਵਾਜ਼ ਵਿਚ ਸੁਣ ਸਕਦੇ ਹੋ।

ਕੀਮਤ $29.99

ਰੇਡੀਓ ਲੈਣ ਲਈ ਸੰਪਰਕ ਕਰੋ : - ਕੈਸ਼ ਫੈਬਰਿਕਸ : ਹੇਵਰਡ 510-538-113, ਪਰੀਤ ਫੈਬਰਿਕਸ ਤੇ ਅਪਲਾਇੰਸਸ ਫਰੀਮਾਂਟ 510-797-711, ਰੌਇਲ ਬਾਜ਼ਾਰ ਸੈਨੋਹੋਜ਼ੇ 408-272-0202,
ਸਿਧਾਰਥਾ ਇੰਟਰਨੈਸ਼ਨਲ, ਫਰੀਮਾਂਟ 510-792-850, ਰੌਸ਼ਨੀ ਫੈਬਰਿਕਸ ਐਂਡ ਗਰੌਸਰੀ, ਯੂਨੀਅਨ ਸਿਟੀ 510-487-5141

ਦੇਸੀ ਰੇਡੀਓ SOUNDS OF THE 5 RIVERS DESI RADIO 1602AM

ਦੇਸੀ ਵਰਲਡ ਰੇਡੀਓ ਵੱਲੋਂ ਰੇਡੀਓ ਚੜ੍ਹਦੀਕਲਾ ਪ੍ਰਮਾਣਤ ਰੇਡੀਓ ਹੈ

ਗੁਰਚਰਨ ਸਿੰਘ ਮਾਨ 510-557-0061
mann@radiock.com


ਲਖਬੀਰ ਸਿੰਘ 510-760-9882
lakhbir@radiock.com

Radio Chardi kala, P.O. Box 296, Fremont,CA 94537

Ph. : 510-972-0820 FAX: 510-431-1326
www.radiock.com

## ਸੈਰ-ਸਪਾਟਾ

# ਦੁਨੀਆ ਦੇ ਸਭ ਤੋਂ ਸਸਤੇ ਸ਼ਹਿਰ



ਤੁਰਕਮੇਨਿਸਤਾਨ ਦਾ ਸ਼ਹਿਰ ਅਸ਼ਖਾਬਾਦ

1970 'ਚ ਬਹਾਮਾਸ ਅਤੇ 60 ਦੇ ਦਹਾਕੇ 'ਚ ਪੈਰਿਸ ਵਰਗੇ ਜੋ ਸ਼ਹਿਰ ਕਿਫਾਇਤੀ ਸਮਝੇ ਜਾਂਦੇ ਸਨ, ਉਥੇ ਹੀ ਹੁਣ ਇਹ ਸ਼ਹਿਰ ਬਿਲਕੁਲ ਵੀ ਕਿਫਾਇਤੀ ਨਹੀਂ ਰਹੇ। ਉਂਝ ਅਜੇ ਵੀ ਦੁਨੀਆ 'ਚ ਕਈ ਅਜਿਹੇ ਸ਼ਹਿਰ ਹਨ, ਜੋ ਕਾਫੀ ਹੱਦ ਤਕ ਕਿਫਾਇਤੀ ਹਨ ਅਤੇ ਇਥੇ ਰਹਿਣਾ ਅਤੇ ਛੁੱਟੀਆਂ ਬਿਤਾਉਣਾ ਵੀ ਤੁਹਾਡੀ ਜੇਬ 'ਤੇ ਬਹੁਤਾ ਬੋਝ ਨਹੀਂ ਪਾਉਂਦਾ।

ਅੰਤਰਰਾਸ਼ਟਰੀ ਕੰਸਲਟਿੰਗ ਫਰਮ ਮਰਸਰ ਨੇ ਹੁਣੇ ਜਿਹੇ ਇਕ ਸਰਵੇਖਣ ਕੀਤਾ ਹੈ, ਜਿਸ 'ਚ ਬਹੁਰਾਸ਼ਟਰੀ ਕੰਪਨੀਆਂ ਦੇ ਕਰਮਚਾਰੀਆਂ ਦੇ ਰਹਿਣ ਦੇ ਖਰਚਿਆਂ ਪੱਖੋਂ ਦੁਨੀਆ ਦੇ ਵੱਖ-ਵੱਖ ਸ਼ਹਿਰਾਂ ਦਾ ਅਧਿਐਨ ਕੀਤਾ ਗਿਆ। ਇਸ ਆਧਾਰ 'ਤੇ ਦੁਨੀਆ ਦੇ ਸ਼ਹਿਰਾਂ ਨੂੰ ਰੈਂਕਿੰਗ ਦਿੱਤੀ ਗਈ ਹੈ। ਇਸ ਅਧਿਐਨ 'ਚ ਇਕ ਔਸਤ ਵਿਅਕਤੀ ਦੇ ਸਨਮਾਨਪੂਰਵਕ ਠੀਕ-ਠਾਕ ਜਿਊਣ 'ਤੇ ਹੋਣ ਵਾਲੇ ਖਰਚੇ ਦਾ ਮੁਲਾਂਕਣ ਕੀਤਾ ਗਿਆ ਹੈ।

ਇਸ ਸਰਵੇਖਣ ਲਈ ਕੰਪਨੀ ਨੇ 214 ਸ਼ਹਿਰਾਂ 'ਚ 200 ਤੋਂ ਵਧੇਰੇ ਚੀਜ਼ਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਬਾਰੇ ਤੁਲਨਾ ਕੀਤੀ।

ਉਂਝ ਇਸ ਸਰਵੇਖਣ 'ਚ ਜਿਹੜੇ ਸ਼ਹਿਰਾਂ ਨੂੰ ਸਭ ਤੋਂ ਵਧੇਰੇ ਕਿਫਾਇਤੀ ਦੱਸਿਆ ਗਿਆ ਹੈ, ਉਨ੍ਹਾਂ 'ਚੋਂ ਸਾਰੇ ਪਰਿਵਾਰ ਸਮੇਤ ਰਹਿਣ ਲਈ ਠੀਕ ਨਹੀਂ ਹਨ। ਲੀਬੀਆ ਦਾ ਸ਼ਹਿਰ ਤ੍ਰਿਪੋਲੀ ਬਿਨਾਂ ਸ਼ੱਕ ਸਸਤਾ ਹੋਵੇ ਪਰ ਉਥੇ ਰਹਿਣ ਦਾ ਮਤਲਬ ਹੈ ਕਿ ਤੁਸੀਂ ਹਰ ਵੇਲੇ ਗੋਲੀਆਂ ਅਤੇ ਰਾਕੇਟਾਂ ਦੇ ਖਤਰੇ 'ਤੇ ਹੋ।

ਕਿਫਾਇਤੀ ਸ਼ਹਿਰਾਂ 'ਚੋ ਕਈ ਵਿਕਾਸਸ਼ੀਲ ਦੇਸ਼ਾਂ 'ਚ ਹਨ ਪਰ ਇਨ੍ਹਾਂ 'ਚੋਂ ਸਾਰੇ ਲੋਅ ਕੋਸਟ ਨਹੀਂ ਹਨ।

ਸਰਵੇਖਣ 'ਚ ਦੁਨੀਆ ਦਾ ਸਭ ਤੋਂ ਮਹਿੰਗਾ ਸ਼ਹਿਰ ਅੰਗੋਲਾ 'ਚ ਸਥਿਤ ਲੁਆਂਡਾ ਹੈ, ਜਿਸ ਪਿੱਛੋਂ ਜਾਪਾਨ ਦੀ ਰਾਜਧਾਨੀ ਟੋਕੀਓ ਅਤੇ ਚਾਡ ਦੀ ਰਾਜਧਾਨੀ ਐਂਜਮਾਨਾ ਨੂੰ ਸਥਾਨ ਮਿਲਿਆ ਹੈ।

ਸਭ ਤੋਂ ਕਿਫਾਇਤੀ ਸ਼ਹਿਰਾਂ 'ਚ ਪਹਿਲੇ ਸਥਾਨ 'ਤੇ ਹੈ ਪਾਕਿਸਤਾਨ ਦਾ ਸ਼ਹਿਰ ਕਰਾਚੀ। ਅਰਬ ਸਾਗਰ ਦੇ ਕੰਢੇ 'ਤੇ ਸਥਿਤ ਇਹ ਸ਼ਹਿਰ ਪਾਕਿਸਤਾਨ ਦੀ ਆਰਥਿਕ ਰਾਜਧਾਨੀ ਦੇ ਰੂਪ 'ਚ ਵੀ ਜਾਣਿਆ ਜਾਂਦਾ ਹੈ। ਇਸ ਸੂਚੀ 'ਚ ਸ਼ਾਮਲ ਸ਼ਹਿਰਾਂ 'ਚ ਕਈ ਚੀਜ਼ਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਦੀ ਤੁਲਨਾ ਕੀਤੀ ਗਈ ਹੈ, ਜਿਨ੍ਹਾਂ 'ਚ ਇਥੇ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ ਵੀ ਸ਼ਾਮਲ ਰਿਹਾ। ਇਸ ਸ਼ਹਿਰ 'ਚ ਇਸ ਦਾ ਕਿਰਾਇਆ 292.90 ਡਾਲਰ ਹੈ। ਨਿਕਾਰਗੁਆ 'ਚ ਸਥਿਤ ਮਨਾਗੁਆ ਦੁਨੀਆ ਦਾ ਦੂਜਾ ਸਭ ਤੋਂ ਕਿਫਾਇਤੀ ਸ਼ਹਿਰ ਹੈ। ਨਿਕਾਰਗੁਆ ਦੀ ਇਸ ਰਾਜਧਾਨੀ ਅਤੇ ਆਰਥਿਕ ਕੇਂਦਰ 'ਚ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 800 ਡਾਲਰ ਹੈ।

ਬੋਲੀਵੀਆ ਦੇ ਸ਼ਹਿਰ ਲਾ ਪੇਜ ਨੂੰ ਦੁਨੀਆ 'ਚ ਤੀਜਾ ਸਭ ਤੋਂ ਕਿਫਾਇਤੀ ਸ਼ਹਿਰ ਹੋਣ ਦਾ ਦਰਜਾ ਮਿਲਿਆ ਹੈ। ਦੁਨੀਆ ਦੀ ਸਭ ਤੋਂ ਵਧੇਰੇ ਉਚਾਈ 'ਤੇ ਸਥਿਤ ਇਹ ਸਮੁੰਦਰ ਤਲ ਤੋਂ 11,800 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਥੇ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 650 ਡਾਲਰ ਹੈ। ਇਥੋਪੀਆ ਦੀ ਰਾਜਧਾਨੀ ਏਡਿਸ ਅਬਾਬਾ 'ਚ ਲੱਗਭਗ 30 ਲੱਖ ਲੋਕ ਰਹਿੰਦੇ ਹਨ। ਦੁਨੀਆ ਦਾ ਇਹ ਚੌਥਾ ਸਭ ਤੋਂ ਕਿਫਾਇਤੀ ਸ਼ਹਿਰ ਇਥੋਪੀਆ ਦਾ ਮੁੱਖ ਨਿਰਯਾਤ ਕੇਂਦਰ ਹੈ।ਕਿਰਗਿਸਤਾਨ ਦੀ ਰਾਜਧਾਨੀ ਬਿਸ਼ਕੇਕ ਨੂੰ ਸਰਵੇਖਣ 'ਚ ਪੰਜਵਾਂ ਸਥਾਨ ਮਿਲਿਆ ਹੈ। ਇਥੇ ਦੋ ਫ੍ਰੀ ਇਕਨੋਮਿਕ ਜ਼ੋਨਸ ਸਥਿਤ ਹਨ, ਜਿਥੇ ਨਿਵੇਸ਼ ਕਰਨ 'ਤੇ ਸਰਕਾਰ ਤੋਂ ਕਈ ਤਰ੍ਹਾਂ ਦੀ ਛੋਟ ਮਿਲਦੀ ਹੈ। ਇਥੇ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 700 ਡਾਲਰ ਹੈ।

ਟੌਪ ਟੈੱਨ 'ਚ ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵੀ ਸ਼ਾਮਲ ਹੈ। ਛੇਵਾਂ ਸਥਾਨ ਹਾਸਲ ਕਰਨ ਵਾਲੇ ਇਸ ਸ਼ਹਿਰ 'ਚ ਕਈ ਮੁੱਖ ਸੰਸਥਾਵਾਂ ਸ਼ਾਮਲ ਹਨ, ਜਿਨ੍ਹਾਂ 'ਚ ਇਸਲਾਮਾਬਾਦ ਸਟਾਕ ਐਕਸਚੇਂਜ ਅਤੇ ਇਕ ਵਿਕਸਿਤ ਹੁੰਦਾ ਆਈ. ਟੀ. ਸੈਕਟਰ ਸ਼ਾਮਲ ਹੈ। ਇਥੇ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 800 ਡਾਲਰ ਹੈ। ਦੁਨੀਆ ਦਾ ਸੱਤਵਾਂ ਸਭ ਤੋਂ ਮਹਿੰਗਾ ਸ਼ਹਿਰ ਹੈ ਹੋਂਡੂਰਾਸ ਦਾ ਤੇਗੁਸਿਗਾਲਪਾ। ਕਿਸੇ ਵੇਲੇ ਇਕ ਮਾਈਨਿੰਗ ਸੈਂਟਰ ਦੇ ਰੂਪ 'ਚ ਵਿਕਸਿਤ ਕੀਤੇ ਗਏ ਇਸ ਸ਼ਹਿਰ 'ਚ ਗਰੀਬੀ, ਅਢੁੱਕਵੇਂ ਇਨਫਰਾਸਟਰੱਕਚਰ ਵਰਗੀਆਂ ਕਈ ਸਮੱਸਿਆਵਾਂ ਹਨ। ਇਸ ਸ਼ਹਿਰ 'ਚ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 582.32 ਡਾਲਰ ਹੈ।

ਟਿਊਨੀਸ਼ੀਆ ਦੇ ਸਭ ਤੋਂ ਵੱਡੇ ਸ਼ਹਿਰ ਅਤੇ ਰਾਜਧਾਨੀ ਟਿਊਨਿਸ ਨੂੰ ਇਸ ਸੂਚੀ 'ਚ ਅੱਠਵੇਂ ਸਭ ਤੋਂ ਕਿਫਾਇਤੀ ਸ਼ਹਿਰ ਦਾ ਸਥਾਨ ਮਿਲਿਆ ਹੈ। ਇਹ ਸ਼ਹਿਰ ਇਸ ਦੇਸ਼ ਦੀਆਂ ਆਰਥਿਕ ਅਤੇ ਰਾਜਨੀਤਕ ਸਰਗਰਮੀਆਂ ਦਾ ਕੇਂਦਰ ਹੈ। ਇਸ ਸ਼ਹਿਰ 'ਚ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 458.84 ਡਾਲਰ ਹੈ।

ਦੁਨੀਆ ਦੇ ਨੌਵੇਂ ਸਭ ਤੋਂ ਕਿਫਾਇਤੀ ਸ਼ਹਿਰ ਦਾ ਦਰਜਾ ਮਿਲਿਆ ਹੈ ਤੁਰਕਮੇਨਿਸਤਾਨ ਦੇ ਸ਼ਹਿਰ ਅਸ਼ਖਾਬਾਦ ਨੂੰ। ਇਹ ਰਾਜਧਾਨੀ ਸ਼ਹਿਰ ਸਰਕਾਰ ਦਾ ਮੁਖ ਕੇਂਦਰ ਹੈ। ਕਈ ਸੰਭਾਵਨਾਵਾਂ ਵਿਚਾਲੇ ਇਥੇ ਸਰਕਾਰੀ ਕੰਟਰੋਲ ਕਾਰਨ ਵਿਕਾਸ 'ਚ ਤੇਜ਼ੀ ਨਹੀਂ ਆ ਸਕੀ। ਇਸ ਸ਼ਹਿਰ 'ਚ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 500 ਡਾਲਰ ਹੈ। ਸੂਚੀ 'ਚ ਦਸਵਾਂ ਸਥਾਨ ਮਿਲਿਆ ਹੈ ਮਾਊਰਿਤਾਨੀਆ ਦੀ ਰਾਜਧਾਨੀ ਨਵਾਕਸੂਤ ਨੂੰ। ਬੰਦਰਗਾਹ 'ਤੇ ਸਥਿਤ ਇਸ ਸ਼ਹਿਰ ਦੇ ਕੋਲ ਹੀ ਸਮੁੰਦਰ 'ਚ ਤੇਲ ਵੀ ਲੱਭਿਆ ਗਿਆ ਹੈ। ਇਸ ਸ਼ਹਿਰ 'ਚ ਅਨਫਰਨਿਸ਼ਡ ਟੂ ਬੈੱਡਰੂਮ ਲਗਜ਼ਰੀ ਅਪਾਰਟਮੈਂਟ ਦਾ ਮਹੀਨੇ ਦਾ ਕਿਰਾਇਆ 529.91 ਡਾਲਰ ਹੈ।

ਸੂਚੀ 'ਚ ਭਾਰਤ ਦੇ ਕੋਲਕਾਤਾ ਨੂੰ 12ਵੀਂ, ਜਦਕਿ ਚੇਨਈ ਨੂੰ 21ਵਾਂ ਸਥਾਨ ਮਿਲਿਆ ਹੈ। ਭਾਰਤ ਦੇ ਮਹਿੰਗੇ ਸ਼ਹਿਰਾਂ 'ਚ ਨਵੀਂ ਦਿੱਲੀ ਅਤੇ ਮੁੰਬਈ ਸ਼ਾਮਲ ਹਨ, ਜਿਨ੍ਹਾਂ ਨੂੰ ਕ੍ਰਮਵਾਰ 85ਵਾਂ ਅਤੇ 95ਵਾਂ ਸਥਾਨ ਮਿਲਿਆ ਹੈ। ਅਮੇਰਿਕੀ ਰਾਜ ਨੋਰਥ ਕੈਰੋਲਿਨਾ 'ਚ ਸਥਿਤ ਸ਼ਹਿਰ ਵਿੰਸਟਨ ਸਾਲੇਮ ਨੂੰ ਦੁਨੀਆ ਦਾ 18ਵਾਂ ਸਭ ਤੋਂ ਕਿਫਾਇਤੀ ਸ਼ਹਿਰ ਦੱਸਿਆ ਜਾ ਰਿਹਾ ਹੈ।

# ਅਨੋਖੀਆਂ ਕ੍ਰਿਸਟਲ ਗੁਫਾਵਾਂ

ਪ੍ਰਾਚੀਨ ਇਨਸਾਨ ਤੇ ਗੁਫਾਵਾਂ 'ਚ ਇਕ ਡੂੰਘਾ ਰਿਸ਼ਤਾ ਹੈ। ਜਦੋਂ ਇਨਸਾਨ ਨੇ ਮਕਾਨ ਬਣਾ ਕੇ ਸਮੂਹਾਂ 'ਚ ਰਹਿਣਾ ਨਹੀਂ ਸਿੱਖਿਆ ਸੀ ਤੇ ਜਦੋਂ ਉਹ ਸਮਾਜਿਕ ਪ੍ਰਾਣੀ ਨਹੀਂ ਬਣਿਆ ਸੀ ਤਾਂ ਗੁਫਾਵਾਂ ਹੀ ਉਸ ਦੇ ਸਿਰ ਲੁਕਾਉਣ ਦਾ ਸਾਧਨ ਬਣਦੀਆਂ ਸਨ। ਬਿਨਾਂ ਸ਼ੱਕ ਅੱਜ ਇਨਸਾਨ ਸਦੀਆਂ ਤੋਂ ਸ਼ਹਿਰਾਂ-ਕਸਬਿਆਂ 'ਚ ਰਹਿਣ ਲੱਗਾ ਹੈ ਪਰ ਪ੍ਰਾਚੀਨ ਗੁਫਾਵਾਂ ਇਨਸਾਨ ਨੂੰ ਹਮੇਸ਼ਾ ਹੀ ਆਕਰਸ਼ਿਤ ਕਰਦੀਆਂ ਰਹੀਆਂ ਹਨ। ਗੁਫਾਵਾਂ 'ਚ ਇਨਸਾਨਾਂ ਦੇ ਪ੍ਰਾਚੀਨ ਕਾਲ ਦੇ ਅਵਸ਼ੇਸ਼ਾਂ ਤੋਂ ਲੈ ਕੇ ਪ੍ਰਾਚੀਨ ਕਲਾਵਾਂ ਦੇ ਸਬੂਤ ਮਿਲਦੇ ਹਨ।ਦੁਨੀਆ ਦੇ ਵੱਖ-ਵੱਖ ਹਿੱਸਿਆਂ 'ਚ ਕਈ ਗੁਫਾਵਾਂ ਮੌਜੂਦ ਹਨ। ਬਹੁਤੀਆਂ ਬਾਰੇ ਤਾਂ ਸਾਨੂੰ ਪਤੈ ਪਰ ਅੱਜ ਵੀ ਕਈ ਗੁਫਾਵਾਂ ਦੀ ਖੋਜ ਹੁੰਦੀ ਰਹਿੰਦੀ ਹੈ, ਜਿਸ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਕੁਝ ਇਕ ਗੁਫਾਵਾਂ ਅਜੇ ਵੀ ਸਾਡੀਆਂ ਨਜ਼ਰਾਂ ਤੋਂ ਲੁਕੀਆਂ ਹੋਈਆਂ ਹਨ। ਸਾਲ 2011 'ਚ ਖਾਣਾਂ ਪੁੱਟਣ ਵਾਲੇ ਦੋ ਮਜ਼ਦੂਰਾਂ ਨੇ ਮੈਕਸੀਕੋ ਦੇ ਚਿਹਾਆਹੁਆ 'ਚ ਨਾਇਕਾ ਖਾਣ 'ਚ ਅਚਾਨਕ ਵਿਸ਼ਾਲ ਗੁਫਾਵਾਂ ਦੀ ਖੋਜ ਕੀਤੀ ਸੀ। ਹਰ ਗੁਫਾ ਦੀ ਕੋਈ ਨਾ ਕੋਈ ਖਾਸੀਅਤ ਹੁੰਦੀ ਹੈ ਅਤੇ ਇਨ੍ਹਾਂ ਗੁਫਾਵਾਂ ਦੀ ਖਾਸੀਅਤ ਹੈ ਇਨ੍ਹਾਂ 'ਚ ਮੌਜੂਦ ਵੱਡ-ਆਕਾਰੀ ਕ੍ਰਿਸਟਲਸ, ਜੋ ਸਦੀਆਂ ਤੋਂ ਵੱਖ-ਵੱਖ ਕਿਸਮ ਦੇ ਅਨੋਖੇ ਆਕਾਰਾਂ 'ਚ ਇਨ੍ਹਾਂ ਗੁਫਾਵਾਂ 'ਚ ਵਧਦੇ ਰਹੇ ਹਨ, ਇਸ ਲਈ ਇਨ੍ਹਾਂ ਦਾ ਨਾਂ 'ਕੇਵਸ ਆਫ ਜਾਇੰਟ ਕ੍ਰਿਸਟਲਸ' ਰੱਖਿਆ ਗਿਆ ਹੈ।



ਜਿਪਸਮ ਨਾਲ ਬਣੀਆਂ ਕ੍ਰਿਸਟਲਸ ਵਾਲੀਆਂ ਇਨ੍ਹਾਂ ਗੁਫਾਵਾਂ ਨੂੰ ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਤੋਂ ਵਿਸ਼ਵ ਵਿਰਾਸਤ ਸਥਾਨ ਦਾ ਦਰਜਾ ਦਿਵਾਉਣ ਲਈ ਵਿਗਿਆਨੀ ਮੈਕਸੀਕੋ ਸਰਕਾਰ ਨੂੰ ਬੇਨਤੀ ਕਰ ਰਹੇ ਹਨ, ਤਾਂ ਕਿ ਕੁਦਰਤ ਵਲੋਂ ਬਣੀਆਂ ਇਨ੍ਹਾਂ ਅਨੋਖੀਆਂ ਗੁਫਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਕੀਤਾ ਜਾ ਸਕੇ। ਇਨ੍ਹਾਂ ਗੁਫਾਵਾਂ 'ਚ ਬਣੇ ਕ੍ਰਿਸਟਲਸ 'ਚੋਂ ਕੁਝ ਤਾਂ ਕਾਫੀ ਵੱਡੇ ਹਨ, ਜੋ 11 ਮੀਟਰ ਤਕ ਲੰਬੇ ਹਨ। ਗੁਫਾਵਾਂ 'ਚ ਅਜੀਬੋ-ਗਰੀਬ ਕੋਣਾਂ 'ਚ ਮੌਜੂਦ ਕ੍ਰਿਸਟਲਸ ਦੇ ਕਾਰਨ ਦਾ ਅਜੇ ਤਕ ਵਿਗਿਆਨੀ ਪਤਾ ਨਹੀਂ ਲਗਾ ਸਕੇ। ਉਂਝ ਤਾਂ ਨਾਇਕਾ ਖਾਣ 'ਚ ਕਈ ਦਹਾਕਿਆਂ ਤੋਂ ਖਣਿਜ ਕੱਢਣ ਦਾ ਕੰਮ ਹੁੰਦਾ ਰਿਹਾ ਹੈ ਪਰ 1975 'ਚ ਇਸ ਦੇ ਕਾਫੀ ਵੱਡੇ ਇਲਾਕੇ 'ਚੋਂ ਪਾਣੀ ਕੱਢਿਆ ਗਿਆ, ਤਾਂ ਕਿ ਵੱਡੇ ਪੱਧਰ 'ਤੇ ਖਣਿਜ ਕੱਢਣ ਦਾ ਕੰਮ ਹੋ ਸਕੇ। ਇਸ ਤੋਂ 25 ਸਾਲਾਂ ਪਿੱਛੋਂ ਹੀ ਇਕ ਦਿਨ ਖਣਿਜ 'ਚ ਖੁਦਾਈ ਕਰਦੇ ਦੋ ਮਜ਼ਦੂਰਾਂ ਨੂੰ ਧਰਤੀ ਦੇ ਅੰਦਰ ਇਹ ਗੁਫਾਵਾਂ ਨਜ਼ਰ ਆਈਆਂ ਤੇ ਕ੍ਰਿਸਟਲ ਦੇ ਆਕਾਰਾਂ 'ਚ ਮੌਜੂਦ ਜਿਪਸਮ ਦੇ ਇਸ ਵਿਸ਼ਾਲ ਸੰਗ੍ਰਹਿ ਦਾ ਪਤਾ ਲੱਗਾ।

ਵਿਗਿਆਨੀਆਂ ਦਾ ਕਹਿਣੈ ਕਿ ਧਰਤੀ ਦੀ ਤਹਿ ਤੋਂ 290 ਮੀਟਰ ਹੇਠਾਂ ਇਨ੍ਹਾਂ ਕ੍ਰਿਸਟਲਸ ਦਾ ਨਿਰਮਾਣ ਉਦੋਂ ਹੋਇਆ, ਜਦੋਂ ਧਰਤੀ ਦੇ ਤਲ 'ਚ ਮੌਜੂਦ ਬੇਹੱਦ ਗਰਮ ਪਾਣੀ ਠੰਡਾ ਹੋਣ ਲੱਗਾ ਤੇ ਇਥੇ ਮੌਜੂਦ ਜਿਪਸਮ ਦੇ ਇਲਾਕੇ 'ਚ ਭਰ ਗਿਆ। ਇਸ ਪਿੱਛੋਂ ਸਮੇਂ ਦੇ ਨਾਲ ਇਸੇ ਪਾਣੀ ਦੇ ਅੰਦਰ ਜਿਪਸਮ ਨੇ ਕ੍ਰਿਸਟਲ ਦਾ ਰੂਪ ਧਾਰ ਲਿਆ ਤੇ ਵੱਖ-ਵੱਖ ਆਕਾਰਾਂ 'ਚ ਵਧਣ ਲੱਗਾ। ਇਸ ਗੁਫਾ 'ਚ ਖੋਜ ਕਰਨ ਵਾਲੇ ਵਿਗਿਆਨੀਆਂ ਨੂੰ ਪੇਸ਼ ਆਉਣ ਵਾਲੀ ਸਭ ਤੋਂ ਵੱਡੀ ਸਮੱਸਿਆ ਹੈ ਬਹੁਤ ਜ਼ਿਆਦਾ ਗਰਮੀ। ਇਨ੍ਹਾਂ ਗੁਫਾਵਾਂ ਦੇ ਨੇੜੇ ਮੌਜੂਦ ਗਰਮ ਪਾਣੀ ਦਾ ਇਕ ਝਰਨਾ ਹੈ, ਜਿਸ ਕਾਰਨ ਇਨ੍ਹਾਂ ਗੁਫਾਵਾਂ 'ਚ ਕੋਈ ਵੀ ਵਿਅਕਤੀ ਇਕ ਵਾਰ 'ਚ 10 ਮਿੰਟ ਤੋਂ ਵਧੇਰੇ ਨਹੀਂ ਰਹਿ ਸਕਦਾ।

ਸੈਲੇਨਾਈਟ ਦੇ ਨਾਂ ਨਾਲ ਜਾਣੇ ਜਾਂਦੇ ਜਿਪਸਮ ਕ੍ਰਿਸਟਲ ਦਾ ਨਾਂ ਚੰਦਰਮਾ ਦੀ ਯੂਨਾਨੀ ਦੇਵੀ ਸੇਲੀਨ ਦੇ ਨਾਂ 'ਤੇ ਰੱਖਿਆ ਗਿਆ ਹੈ ਕਿਉਂਕਿ ਇਨ੍ਹਾਂ ਦਾ ਰੰਗ ਕੋਮਲ ਸਫੈਦ ਹੁੰਦਾ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ ਸੈਲੇਨਾਈਟ 'ਚ ਕਈ ਤਰ੍ਹਾਂ ਦੇ ਔਸ਼ਧੀ ਗੁਣ ਹੁੰਦੇ ਹਨ। ਸੁੰਦਰਤਾ ਨਿਖਾਰਨ ਲਈ ਸੈਲੇਨਾਈਟ ਪਾਊਡਰ ਦੀ ਵਰਤੋਂ ਸਦੀਆਂ ਤੋਂ ਹੁੰਦੀ ਰਹੀ ਹੈ।


## ਵੀਜ਼ਾ ਬੁਲੇਟਨ (ਸਤੰਬਰ 2011)

ਇਹ ਵੀਜ਼ਾ ਬੁਲੇਟਨ ਦੀ ਜਾਣਕਾਰੀ trevel.state.gov ਤੋਂ ਲਿਤੀ ਗਈ ਹੈ।
(ਪਰਿਵਾਰ ਦਵਾਰਾ ਪ੍ਰਾਯੋਜਿਤ)

| ਸ਼੍ਰੇਣੀ | ਸ਼੍ਰੇਣੀ (ਵਿਸਤਾਰ) | ਚਾਲੂ ਸਾਲ | ਨੋਟ |
|---|---|---|---|
| ਐਫ-1 (F-1) | ਅਮਰੀਕੀ ਨਾਗਰਿਕ ਦੇ ਕਵਾਰੇ ਬੱਚੇ | ਮਈ 01,2004 | ਜੇ ਤੁਸੀਂ ਆਪਣੇ ਰਿਸ਼ਤੇਦਾਰਾਂ ਦਾ ਕੇਸ ਇਨਾ ਤਰੀਕਾਂ ਤੋਂ ਪਹਿਲਾਂ ਅਪਲਾਈ ਕੀਤਾ ਹੋਇਆ ਹੈ, ਤਾਂ ਉਹਨਾ ਨੂੰ ਤੁਰੰਤ ਛਾਣਬੀਣ ਲਈ ਹੁਣੇ ਸੰਪਰਕ ਕਰੋ। |
| ਐਫ-2A (F-2A) | ਗ੍ਰੀਨ ਕਾਡ੍ਰ ਵਾਲਿਆਂ ਦੇ ਪਤੀ/ਪਤਨੀ ਅਤੇ 21 ਸਾਲ ਦੀ ਉਮਰ ਤੋ ਘੱਟ ਦੇ ਬੱਚੇ | ਦਸੰਬਰ 01,2008 | |
| ਐਫ-2B (F-2B) | ਗ੍ਰੀਨ ਕਾਡ੍ਰ ਵਾਲਿਆਂ ਦੇ 21 ਸਾਲ ਦੀ ਉਮਰ ਦੇ 'ਤੇ 21 ਸਾਲ ਤੋ ਵੱਧ ਦੇ ਬੱਚੇ | ਜੁਲਾਈ 01,2003 | |
| ਐਫ-3 (F-3) | ਅਮਰੀਕੀ ਨਾਗਰਿਕ ਦੇ ਵਿਆਹੇ ਬੱਚੇ | ਅਗਸਤ 22,2001 | |
| ਐਫ-4 (F-4) | ਅਮਰੀਕੀ ਨਾਗਰਿਕ ਦੇ ਭੈਣ ਭਰਾ | ਅਪ੍ਰੈਲ 15,2000 | |

ਇੰਮੀਗ੍ਰੇਸ਼ਨ ਸਬੰਧੀ ਕਿਸੇ ਵੀ ਹੋਰ ਜਾਣਕਾਰੀ ਲਈ
ਗਲੋਬਲ ਅਲਾਇੰਜ਼ ਦੇ ਅਤੁਲ ਕਪੂਰ ਨੂੰ ਸੰਪਰਕ ਕਰੋ 209-808-2136 (91)98143-20010


# ਇਰਾਕ 'ਚ ਫਸੇ ਪੰਜਾਬੀਆਂ ਬਾਰੇ ਕੇਂਦਰ ਨੂੰ ਫੌਰੀ ਕਦਮ ਚੁੱਕਣ ਦੀ ਹਦਾਇਤ

ਚੰਡੀਗੜ੍ਹ- ਵੱਡੀ ਗਿਣਤੀ ਪੰਜਾਬੀ ਨੌਜਵਾਨਾਂ ਦੇ ਇਰਾਕ ਿਚ ਫਸੇ ਹੋਣ ਸਬੰਧੀ ਇਨ੍ਹਾਂ ਕਾਲਮਾਂ ਖਿਚ ਖ਼ਬਰ ਛਪਣ ਤੋਂ ਇਕ ਦਿਨ ਬਾਅਦ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਸਰਕਾਰ ਅਤੇ ਇਸ ਦੇ ਵਿਭਾਗਾਂ ਨੂੰ ਇਨ੍ਹਾਂ ਘਟਨਾਵਾਂ ਦਾ ਗੰਭੀਰ ਨੋਟਿਸ ਲੈਂਦਿਆਂ ਫੌਰੀ ਕਾਰਵਾਈ ਕਰਨ ਦੀ ਹਦਾਇਤ ਦਿੱਤੀ ਹੈ ਤਾਂ ਕਿ ਨੌਜਵਾਨਾਂ ਨੂੰ ਕਿਸੇ ਅਣਹੋਣੀ ਤੋਂ ਬਚਾਇਆ ਜਾ ਸਕੇ। ਅਦਾਲਤ ਨੇ ਇਸ ਸਬੰਧੀ ਕੇਂਦਰ ਦੇ ਨਾਲ ਪੰਜਾਬ ਸਰਕਾਰ ਨੂੰ ਵੀ ਨੋਟਿਸ ਜਾਰੀ ਕੀਤਾ ਹੈ।

ਇਹ ਹੁਕਮ ਜਸਟਿਸ ਐਮ.ਐਮ. ਕੁਮਾਰ ਅਤੇ ਜਸਟਿਸ ਗੁਰਦੇਵ ਸਿੰਘ ਨੇ ਸੁਣਾਏ। ਉਨ੍ਹਾਂ ਕਿਹਾ, "ਤੱਥਾਂ ਅਤੇ ਹਾਲਾਤ ਤੇ ਇਨ੍ਹਾਂ 40 ਨੌਜਵਾਨਾਂ ਦੀ ਤਰਸਯੋਗ ਹਾਲਤ ਨੂੰ ਧਿਆਨ ਿਚ ਰੱਖਦਿਆਂ ਅਸੀਂ ਮੁਦਾਇਲਿਆਂ ਨੂੰ ਹਦਾਇਤ ਦਿੰਦੇ ਹਾਂ ਕਿ ਉਹ ਇਨ੍ਹਾਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਤੁਰੰਤ ਕਾਰਵਾਈ ਕਰਨ ਤਾਂ ਕਿ ਕੋਈ ਜਾਨੀ ਨੁਕਸਾਨ ਨਾ ਹੋਵੇ। ਅਦਾਲਤ ਨੇ ਇਹ ਹਦਾਇਤ ਉਦੋਂ ਦਿੱਤੀ ਜਦੋਂ ਅਦਾਲਤ ਦੀ ਮਦਦ ਲਈ ਨਿਯੁਕਤ ਵਕੀਲ ਅਨਿਲ ਮਲਹੋਤਰਾ ਨੇ ਇਸ ਖ਼ਬਰ ਦੀ ਕਟਿੰਗ ਬੈਂਚ ਅੱਗੇ ਪੇਸ਼ ਕੀਤੀ।

ਇਸ ਅਰਜ਼ੀ ਨੇ ਇਨ੍ਹਾਂ 40 ਪੰਜਾਬੀ ਨੌਜਵਾਨਾਂ ਦੀ ਮਾੜੀ ਹਾਲਤ ਸਬੰਧੀ ਅਦਾਲਤ ਨੂੰ ਜਾਣੂ ਕਰਵਾਇਆ ਜਿਨ੍ਹਾਂ ਨੂੰ ਵਿਦੇਸ਼ਾਂ ਵਿਚ ਵਧੀਆ ਨੌਕਰੀਆਂ ਦਿਵਾਉਣ ਦਾ ਲਾਲਚ ਦੇ ਕੇ ਬਾਹਰ ਲਿਜਾਣ ਤੋਂ ਬਾਅਦ ਇਰਾਨ 'ਚ ਖਤਰਨਾਕ ਹਾਲਤਾਂ ਵਿਚ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਨ੍ਹਾਂ ਤੋਂ ਇਰਾਨ ਦੇ ਸ਼ਹਿਰ ਨਜਫ ਲਾਗੇ ਮੈਦਾਨੇ ਜੰਗ ਵਿੱਚੋਂ ਮਿਜ਼ਾਈਲਾਂ ਤੇ ਬੰਬਾਂ ਦੇ ਖੋਲ ਚੁੱਕਣ ਵਰਗਾ ਖਤਰਨਾਕ ਕੰਮ ਜਬਰੀ ਕਰਵਾਇਆ ਜਾ ਰਿਹਾ ਹੈ। ਅਦਾਲਤ ਨੇ ਸਬੰਧਤ ਧਿਰਾਂ ਨੂੰ ਨੋਟਿਸ ਕਰਦਿਆਂ ਅਗਲੀ ਸੁਣਵਾਈ ਲਈ 17 ਅਗਸਤ ਦੀ ਤਰੀਕ ਮੁਕੱਰਰ ਕੀਤੀ ਹੈ। ਇਸ ਮੌਕੇ ਵਕੀਲ ਓਂਕਾਰ ਸਿੰਘ ਨੇ ਕੇਂਦਰ ਅਤੇ ਸੁਵੀਰ ਸਹਿਗਲ ਨੇ ਪੰਜਾਬ ਸਰਕਾਰ ਵੱਲੋਂ ਨੋਟਿਸ ਹਾਸਲ ਕੀਤੇ।

## ਗਦਰੀ ਬਾਬਿਆਂ ਨੂੰ ਸਮਰਪਿਤ

# ਪੰਜਾਬ ਮੇਲਾ 2011

ਦਿਨ ਸ਼ਨਿਚਰਵਾਰ ਅਗਸਤ 27, 2011 ਨੂੰ (ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ)







ਹਾਸਿਆਂ ਦੇ ਬਾਦਸ਼ਾਹ ਮਾਸਟਰ ਰੈਂਕੋ ਤੇ ਕੁਮਾਰ ਖਟਕੜ ਵੀ ਆਪਨੀ ਹਾਜ਼ਰੀ ਲਵਾਉਣਗੇ

## Open & Under-21 Tournament ਓਪਨ ਅਤੇ ਅੰਡਰ 21 ਕਬੱਡੀ ਟੂਰਨਾਮੈਂਟ

**Tournament organized under rules & regulations of USA Kabaddi Federation**



ਸਟੇਜ ਸੰਚਾਲਕ
ਬੀਬੀ ਆਸ਼ਾ ਸ਼ਰਮਾ

Free Admission

Gidha/Bhangra
Live Entertainment
Comedy

For Sponsorship & Both Info. :
**Manjit S. Gill 510-415-2368**
For More Info.:
**Kulbir Heer Ph: 510-304-7733**



ਕਬੱਡੀ ਦੀ ਕੁਮੈਂਟਰੀ
ਸੁਖਵਿੰਦਰ ਸੰਘੇੜਾ

## Gadar Movement Exhibition

Enjoy Indian Food
& Lots More.

## Sponsorship

JASBIR S THANDI (GLOBAL HAWK),MANGAL BHANDAL,Sri RAJ BHANOT, JASBIR KULLAR, KULLAR FARMS, Dr. Harmesh Kumar PHD Psychologist, CALIFORNIA HOME LOANS (RAY WALIA), ACME ANALYTICS, AMAR DHILLON, AMARJIT DULAI, AMARJIT S DHOOT, AMRIK KALKAT ,BAY STAR AUTO REPAIR, BHADHUR SINGH/GURBAX SINGH, BHUPINDER S DHILLON, ECONOMY TRUCKING, GURBAX SINGH, HARDEV S MANGAT D.D.S., HARDEV S TAKHAR, HARDIAL GILL (GTC TRUCKING), HARPALKASH S DHILLON, INDERJIT SINGH, JAGDEV S GILL, JASVIR SINGH/HARPRAMINDER SINGH, JASWANT AUJLA, MANJIT S DHILLON, MANJIT S DULAY, NORTHWEST FREIGHT WAY, ONWARDS & UPWARDS LLC, PRITAM S CHEEMA, PRITAM S GREWAL, RANA SIDHU, SARBJIT SINGH, SUKDEV S BANIWAL, SUKMINDER CHEEMA, SURJIT S BAINS TRI-CED, Kulbir Singh Dusanjh, Surinder Singh Uppal Rana, Balbir Singh kaka, Jatinder Singh Bhangu, Dilbagh Singh Kalsi, Tirath Bhalwan, Dr. Bhandari, Dr. Pannu, Punkaj Ansel, Balwant Singh, Kuldeep Singh Atwal, Surjit Singh Atwal, Jagga, Ravinder Singh Gandhi, Kulwinder Singh Kinda, Partap Singh (CP Carrier), ANIL SIKKA (BROKER), BAHIA , BALKAR SINGH (BOMBAY GARDEN), BILLA, BOOTA (TURLOCK) , DALBIR GARCHA, DALJIT KHAIRA (STOCKTON), DALVINDER SHAHI (TURLOCK), DR. CHARNJIT S UPPAL, DR. GURPREET DHALIWAL, DR. JAGTAR S SANDHU, GAKHAL BROTHERS, GARRY CHEEMA, HARJAP CHOHAN, HARJINDER SINGH (SAN JOSE), JOE JOHAL, KABILA RESTAURANT, Nick KHILAVAN, KULWANT SINGH NIJJAR, Sukhbir Singh Nijjar, MAHESH BAJORIAI (ATTORNEY), MAJOR GAKHAL, PARGAT SINGH, RAJA SWEETS, RANDHIR GILL, SAHOTA BROTHERS, SAN JOSE GURDWARA PARBANDHAK COMMITTEE, SANTHOK S JUDGE (SANSAR RESTAURANT), SANTOHK S TAKHAR , SOHAN GAKHAL, SUCHA RAM, SURINDER DHANOA, YADWINDER SINGH, Bhai Kanaiya Sewa Socitiy, Dalwinder Singh Dhoot, Inderjit Singh, B.P. Singh Accouent, Bhupinder Singh Sandhu Bhinda, Baljog Singh Sandhu.

**Media Sponsor :** Pardes Times, Amritsar Times, Sade Lok, Punjab Times, Jaswant Singh Saidoke, Punjab News, Radio Charhdikala, Punjabi Radio U.S.A.

## Alvarado Middle School

**31604 Alvarado Blvd., Union City, CA94587**

# Indo American Cultural Org. (Bay Area)

# Moon Indian Cuisne

## 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ, ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

- 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
- ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
- ਬਹੁਤ ਹੀ ਤਜ਼ਰਬੇਕਾਰ ਕੁੱਕ



**Paul**
510-978-7170

**Fish Pakora**
ਮੱਛੀ ਪਕੌੜੇ ਬਣਾਉਂਣ ਦੇ ਮਾਹਿਰ
ਲੱਡੂ ਜਲੇਬੀ ਬਰਫੀ ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ ਘੱਟ ਕੀਮਤ 'ਤੇ ਲੈ ਸਕਦੇ ਹੋ



**Gill**
510-709-5285

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 WEST HARDER RD. HAYWARD, CA 94544
PH. 510-780-9223 FAX : 510-780-9812



# Dhaba Indian Cuisine



CHICKEN WRAP TANDOORI CHICKEN MIXED PLATTER




100 ਤੋਂ ਲੈ ਕੇ ਹਜ਼ਾਰਾਂ ਬੰਦਿਆਂ ਲਈ ਵਿਆਹ ਸ਼ਾਦੀਆਂ ਤੇ ਜਨਮ ਦਿਨ ਦੀਆਂ ਪਾਰਟੀਆਂ ਵਾਸਤੇ ਟਰੇਸੀ ਵਿਚ ਸਭ ਤੋਂ ਵਧੀਆ ਰੈਸਟੋਰੈਂਟ




ਗੁਰੂ ਘਰਾਂ ਲਈ ਕਿਸੇ ਵੀ ਪ੍ਰੋਗਰਾਮ ਲਈ ਸਪੈਸ਼ਲ ਡਿਸਕਾਊਂਟ

ਘਰ ਵਰਗੇ ਖਾਣੇ ਦਾ ਸੁਆਦ ਲੈਣ ਲਈ ਇਕ ਵਾਰ ਜ਼ਰੂਰ ਪਧਾਰੋ

Sunday-Thursday : 11 am-9 pm, Friday-Saturday : 11 am-10 pm

CALL : Manjeet Singh
209-609-0010
2242 W. Grant Line Rd # 101, Tracy, CA 95377



# MOGA TRUCK SERVICE CENTER

OWNED AND OPERATED BY MOGA WHOLESALE




Best Quality Best Service
*Michelin, Bridge Stone, Firestone Goodyear, Yokohama, Toyo, Hankook, BF Goodyear, Ohtsu, Summtomo*
Ph. (559) 486-6000
Ph. (559) 486-8686

*All Tires are Available at Wholesale Best Price*



## TRUCK TIRES

WHOLESALE TIRE DEPOT-OPEN TO PUBLIC
**Open 6 days a week**
Monday-Friday 8.00 Am-10.00 Pm
Saturday 9.00 Am- 5.00 Pm.

*Following Services are available on this location:*
* Truck Alignment - Truck Tire Balance & Installation
* Oil, Lube & Filter
* Breaks- Drums & Seals for all Truck & Trailers Installed
* Truck wash will be available soon

* We can help you in emergency time

Come & Visit us at
3846 South Front Ave. FRESNO, CA 93725
Intersection (Golden State & Central Ave)



# BADAL CONSTRUCTION



ਕਿਸੇ ਵੀ ਤਰ੍ਹਾਂ ਦਾ ਕਮਰਸ਼ੀਅਲ ਜਾਂ ਨਿੱਜੀ ਘਰ ਬਣਵਾਉਣ ਜਾਂ ਰੀਮਾਂਡਲਿੰਗ ਵਾਸਤੇ 40 ਸਾਲਾਂ ਦੀ ਤਜਰਬੇਕਾਰ ਕੰਪਨੀ ਨਾਲ ਇਕ ਵਾਰ ਸਲਾਹ ਮਸ਼ਵਰਾ ਜ਼ਰੂਰ ਕਰੋ ਤੇ ਵਾਜਬ ਰੇਟਾਂ ਤੇ ਕੰਮ ਕਰਵਾਓ

NEW ADDITION, BACK YARD , FRONT SIDE , CEMENT , REMODELING OR ANYKIND OF JOB.

*CONTACT-*

## N. S. DEOGUN (BADAL)

LIC# 963299

UNION CITY, CALIFORNIA
PH- 510-372-4181

**Preet Fabrics & Appliance**

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES
5156 mowry AVE. Fremont, CA 94538
TEL : 510-797-7111 FAX : 510-739-6350
(For More Info. Call Onkar)

APPLIANCES WE CARRY ALL MAJOR BRANDS!!
SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards



**FARMERS** FARMERS INSURANCE GROUP

ਆਟੋ, ਘਰ, ਬਿਜ਼ਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉੱਤੇ ਕਰਾਉਂਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਰਵੇਜ ਲਓ ਤੇ ਨਿਸ਼ਚਿੰਤ ਹੋ ਜਾਓ

+ Auto + Home + Life + Umbrella
+ Business Work Comp.

Duabba Insurance Agency
2450, PERALTA BLVD. SUITE 120, FREMONT, CA-94536
Ph. : (510) 797-7989
Fax : (510) 794-7398
Visit us@farmers.com

Gurcharan Singh Mann
Insurance Agent
Lieence # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿਚ ਮਿਲਦਾ ਹੈ ਜਿਸ ਦੀ ਦਫ਼ਤਰ ਵੱਲੋਂ ਮਨਜ਼ੂਰੀ ਹੈ।



**CT TRUCK BUS Driving School**

ਏਅਰਪੋਰਟ ਤੋਂ ਆਉਂਣ ਜਾਣ ਅਤੇ ਰਹਿਣ ਦਾ ਖਾਸ ਪ੍ਰਬੰਧ ਹੈ

ਮੋਟਰ ਸਾਇਕਲ ਤੋਂ ਲੈ ਕੇ ਟਰੱਕ, ਬੱਸ ਤੱਕ ਲਾਇਸੈਂਸ ਦਿਵਾ ਸਕਦੇ ਹਾਂ

ਅਸੀਂ ਤੁਹਾਡੀ ਨੌਕਰੀ ਲੱਭਣ ਵਿਚ ਵੀ ਸਹਾਇਤਾ ਕਰਦੇ ਹਾਂ

ਟਰੱਕ ਸਕੂਲ 24 ਘੰਟੇ ਖੁਲ੍ਹਾ ਰਹਿੰਦਾ ਹੈ, 2 ਸ਼ਿਫਟਾਂ ਵਿਚ ਕੰਮ ਹੁੰਦਾ ਹੈ।

Call MANNY OR MANGAL GILL
510-791-9800
42400 BOYCE ROAD, FREMONT, CA 94538



New Introducing Chaat Corner

**Raja** King of Sweets Now Presents
Come and Enjoy Mouth Watering Chaat All Day

ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- GOL GAPPE (PANI PURI)
- FALUDA KULFI
- KHASTA KACHORI

RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100



**M.K Nijjar DDS**
**Ruchi Nijjar DDS**
LASER DENTISTRY

NO SHOTS, NO DRILL, NO PAIN!

- Esthetic Crowns, Bridges & Dentures
- Teeth Whitening-Oral Surgery
- Root Canal Treatments
- Treatment & Prevention of Gum Disease

FAMILY DENTISTRY COSMETIC DENTISTRY
New Patients & Children Welcome
510-794-7058
www.drnijjar.com
(Across from Washington Hospital & Bart) 1895 Mowry Ave. Ste 104 Fremont



**Golden Eagle** Property

ਪ੍ਰਾਪਰਟੀ ਖਰੀਦਣ ਤੇ ਵੇਚਣਾ ਚਾਹੁੰਦੇ ਹੋ ਕੋਈ ਵੀ ਪਲਾਟ, ਜ਼ਮੀਨ, ਅਪਾਰਟਮੈਂਟ, ਕਮਰਸ਼ੀਅਲ, ਘਰ, ਰੈਸਟੋਰੈਂਟ, ਗੈਸ ਸਟੇਸ਼ਨ, ਗਰੌਸਰੀ ਸਟੋਰ ਵੇਚਣਾ ਜਾਂ ਖਰੀਦਣਾ ਹੋਵੇ ਤਾਂ ਇਕ ਵਾਰ ਫੋਨ ਕਰੋ ਜੀ।

ਸਾਡੇ ਕੋਲ ਬੈਂਕਾਂ ਤੋਂ ਵਾਪਸ ਆਏ ਘਰ ਵੀ ਹਨ, ਬਹੁਤ ਹੀ ਘੱਟ ਕੀਮਤਾਂ ਦੇ ਹਨ।
ਅਸੀਂ ਤੁਹਾਡਾ ਲੋਨ ਅਤੇ ਕਿਸ਼ਤਾਂ ਘਟਾਉਣ ਵਿਚ ਸਹਾਈ ਹੁੰਦੇ ਹਾਂ।

ਜੇ ਤੁਹਾਡੇ ਕੋਲੋਂ ਘਰ ਦੀਆਂ ਕਿਸ਼ਤਾਂ ਨਹੀਂ ਦਿੱਤੀਆਂ ਜਾਂਦੀਆਂ ਤਾਂ ਅਸੀਂ Loan Modify ਕਰਾ ਕੇ ਦਿੰਦੇ ਹਾਂ।

ਬੋਹੜ ਸਿੰਘ ਭੰਡਾਲ
ਪਰਮਜੀਤ ਕੌਰ
Lic#01354926
510-331-2460


SOUNDS OF THE 5 RIVERS DESI RADIO 1602AM

# ਪੰਜਾਬੀ ਮੀਡੀਆ 'ਚ ਅਨੋਖੀ ਕਾਡ

# ਦੇਸੀ ਵਰਲਡ ਰੇਡੀਓ



ਦੇਸੀ ਵਰਲਡ ਰੇਡੀਓ ਦੁਨੀਆ ਦਾ ਪਹਿਲਾ ਪੰਜਾਬੀ ਰੇਡੀਓ ਬਣ ਗਿਆ ਹੈ ਜਿਸ ਵਿਚ ਇਕ ਨਹੀਂ ਸਗੋਂ ਪੰਜਾਬੀ, ਹਿੰਦੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਦੁਨੀਆ ਭਰ ਵਿਚ 500 ਦੇ ਕਰੀਬ ਸਟੇਸ਼ਨਾਂ ਨੂੰ ਸੁਣ ਸਕਦੇ ਹੋ। ਅਮਰੀਕਾ, ਕੈਨੇਡਾ, ਇੰਗਲੈਂਡ, ਅਸਟਰੇਲੀਆ, ਨਿਊਜੀਲੈਂਡ, ਫੀਜ਼ੀ, ਭਾਰਤ, ਸਿੰਘਾਪੁਰ ਅਤੇ ਹੋਰ ਤਾਂ ਹੋਰ ਵੈਸਟਇੰਡੀਜ਼ ਤਕ ਦੇ ਰੇਡੀਓ ਸਟੇਸ਼ਨ ਇਸ ਵਿਚ ਉਪਲਬਧ ਹਨ। ਇਸ ਵੱਖਰੇ ਜਿਹੇ ਰੇਡੀਓ ਦਾ ਸੇਹਰਾ ਪਰਵਿੰਦਰ ਸਿੰਘ ਸੰਧੂ ਵਾਸੀ ਕੈਲੀਫੋਰਨੀਆ ਦੇ ਸਿਰ ਜਾਂਦਾ ਹੈ, ਜਿਹਨਾਂ ਨੇ ਦਿਨ ਰਾਤ ਮਿਹਨਤ ਕਰਕੇ ਇਸ ਰੇਡੀਓ ਨੂੰ ਲੋਕਾ ਸਾਹਮਣੇ ਪੇਸ਼ ਕੀਤਾ ਹੈ। ਇਸ ਰੇਡੀਓ ਦੀ ਖਾਸ ਗਲ ਇਹ ਹੈ ਕਿ ਇਹ ਰੇਡੀਓ ਦੇਖਣ ਨੂੰ ਇਕ ਆਮ ਜਿਹਾ ਰੇਡੀਓ ਲੱਗਦਾ ਹੈ, ਪਰ ਹੈ ਨਹੀਂ, ਇਹ ਇਕ ਖਾਸ ਕਿਸਮ ਦਾ ਇਲਕਟ੍ਰੌਨਿਕ ਯੰਤਰ ਹੈ ਜਿਸ ਨੂੰ ਇੰਟਰਨੈਟ ਨਾਲ ਜੋੜ ਦਿੱਤਾ ਜਾਂਦਾ ਹੈ ਅਤੇ ਬਾਅਦ ਵਿਚ ਇਹ ਉਸੇ ਤਰ੍ਹਾਂ ਹੀ ਕੰਮ ਕਰਦਾ ਹੈ ਜਿਸ ਤਰ੍ਹਾਂ ਆਮ ਰੇਡੀਓ, ਇਸ ਨਾਲ ਇਕ ਰੀਮੋਟ ਵੀ ਹੈ, ਜਿਸ ਨਾਲ ਸਾਰਾ ਰੇਡੀਓ ਅਪਰੇਟ ਹੋ ਜਾਂਦਾ ਹੈ। ਆਵਾਜ਼ ਤੋਂ ਲੈ ਕੇ ਸਟੇਸ਼ਨ ਬਦਲਣ ਤੱਕ, ਹਰ ਇਕ ਸਟੇਸ਼ਨ ਦੀ ਇੰਫਰਮੇਸ਼ਨ ਰੇਡੀਓ ਦੀ ਐਲ. ਸੀ. ਡੀ. 'ਤੇ ਆ ਜਾਂਦੀ ਹੈ, ਆਵਾਜ਼ ਵੀ ਤੁਣਕਵੀ ਆਉਦੀਂ ਹੈ।ਪਰਵਿੰਦਰ ਸਿੰਘ ਸੰਧੂ ਦੇ ਦੱਸਣ ਅਨੁਸਾਰ ਇਸ ਰੇਡੀਓ ਵਿਚ ਪੰਜਾਬੀ ਦੇ ਕਰੀਬ 125 ਸਟੇਸ਼ਨ ਹਨ।ਉਹ ਦੱਸਦੇ ਹਨ ਕਿ ਹਰਮਿੰਦਰ ਸਾਹਿਬ ਤੋਂ ਸਿੱਧਾ ਪ੍ਰਸਾਰਣ 24 ਘੰਟੇ ਹੁੰਦਾ ਰਹਿੰਦਾ ਹੈ, ਹਰਮਿੰਦਰ ਸਾਹਿਬ ਤੋਂ ਇਲਾਵਾ ਇਸ ਵਿਚ 27 ਹੋਰ ਧਾਰਮਿਕ ਸਟੇਸ਼ਨ ਹਨ ਜਿੰਨ੍ਹਾ ਵਿਚ ਭਾਰਤ ਅਤੇ ਭਾਰਤ ਤੋਂ ਬਾਹਰਲੇ ਗੁਰਦਵਾਰਿਆਂ ਵਿਚੋਂ ਸਵੇਰੇ, ਸ਼ਾਮੀ ਪਾਠ, ਕੀਰਤਨ ਅਤੇ ਬਾਣੀ ਦਾ ਪਰਵਾਹ ਲਗਾਤਾਰ ਹੁੰਦਾ ਰਹਿੰਦਾ ਹੈ।ਹੋਰ ਅਣਗਿਣਤ ਪੰਜਾਬੀ ਸਟੇਸ਼ਨ ਜਿੰਨ੍ਹਾਂ ਤੋਂ 24 ਘੰਟੇ ਗਾਣੇ, ਥੋੜੇ-ਥੋੜੇ ਸਮੇਂ ਬਾਅਦ ਖ਼ਬਰਾਂ, ਚਲੰਤ ਮਾਮਲਿਆਂ ਬਾਰੇ ਪ੍ਰੋਗਰਾਮ ਚਲਦੇ ਰਹਿੰਦੇ ਹਨ।ਇਸ ਵਿਚ ਹਿੰਦੀ ਦੇ ਕਰੀਬ 150 ਸਟੇਸ਼ਨ ਹਨ, ਅਮਰੀਕਾ ਅਤੇ ਕੈਨੇਡਾ ਵਿਚ ਮਿਲੀ ਸਫਲਤਾ ਤੋਂ ਬਾਅਦ ਜਲਦੀ ਹੀ ਦੇਸੀ ਵਰਲਡ ਵਾਲੇ ਇਸ ਰੇਡੀਓ ਨੂੰ ਅਸਟਰੇਲੀਆ, ਨਿਊਜੀਲੈਂਡ, ਜਰਮਨੀ ਅਤੇ ਇੰਗਲੈਂਡ ਵਿਚ ਉਤਾਰ ਰਹੇ ਹਨ, ਜਿਆਦਾ ਜਾਣਕਾਰੀ ਲਈ ਵੈਬਸਾਇਟ www.desiworldradio.com ਜਾਂ info@desiworldradio.com 'ਚੋ ਲਈ ਜਾ ਸਕਦੀ ਹੈ।

# ਜਵਾਨਾਂ ਨੂੰ ਮਾਤ ਪਾਉਂਦਾ ਮੈਰਾਥਨ ਦੌੜਾਕ

ਕੋਈ ਇਨਸਾਨ ਜੇ ਪੂਰਨ ਨਿਸ਼ਠਾ ਨਾਲ ਆਪਣੇ ਮਨ ਵਿਚ ਕੁਝ ਬਣਨ ਬਾਰੇ ਧਾਰ ਲਵੇ ਤਾਂ ਲਗਨ, ਦ੍ਰਿੜ੍ਹਤਾ ਅਤੇ ਮਿਹਨਤ ਨਾਲ ਉਹ ਆਪਣੇ ਮੁਕਾਮ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹੋ ਜਿਹੀ ਸੋਚ ਦਾ ਮਾਲਕ ਹੈ ਰਾਮਦਾਸ। ਰਾਮਦਾਸ ਦਾ ਜਨਮ ਮਾਤਾ ਸੁਰਤ ਕੌਰ ਦੀ ਕੁੱਖੋਂ ਪਿਤਾ ਗੁਰਬਖਸ਼ ਸਿੰਘ ਦੇ ਗ੍ਰਹਿ ਵਿਖੇ ਪਿੰਡ ਸਿੰਬਲ ਮਾਜਰਾ ਤਹਿਸੀਲ ਖਰੜ (ਰੋਪੜ) ਵਿਖੇ ਸੰਨ 1946 ਵਿਚ ਹੋਇਆ। ਇਕ ਭੈਣ ਅਤੇ ਤਿੰਨ ਭਰਾਵਾਂ ਦਾ ਪਰਿਵਾਰ ਖੇਤੀਬਾੜੀ ਉਪਰ ਨਿਰਭਰ ਕਰਦਾ ਸੀ। ਸਤਾਰਾਂ ਸਾਲ ਦੀ ਉਮਰ ਵਿਚ ਰਾਮਦਾਸ ਫੌਜ ਵਿਚ ਭਰਤੀ ਹੋ ਗਿਆ। ਉਸ ਨੇ 1965 ਦੀ ਲੜਾਈ ਪਾਕਿਸਤਾਨ ਨਾਲ ਬੰਗਲਾਦੇਸ਼ ਸਰਹੱਦ ’ਤੇ ਲੜੀ। ਉਸ ਤੋਂ ਬਾਅਦ 1971 ਦੀ ਲੜਾਈ ਵਿਚ ਵੀ ਹਿੱਸਾ ਲਿਆ। ਫੌਜ ਵਿਚ ਹੀ ਆਪਣੀ ਰਜਿਮੈਂਟ ਦੀ ਹਾਕੀ ਟੀਮ ਦਾ ਉਹ ਮੈਂਬਰ ਬਣ ਗਿਆ। ਫੌਜਾਂ ਦੀ ਨੌਕਰੀ ਦੌਰਾਨ ਹੀ ਉਸ ਨੇ ਅੱਠਵੀਂ ਜਮਾਤ ਤਕ ਪੜ੍ਹਾਈ ਕੀਤੀ। 1978 ਵਿਚ ਭਾਵੇਂ ਉਸ ਨੇ ਫੌਜ ਦੀ ਨੌਕਰੀ ਛੱਡ ਦਿੱਤੀ ਪਰ ਖੇਡਾਂ ਦਾ ਸਾਥ ਨਾ ਛੱਡਿਆ। ਇਸ ਤੋਂ ਬਾਅਦ ਲੰਮਾ ਸਮਾਂ ਅਭਿਆਸ ਕੀਤਾ। ਕਿਸੇ ਖਾਸ ਮੁਕਾਬਲੇ ਵਿਚ ਭਾਗ ਨਾ ਲਿਆ। ਫੌਜ ਦੀ ਨੌਕਰੀ ਬਾਅਦ ਉਹ ਐਸ.ਵਾਈ.ਐਲ. ਅਧੀਨ ਸਿੰਜਾਈ ਵਿਭਾਗ ਪੰਜਾਬ ਵਿਚ ਨੌਕਰੀ ਕਰਨ ਲੱਗ ਪਿਆ। ਉਹ ਪੰਜਾਬ ਯੂਨੀਵਰਸਿਟੀ ਦੇ ਸਰੀਰਕ ਸਿੱਖਿਆ ਵਿਭਾਗ ਦੇ ਪ੍ਰੋ. ਜੀ.ਐਸ. ਬਰਾੜ ਦਾ ਹਮੇਸ਼ਾ ਰਿਣੀ ਰਹੇਗਾ ਜਿਨ੍ਹਾਂ ਵੱਲੋਂ ਦਿੱਤੀ ਹੱਲਾਸ਼ੇਰੀ ਉਨ੍ਹਾਂ ਨੂੰ ਪਟਿਆਲੇ ਲੈ ਗਈ। ਵੈਟਰਨ ਅਥਲੀਟ ਰਾਮਦਾਸ ਨੇ 2001 ਵਿਚ ਪਟਿਆਲੇ ਵਿਖੇ ਆਪਣੇ 55 ਸਾਲ ਉਮਰ ਵਰਗ ਵਿਚ 10,000 ਮੀਟਰ ਦੌੜ ਵਿਚ ਭਾਗ ਲਿਆ। ਇਸ ਦੌੜ ਵਿਚ ਉਹ ਪਹਿਲੇ ਸਥਾਨ ‘ਤੇ ਆਇਆ। ਸਪੋਰਟਸ ਵਿਭਾਗ ਨੇ ਉਸ ਨੂੰ ਇਸ ਪ੍ਰਾਪਤੀ ਉਪਰੰਤ ਇਕ ਮੈਡਲ ਦਿੱਤਾ। ਇਸ ਤੋਂ ਬਾਅਦ ਉਸ ਦੀ ਚੋਣ ਪੰਜਾਬ ਦੀ ਟੀਮ ਵਿਚ ਹੋ ਗਈ। ਇਸ ਮਗਰੋਂ ਬੰਗਲੌਰ ਵਿਖੇ 10 ਕਿਲੋਮੀਟਰ ਦੌੜ ਵਿਚ ਭਾਗ ਲਿਆ ਅਤੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਉਸ ਮਗਰੋਂ 21 ਕਿਲੋਮੀਟਰ ਦੌੜ ਵਿਚ ਹਿੱਸਾ ਲਿਆ ਤੇ ਉਸ ਵਿਚ ਵੀ ਪੰਜਵਾਂ ਸਥਾਨ ਹਾਸਲ ਕੀਤਾ।



ਇਸ ਪ੍ਰਾਪਤੀ ਉਪਰੰਤ ਬੰਗਲੌਰ ਵਿਖੇ ਸਪੋਰਟਸ ਵਿਭਾਗ ਨੇ ਉਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

ਮੁਹਾਲੀ ਵਿਖੇ 2005 ਵਿਚ 57 ਸਾਲ ਦੀ ਉਮਰ ਵਿਚ ਹੋਈ ਮੈਰਾਥਨ ਦੌੜ ਵਿਚ ਭਾਗ ਲਿਆ ਅਤੇ ਪਹਿਲਾ ਸਥਾਨ ਕੀਤਾ। ਇਨਾਮ ਵੱਜੋਂ ਸਪੋਰਟਸ ਵਿਭਾਗ ਨੇ ਇਕ ਘੜੀ ਦਿੱਤੀ। ਚੰਡੀਗੜ੍ਹ ਵਿਚ ਰਾਮਦਾਸ ਹਮੇਸ਼ਾ ਹੀ ਮੈਰਾਥਨ ਦੌੜਾਂ ਵਿਚ ਭਾਗ ਲੈਂਦਾ ਅਕਸਰ ਹੀ ਦੇਖਿਆ ਜਾ ਸਕਦਾ ਹੈ। ਸਿੰਜਾਈ ਵਿਭਾਗ ਵਿੱਚੋਂ ਸੇਵਾਮੁਕਤ ਹੋਣ ਮਗਰੋਂ ਵੀ ਰਾਮਦਾਸ ਨੇ ਦੌੜਨਾ ਜਾਰੀ ਰੱਖਿਆ। 3 ਮਾਰਚ 2011 ਨੂੰ ਲੇਕ ਕਲੱਬ ਵਿਖੇ 21 ਕਿਲੋਮੀਟਰ ਦੀ ਮੈਰਾਥਨ ਦੌੜ ਵਿਚ ਭਾਗ ਲਿਆ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਚੰਡੀਗੜ੍ਹ ਪ੍ਰਸ਼ਾਸਨ ਨੇ ਉਸ ਨੂੰ ਇਕ ਮੈਡਲ ਅਤੇ ਇਕ ਟੋਪੀ ਜਿਸ ਉਤੇ ਮੈਰਾਥਨ ਲਿਖਿਆ ਹੋਇਆ, ਦੇ ਕੇ ਸਨਮਾਨਿਤ ਕੀਤਾ।

ਇਸ ਥਾਂ ਉਹ ਸਵੇਰ-ਸ਼ਾਮ ਬਜ਼ੁਰਗਾਂ ਦੇ ਨਾਲ-ਨਾਲ ਕਈ ਪੁਲੀਸ ਵਿਚ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਸਿਖਲਾਈ ਦਿੰਦਾ ਅਕਸਰ ਮਿਲ ਜਾਂਦਾ ਹੈ। ਉਸ ਨੂੰ ਸਰਕਾਰਾਂ ਅਤੇ ਕੰਪਨੀਆਂ ‘ਤੇ ਗਿਲ੍ਹਾ ਹੈ ਜਿਹੜੀਆਂ ਕ੍ਰਿਕਟ ਖਿਡਾਰੀਆਂ ‘ਤੇ ਤਾਂ ਏਨਾ ਪੈਸਾ ਲਾ ਦਿੰਦੀਆਂ ਹਨ ਪਰ ਅਥਲੀਟਾਂ ਦੀ ਕੋਈ ਸਾਰ ਨਹੀਂ ਲੈਂਦਾ।

**-ਸੁਪਿੰਦਰ ਸਿੰਘ ਰਾਣਾ**

# ਮਾਲਵੇ ਦੀ ਧਰਤੀ ’ਤੇ ਹਾਕੀ ਦਾ ਮਾਲੀ

ਰਾਜਵੰਤ ਸਿੰਘ ਮਾਨ ਹਾਕੀ ਜਗਤ ਦਾ ਉਹ ਹਸਤਾਖਰ ਹੈ, ਜਿਸ ਨੇ ਬਿਨਾਂ ਕਿਸੇ ਸਰਕਾਰੀ ਮਦਦ ਤੋਂ ਬਠਿੰਡਾ ਜ਼ਿਲ੍ਹੇ ’ਚ ਹਾਕੀ ਖੇਡ ਨੂੰ ਜੀਵਿਤ ਰੱਖਿਆ ਹੈ। ਅੱਜ ਰਾਜਵੰਤ ਦੀਆਂ ਕੋਸ਼ਿਸ਼ਾਂ ਅਤੇ ਉਪਰਾਲਿਆਂ ਦੀ ਬਦੌਲਤ ਬਠਿੰਡਾ ਜ਼ਿਲ੍ਹੇ ਦੇ ਦਰਜਨਾਂ ਖਿਡਾਰੀ-ਖਿਡਾਰਨਾਂ ਨੇ ਸੂਬਾ ਪੱਧਰ ’ਤੇ ਹੀ ਨਹੀਂ, ਬਲਕਿ ਰਾਸ਼ਟਰੀ ਪੱਧਰ ‘ਤੇ ਵੀ ਆਪਣੀ ਖੇਡ ਦਾ ਲੋਹਾ ਮਨਵਾਇਆ ਹੈ। ਰਾਜਵੰਤ ਨੂੰ ਇਹ ਮਾਣ ਹੈ ਕਿ ਉਸ ਦੁਆਰਾ ਤਰਾਸ਼ੇ ਗਏ ਦਰਜਨ ਦੇ ਕਰੀਬ ਖਿਡਾਰੀ ਇੰਡੀਆ ਕੈਂਪ ਵਿੱਚ ਵੀ ਸ਼ਮੂਲੀਅਤ ਕਰ ਚੁੱਕੇ ਹਨ। ਕੋਚ ਰਾਜਵੰਤ ਸਿੰਘ ਦਾ ਜਨਮ ਨਛੱਤਰ ਸਿੰਘ ਮਾਨ ਦੇ ਘਰ ਅਤੇ ਮਾਤਾ (ਸਵਰਗੀ) ਬਲਜੀਤ ਕੌਰ ਦੀ ਕੁੱਖੋਂ ਹੋਇਆ, ਜਿਨ੍ਹਾਂ ਨੇ ਉਸ ਨੂੰ ਮਾਰਗ-ਦਰਸ਼ਕ ਬਣ ਕੇ ਉਸ ਦੀ ਮੰਜ਼ਲ ਵੱਲ ਵਧਣ ਲਈ ਹਮੇਸ਼ਾ ਪ੍ਰੇਰਿਤ ਕੀਤਾ। ਇਸ ਦੀ ਬਦੌਲਤ ਰਾਜਵੰਤ ਨੇ ਇੱਕ ਤੋਂ ਬਾਅਦ ਇੱਕ ਮੰਜ਼ਲ ਨੂੰ ਸਰ ਕੀਤਾ। ਰਾਜਵੰਤ ਨੇ ਆਪਣੀ ਮੁਢਲੀ ਪੜ੍ਹਾਈ ਗੁਰੂ ਨਾਨਕ ਸਕੂਲ ਬਠਿੰਡਾ ਤੋਂ ਪ੍ਰਾਪਤ ਕੀਤੀ, ਜਦਕਿ ਨੇ ਬੀ.ਏ. ਦੀ ਡਿਗਰੀ ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਡੀ.ਪੀ.ਐੱਡ. ਅਤੇ ਐਮ.ਪੀ.ਐੱਡ. ਕੀਤੀ। ਰਾਜਵੰਤ ਦਾ ਹਾਕੀ ਵੱਲ ਰੁਝਾਨ ਬਚਪਨ ਤੋਂ ਹੀ ਸੀ। ਸਕੂਲ ਤੋਂ ਹੀ ਹਾਕੀ ਖੇਡ ਨਾਲ ਜੁੜਨ ਵਾਲੇ ਰਾਜਵੰਤ ਸਿੰਘ ਮਾਨ ਦੇ ਸੁਪਨਿਆਂ ਨੂੰ ਪੂਰ ਚੜ੍ਹਾਉਣ ਲਈ ਉਸ ਦੇ ਗੁਰੂ ਰੁਪਿੰਦਰ ਸਿੰਘ ਸਿੱਧੂ (ਸੇਵਾਮੁਕਤ ਜ਼ਿਲ੍ਹਾ ਖੇਡ ਅਫਸਰ) ਨੇ ਆਪਣੇ ਬੱਚਿਆਂ ਵਾਂਗ ਉਸ ਨੂੰ ਹਾਕੀ ਦੇ ਗੁਰ ਸਿਖਾਏ, ਜਿਨ੍ਹਾਂ ਦੀ ਬਦੌਲਤ ਰਾਜਵੰਤ ਨੇ ਆਪਣੇ ਵਿਦਿਅਕ ਜੀਵਨ ਦੌਰਾਨ 6 ਵਾਰ ਕੌਮੀ ਪੱਧਰ ‘ਤੇ ਅਤੇ ਤਿੰਨ ਵਾਰ ਇੰਟਰ-ਵਰਸਿਟੀ ਹਾਕੀ ਚੈਂਪੀਅਨਸ਼ਿਪਾਂ ਵਿੱਚ ਸ਼ਾਨਦਾਰ ਖੇਡ ਵਿਖਾ ਕੇ ਆਪਣੀਆਂ ਟੀਮਾਂ ਨੂੰ ਜਿੱਤਾਂ ਦਿਵਾਈਆਂ। ਵਧਦੀ ਉਮਰ ਦੇ ਨਾਲ ਰਾਜਵੰਤ ਦਾ ਹਾਕੀ ਖੇਡ ਪ੍ਰਤੀ ਜਨੂੰਨ ਘਟ ਨਾ ਹੋਇਆ ਅਤੇ ਉਸ ਨੇ ਆਪਣੀ ਸਿੱਖਿਆ ਪੂਰੀ ਹੁੰਦਿਆਂ ਹੀ ਖੇਡ ਸਟੇਡੀਅਮ ਬਠਿੰਡਾ ਵਿਖੇ ਆਸ-ਪਾਸ ਦੇ ਬੱਚਿਆਂ ਨੂੰ ਇਕੱਠੇ ਕਰਕੇ ਹਾਕੀ ਖੇਡਣ ਲਾ ਲਿਆ, ਜਿਨ੍ਹਾਂ ਨੂੰ ਰਾਜਵੰਤ ਨੇ ਸਵੇਰੇ-ਸ਼ਾਮ ਹਾਕੀ ਦਾ ਅਭਿਆਸ ਕਰਵਾਉਣਾ ਸ਼ੁਰੂ ਕਰ ਦਿੱਤਾ।



ਉਸ ਦੀ ਹਾਕੀ ਪ੍ਰਤੀ ਲਗਨ ਨੂੰ ਦੇਖਦਿਆਂ ਕੇਂਦਰੀ ਵਿਦਿਆਲਿਆ ਛਾਉਣੀ ਬਠਿੰਡਾ ਨੇ ਆਪਣੇ ਸਕੂਲ ਵਿੱਚ ਕੋਚ ਨਿਯੁਕਤ ਕਰ ਲਿਆ, ਜਿਥੇ ਉਸ ਨੇ ਲਗਾਤਾਰ ਤਿੰਨ ਸਾਲ ਖਿਡਾਰੀਆਂ ਨੂੰ ਮਿਹਨਤ ਕਰਵਾਈ ਅਤੇ ਤਿੰਨੋਂ ਸਾਲ ਕੇਂਦਰੀ ਵਿਦਿਆਲਿਆ ਦੀ ਟੀਮ ਸੋਨ ਤਮਗਾ ਜਿੱਤਦੀ ਰਹੀ। ਸਾਲ 2008 ਵਿੱਚ ਖੇਡ ਵਿਭਾਗ ਨੇ ਰਾਜਵੰਤ ਨੂੰ ਕੋਚ ਨਿਯੁਕਤ ਕਰ ਲਿਆ ਅਤੇ ਉਦੋਂ ਤੋਂ ਉਸ ਕੋਲ 80 ਦੇ ਕਰੀਬ ਲੜਕੇ-ਲੜਕੀਆਂ ਹਾਕੀ ਦੀ ਸਿਖਲਾਈ ਲੈ ਰਹੀਆਂ ਹਨ।

ਰਾਜਵੰਤ ਦੀ ਇਹ ਵੱਡੀ ਪ੍ਰਾਪਤੀ ਹੈ ਕਿ ਉਸ ਦੇ 40 ਖਿਡਾਰੀ ਅਲੱਗ-ਅਲੱਗ ਅਕੈਡਮੀਆਂ ਵਿੱਚ ਖੇਡ ਰਹੇ ਹਨ। ਰਾਜਵੰਤ ਮਾਨ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਬਦਲੇ ਡੀ.ਏ.ਵੀ. ਕਾਲਜ, ਮਾਲਵਾ ਹੈਰੀਟੇਜ ਫਾਊਂਡੇਸ਼ਨ ਅਤੇ ਭਗਤ ਸਿੰਘ ਦੇ ਸ਼ਹੀਦੀ ਦਿਵਸ ‘ਤੇ ਐਮ.ਐਸ.ਡੀ. ਸਕੂਲ ਵਿੱਚ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

ਰਾਜਵੰਤ ਮਾਨ ਦਾ ਕਹਿਣਾ ਹੈ ਕਿ ਪਰਗਟ ਸਿੰਘ ਦੇ ਖੇਡ ਵਿਭਾਗ ਦੇ ਡਾਇਰੈਕਟਰ ਬਣਨ ਨਾਲ ਇੱਕ ਵਾਰ ਫਿਰ ਹਾਕੀ ਖੇਡ ਵਿੱਚ ਜਾਨ ਆ ਗਈ ਹੈ। ਭਾਰਤ ਦੀ ਕੌਮੀ ਖੇਡ ਹਾਕੀ ਦੇ ਇੱਕ ਵਾਰ ਫਿਰ ਬੁਲੰਦੀਆਂ ਨੂੰ ਛੂਹਣ ਦੀ ਆਸ ਜਾਗੀ ਹੈ। ਰਾਜਵੰਤ ਮਾਨ ਨੇ ਕਿਹਾ ਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਖੇਡ ਪ੍ਰਤੀ ਕਾਫੀ ਦਿਲਚਸਪੀ ਲੈ ਰਹੇ ਹਨ, ਜਿਸ ਨਾਲ ਪੰਜਾਬ ਦੀ ਨਵੀਂ ਪਨੀਰੀ ਖੇਡਾਂ ਵੱਲ ਹੋਰ ਜ਼ਿਆਦਾ ਦਿਲਚਸਪੀ ਲਵੇਗੀ ਅਤੇ ਨਸ਼ਿਆਂ ਦੀ ਦਲਦਲ ਵਿੱਚੋਂ ਨੌਜਵਾਨਾਂ ਦੇ ਨਿਕਲਣ ਕੁਝ ਆਸਾਰ ਬਨਣਗੇ। ਰਾਜਵੰਤ ਮਾਨ ਨੇ ਕਿਹਾ ਕਿ ਬਠਿੰਡਾ ‘ਚ ਬਣ ਰਿਹਾ ਹਾਕੀ ਦਾ ਐਸਟਰੋਟਰਫ ਮੈਦਾਨ ਇੱਥੋਂ ਦੇ ਖਿਡਾਰੀਆਂ ਨੂੰ ਵਿਸ਼ਵ ਪੱਧਰ ਤੱਕ ਲਿਜਾਣ ਵਿੱਚ ਅਹਿਮ ਭੂਮਿਕਾ ਨਿਭਾਏਗਾ।




# ਟਰੈਫਿਕ ਨਿਯਮਾਂ ਦੀ ਉਲੰਘਣਾ 'ਚ ਸਭ ਤੋਂ ਮੋਹਰੀ ਨੇ ਪੰਜਾਬੀ

ਚੰਡੀਗੜ੍ਹ- ਪੰਜਾਬ ਦੇ ਲੋਕ ਸੜਕੀ ਨਿਯਮਾਂ ਦੀ ਪਾਲਣਾ ਕਰਨ ਦੇ ਆਦੀ ਨਹੀਂ ਹਨ। ਭਾਵੇਂ ਪੰਜਾਬ ਦੀਆਂ ਸੜਕਾਂ ਉਪਰ ਰੋਜ਼ਾਨਾ 9 ਵਿਅਕਤੀ ਹਾਦਸਿਆਂ ਦੀ ਭੇਟ ਚੜ੍ਹ ਰਹੇ ਹਨ ਪਰ ਸੂਬੇ ਦੇ ਲੋਕ ਜਿਥੇ ਹੈਲਮਟ ਪਾਉਣ 'ਚ ਹੱਤਕ ਮਹਿਸੂਸ ਕਰਦੇ ਹਨ ਉਥੇ ਡਰਾਈਵਿੰਗ ਲਾਇਸੈਂਸ ਦੀ ਵੀ ਲੋੜ ਨਹੀਂ ਸਮਝਦੇ। ਪੰਜਾਬੀ ਟ੍ਰੈਫਿਕ ਪੁਲੀਸ ਨੂੰ ਚਲਾਨਾਂ ਦੇ ਜੁਰਮਾਨੇ ਵਜੋਂ ਸਾਲਾਨਾ 20 ਕਰੋੜ ਰੁਪਏ ਦੇਣ ਲਈ ਤਾਂ ਤਿਆਰ ਹਨ ਪਰ ਉਹ ਵਾਹਨਾਂ ਦੇ ਦਸਤਾਵੇਜ਼ ਬਣਾਉਣ ਅਤੇ ਬੀਮਾ ਕਰਵਾਉਣ ਲਈ ਤਿਆਰ ਨਹੀਂ ਹਨ।

ਪੰਜਾਬ ਪੁਲੀਸ ਤੋਂ ਰਾਜ ਦੀਆਂ ਸੜਕਾਂ ਉਪਰ ਟ੍ਰੈਫਿਕ ਨਿਯਮਾਂ ਦੀਆਂ ਉਡ ਰਹੀਆਂ ਧੱਜੀਆਂ ਦੇ ਹਾਸਲ ਕੀਤੇ ਅੰਕੜੇ ਸਪੱਸ਼ਟ ਸੰਕੇਤ ਦਿੰਦੇ ਹਨ ਕਿ ਆਧੁਨਿਕ ਯੁੱਗ ਵਿਚ ਵੀ ਪੰਜਾਬ ਦੇ ਲੋਕ ਟ੍ਰੈਫਿਕ ਨਿਯਮਾਂ ਤੋਂ ਕੋਹਾਂ ਦੂਰ ਹਨ। ਪੰਜਾਬੀ ਵਾਹਨ ਚਾਲਕ ਰੋਜ਼ਾਨਾ 1529 ਚਲਾਨ ਕਟਵਾ ਕੇ ਪੰਜ ਲੱਖ ਰੁਪਏ ਜੁਰਮਾਨਾ ਭੁਗਤਣ ਲਈ ਤਾਂ ਤਿਆਰ ਹਨ ਪਰ ਮੋਟਰ ਵਹੀਕਲ ਐਕਟ ਅਪਣਾਉਣ ਲਈ ਤਿਆਰ ਨਹੀਂ ਹਨ। ਪੰਜਾਬ ਪੁਲੀਸ ਵਲੋਂ ਸੜਕੀਂ ਨਿਯਮਾਂ ਦੀਆਂ ਉਲੰਘਣਾਵਾਂ ਉਪਰ ਵੱਡੇ ਪੱਧਰ 'ਤੇ ਅੱਖਾਂ ਮਿਟਣ ਦੇ ਬਾਵਜੂਦ ਪਿਛਲੇ ਵਰ੍ਹੇ ਮੋਟਰ ਵਹੀਕਲ ਐਕਟ ਦੀਆਂ ਵੱਖ-ਵੱਖ ਮੱਦਾਂ ਤਹਿਤ 5,58,110 ਵਾਹਨ ਚਾਲਕਾਂ ਦੇ ਚਲਾਨ ਕੱਟ ਕੇ 20 ਕਰੋੜ ਰੁਪਏ ਜੁਰਮਾਨਾ ਉਗਰਾਹਿਆ ਗਿਆ ਸੀ। ਭਾਵੇਂ ਪੁਲੀਸ ਵਲੋਂ "ਆਪਸੀ ਸਹਿਮਤੀ" ਨਾਲ ਚਲਾਨ ਕੱਟਣ ਤੋਂ ਗੁਰੇਜ਼ ਕਰਨ ਦੇ ਅੰਕੜੇ ਵੱਖਰੇ ਹਨ ਪਰ ਅਜਿਹੇ ਹਾਲਾਤਾਂ ਵਿਚ ਵੀ ਪਿਛਲੇ ਵਰ੍ਹੇ ਬਿਨਾਂ ਹੈਲਮਟ ਦੋ-ਪਹੀਆ ਵਾਹਨ ਚਲਾਉਣ ਵਾਲੇ 1,39,939 ਵਿਅਕਤੀਆਂ ਦੇ ਚਲਾਨ ਕੱਟੇ ਗਏ। ਪਿਛਲੇ ਵਰ੍ਹੇ ਪੰਜਾਬ ਦੀਆਂ ਸੜਕਾਂ 'ਤੇ ਬਿਨਾਂ ਲਾਈਸੈਂਸ ਵਾਹਨ ਚਲਾਉਣ ਵਾਲੇ 91,039 ਵਿਅਕਤੀ ਫੜੇ ਗਏ ਸਨ। ਵਾਹਨਾਂ ਦਾ ਬੀਮਾ ਨਾ ਕਰਵਾਉਣ ਵਾਲੇ 42,532 ਵਿਅਕਤੀਆਂ ਦੇ ਚਲਾਨ ਕੱਟੇ ਗਏ। ਇਸ ਤੋਂ ਇਲਾਵਾ ਦਸਤਾਵੇਜ਼ਾਂ ਤੋਂ ਬਿਨਾਂ ਵਾਹਨ ਚਲਾਉਣ ਵਾਲੇ 29,412 ਵਿਅਕਤੀਆਂ ਦੇ ਚਲਾਨ ਕੱਟੇ ਗਏ ਸਨ। ਪੰਜਾਬ ਵਿਚ ਲਾਲ ਬੱਤੀ ਦੀ ਉਲੰਘਣਾ ਕਰਨ ਵਾਲਿਆਂ ਦੀ ਵੀ ਘਾਟ ਨਹੀਂ ਹੈ। ਪਿਛਲੇ ਵਰ੍ਹੇ 28,973 ਵਾਹਨ ਚਾਲਕਾਂ ਦੇ ਲਾਲ ਬੱਤੀ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਚਲਾਨ ਕੱਟੇ ਗਏ ਸਨ। ਗਲਤ ਪਾਰਕਿੰਗ ਕਰਨ ਵਾਲੇ




27,973 ਵਾਹਨ ਚਾਲਕਾਂ ਨੂੰ ਜੁਰਮਾਨੇ ਕੀਤੇ ਗਏ। ਪੁਲੀਸ ਖੁਦ ਮੰਨਦੀ ਹੈ ਕਿ ਪੰਜਾਬ ਵਿਚ ਸੜਕ ਹਾਦਸਿਆਂ ਦੌਰਾਨ ਹਰੇਕ ਸਾਲ 3423 ਵਿਅਕਤੀਆਂ ਦੀ ਮੌਤ ਦਾ ਮੁੱਖ ਕਾਰਨ ਸ਼ਰਾਬ ਪੀ ਕੇ ਵਾਹਨ ਚਲਾਉਣਾ ਹੈ ਪਰ ਪਿਛਲੇ ਪੂਰੇ ਵਰ੍ਹੇ ਦੌਰਾਨ ਪੰਜਾਬ ਦੀ ਟ੍ਰੈਫਿਕ ਪੁਲੀਸ ਨੂੰ ਸ਼ਰਾਬ ਪੀ ਕੇ ਗੱਡੀ ਚਲਾਉਂਦੇ ਕੇਵਲ 715 ਵਿਅਕਤੀ ਹੀ ਦਿਸੇ ਸਨ। ਪੰਜਾਬ ਦੇ ਲੋਕਾਂ ਨੂੰ ਹਾਲੇ ਵਾਹਨ ਚਲਾਉਂਦਿਆਂ ਸੇਫਟੀ ਬੈਲਟ ਲਾਉਣ ਦੀ ਆਦਤ ਵੀ ਨਹੀਂ।

ਪਿਛਲੇ ਵਰ੍ਹੇ ਟ੍ਰੈਫਿਕ ਪੁਲੀਸ ਨੇ 25,940 ਵਿਅਕਤੀਆਂ ਨੂੰ ਬਿਨਾਂ ਸੇਫਟੀ ਬੈਲਟ ਲਾਏ ਵਾਹਨ ਚਲਾਉਂਦਿਆਂ ਕਾਬੂ ਕੀਤਾ ਹੈ। ਪੰਜਾਬ ਦੇ ਲੋਕ ਵਾਹਨ ਚਲਾਉਂਦਿਆਂ ਮੋਬਾਈਲ ਫੋਨਾਂ ਦੀ ਵੀ ਰੱਜ ਕੇ ਵਰਤੋਂ ਕਰਦੇ ਹਨ। ਭਾਵੇਂ ਪੰਜਾਬ ਦੀ ਟ੍ਰੈਫਿਕ ਪੁਲੀਸ ਇਸ ਵਰਤਾਰੇ ਪ੍ਰਤੀ ਪੂਰੀ ਅਣਗਹਿਲੀ ਵਰਤਦੀ ਹੈ ਪਰ ਇਸ ਦੇ ਬਾਵਜੂਦ ਪਿਛਲੇ ਵਰ੍ਹੇ 19,958 ਵਿਅਕਤੀ ਕਾਰਾਂ ਚਲਾਉਂਦਿਆਂ ਮੋਬਾਈਲ ਫੋਨ ਵਰਤਦੇ ਫੜੇ ਗਏ ਹਨ। 20,353 ਵਿਅਕਤੀ ਵਾਹਨਾਂ ਉਪਰ ਨੰਬਰ ਪਲੇਟ ਲਾਏ ਬਿਨਾਂ ਹੀ ਸੜਕਾਂ 'ਤੇ ਘੁੰਮਦੇ ਕਾਬੂ ਕੀਤੇ ਗਏ। ਪੁਲੀਸ ਨੂੰ ਸਾਰਾ ਸਾਲ ਕੇਵਲ 945 ਵਾਹਨ ਚਾਲਕ ਹੀ ਸਿਗਰਟ ਪੀਂਦੇ ਦਿਸੇ ਹਨ। ਭਾਵੇਂ ਪੁਲੀਸ ਖੁਦ ਮੰਨਦੀ ਹੈ ਕਿ ਹਾਦਸਿਆਂ ਦਾ ਇਕ ਮੁੱਖ ਕਾਰਨ ਤੇਜ਼ ਰਫਤਾਰੀ ਹੈ ਪਰ 365 ਦਿਨਾਂ ਦੌਰਾਨ ਪੁਲੀਸ ਨੂੰ ਅਜਿਹੇ ਕੇਵਲ 2596 ਵਾਹਨ ਚਾਲਕ ਹੀ ਦਿਸੇ ਹਨ। ਸੜਕੀਂ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਿਚ ਲੁਧਿਆਣੇ ਵਾਲੇ ਸਭ ਤੋਂ ਮੋਹਰੀ ਹਨ। ਪੁਲੀਸ ਨੇ ਪਿਛਲੇ ਵਰ੍ਹੇ ਇਸ ਜ਼ਿਲ੍ਹੇ ਵਿਚ 1,44,541 ਵਾਹਨ ਚਾਲਕਾਂ ਦੇ ਚਲਾਨ ਕੱਟੇ ਹਨ। ਇਸੇ ਤਰ੍ਹਾਂ ਪਿਛਲੇ ਵਰ੍ਹੇ ਜ਼ਿਲ੍ਹਾ ਜਲੰਧਰ ਵਿਚ 73,027, ਜ਼ਿਲ੍ਹਾ ਪਟਿਆਲੇ ਵਿਚ 41733 ਅਤੇ ਜ਼ਿਲ੍ਹਾ ਮੁਹਾਲੀ ਵਿਚ 38,122 ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ।

ਪੁਲਿਸ ਦੇ ਅੰਕੜਿਆਂ ਅਨੁਸਾਰ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਲੋਕ ਸੜਕੀਂ ਨਿਯਮਾਂ ਦੇ ਸਭ ਤੋਂ ਵੱਧ ਪਾਬੰਦ ਹਨ। ਕਿਉਂਕਿ ਇਸ ਜ਼ਿਲ੍ਹੇ ਵਿਚ ਪਿਛਲੇ ਪੂਰੇ ਵਿਚ ਕੇਵਲ 3411 ਚਲਾਨ ਹੀ ਕੱਟੇ ਗਏ ਹਨ। ਇਸ ਤੋਂ ਇਲਾਵਾ ਤਰਨ ਤਾਰਨ ਜ਼ਿਲ੍ਹੇ ਵਿਚ ਵੀ ਕੇਵਲ 5218 ਚਲਾਨ ਹੀ ਕੱਟੇ ਗਏ ਹਨ। ਭਾਵੇਂ ਪੰਜਾਬ ਦੇ ਲੋਕ ਵਾਹਨਾਂ ਦੀਆਂ ਖਿੜਕੀਆਂ 'ਤੇ ਕਾਲੀਆਂ ਫਿਲਮਾਂ ਤੇ ਲਾਲ ਬੱਤੀਆਂ ਲਾਉਣ ਦੇ ਬੜੇ ਸ਼ੌਕੀਨ ਹਨ ਪਰ ਪੁਲੀਸ ਨੇ ਪਿਛਲੇ ਵਰ੍ਹੇ ਇਨ੍ਹਾਂ ਮਾਮਲਿਆਂ ਵਿਚ ਕ੍ਰਮਵਾਰ ਕੇਵਲ 5348 ਤੇ 169 ਚਲਾਨ ਹੀ ਕੱਟੇ ਹਨ। ਪ੍ਰੈਸ਼ਰ ਹਾਰਨ ਵਜਾਉਂਦੇ 7362 ਵਿਅਕਤੀਆਂ ਦੇ ਚਲਾਨ ਕੱਟੇ ਗਏ।

# ਨਵਾਂ ਸ਼ਹਿਰ ਇਲਾਕੇ ਵਿਚ ਹੜ੍ਹ ਦੀ ਮਾਰ ਬਰਕਰਾਰ

ਨਵਾਂ ਸ਼ਹਿਰ- ਹੜ੍ਹਾਂ ਦੇ ਦੂਜੇ ਦਿਨ ਵੀ ਜਿੱਥੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਈ ਪਿੰਡਾਂ ਚ ਸਥਿਤੀ ਗੰਭੀਰ ਬਣੀ ਹੋਈ ਹੈ, ਉੱਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਗਏ ਦਾਅਵੇ ਵੀ ਖੋਖਲੇ ਸਾਬਤ ਹੋ ਰਹੇ ਹਨ ਅਤੇ ਹੜ੍ਹਾਂ ਦੇ ਪਾਣੀ ਕਾਰਨ ਜ਼ਿਲ੍ਹੇ ਅੰਦਰ ਇਕ ਔਰਤ ਤੋਂ ਇਲਾਵਾ ਦਰਜਨ ਤੋਂ ਵੱਧ ਪਸ਼ੂਆਂ ਦੀ ਜਾਨ ਜਾ ਚੁੱਕੀ ਹੈ। ਅਨੇਕਾਂ ਲੋਕ ਮਕਾਨ ਢਹਿ ਜਾਣ ਕਰਕੇ ਘਰੋਂ ਬੇਘਰ ਹੋ ਗਏ ਹਨ ਜਿਨ੍ਹਾਂ ਨੂੰ ਸਮਾਜ ਸੇਵੀਆਂ ਵੱਲੋਂ ਸਹਾਰਾ ਦਿੱਤਾ ਗਿਆ ਹੈ।

ਭਾਵੇਂ ਇਸ ਜ਼ਿਲ੍ਹੇ ਵਿਚ ਹੜ੍ਹਾਂ ਦੇ ਪਾਣੀ ਦਾ ਪੱਧਰ ਕੁਝ ਘਟਿਆ ਹੈ ਪਰ ਹਾਲਾਤ ਅਜੇ ਵੀ ਚਿੰਤਾਜਨਕ ਬਣੇ ਹੋਏ ਹਨ। ਕਈ ਮਕਾਨਾਂ ਨੂੰ ਤਰੇੜਾਂ ਆਈਆਂ ਹੋਈਆਂ ਹਨ ਅਤੇ ਘਰਾਂ 'ਚ ਪਾਣੀ ਵੜਿਆ ਹੋਇਆ ਹੈ। ਪਾਣੀ ਨਾਲ ਘਰਾਂ 'ਚ ਰੱਖੇ ਹੋਏ ਸਾਮਾਨ ਦੇ ਖਰਾਬ ਹੋਣ ਕਰਕੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਸਲਾਂ ਬਰਬਾਦ ਹੋ ਗਈਆਂ ਹਨ ਅਤੇ ਕੁਝ ਵਿਅਕਤੀਆਂ ਨੂੰ ਸੱਪਾਂ ਨੇ ਡੰਗਿਆ ਹੈ।

ਨਵਾਂ ਸ਼ਹਿਰ ਦੇ ਉਤਰੀ ਭਾਗ 'ਚ ਵਗਦੀ ਡਰੇਨ ਦੇ ਪਾਣੀ ਨੇ ਨਾਲ ਲੱਗਦੇ ਕਈ ਮੁਹੱਲਿਆਂ ਦਾ ਭਾਰੀ ਨੁਕਸਾਨ ਕੀਤਾ ਹੈ। ਡਰੇਨ ਦੇ ਪਾਣੀ 'ਚ ਘਿਰੀ ਇਕ ਬਹੁਕੌਮੀ ਕੰਪਨੀ ਦੀ ਇਮਾਰਤ ਪ੍ਰਤੀ ਸਥਾਨਕ ਲੋਕਾਂ ਨੇ ਰੋਸ ਜ਼ਾਹਿਰ ਕਰਦਿਆਂ ਕਿਹਾ ਕਿ ਪਾਣੀ ਦੇ ਨਿਕਾਸ 'ਚ ਇਹ ਇਮਾਰਤ ਵੱਡੀ ਰੁਕਾਵਟ ਪਾ ਰਹੀ ਹੈ। ਗੜ੍ਹਸ਼ੰਕਰ ਰੋਡ ਦੇ ਕੱਲਰਾਂ ਮੁਹੱਲਾ ਵਾਸੀਆਂ ਦਾ ਗੁੱਸਾ ਪ੍ਰਸ਼ਾਸਨ ਪ੍ਰਤੀ ਮੂੰਹ ਚੜ੍ਹ ਬੋਲ ਰਿਹਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਾਰਾ ਦਿਨ ਘਰਾਂ ਦੀਆਂ ਛੱਤਾਂ 'ਤੇ ਬੈਠੇ ਰਹੇ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵਾਰ-ਵਾਰ ਫੋਨ ਕਰਨ 'ਤੇ ਵੀ ਕੋਈ ਵੀ ਉਨ੍ਹਾਂ ਦੀ ਖਬਰ ਲੈਣ ਨਹੀਂ ਆਇਆ। ਸ਼ਾਮ 5 ਵਜੇ ਤੋਂ ਬਾਅਦ ਇਕ ਬੇੜੀ ਆਈ ਜਿਸ ਨੇ ਉਨ੍ਹਾਂ ਨੂੰ ਪਾਣੀ 'ਚੋਂ ਬਾਹਰ ਕੱਢਿਆ। ਗੁਰੂ ਤੇਗ ਬਹਾਦਰ ਨਗਰ ਮੁਹੱਲਾ ਵਾਸੀਆਂ ਨੇ ਦੱਸਿਆ ਕਿ ਹੜ੍ਹ ਦੇ ਪਾਣੀ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਦੀ ਸਾਰ ਲੈਣ ਲਈ ਹੁਣ ਤਕ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਨਹੀਂ ਪਹੁੰਚਿਆ। ਅੱਜ ਉਨ੍ਹਾਂ ਨੂੰ ਕੌਂਸਲਰ ਪਰਮ ਸਿੰਘ ਖਾਲਸਾ, ਸਰਬ ਸਾਂਝਾ ਕਲੱਬ, ਵਰਿੰਦਰ ਲਵਲੀ-ਬੌਬੀ ਕੰਡਾਂ ਚਿੰਤਪੁਰਨੀ ਸੇਵਾ ਦਲ ਦੇ ਪ੍ਰਧਾਨ ਬੌਬੀ ਚੋਪੜਾ, ਮੰਨੂਪੁਰੀ, ਰਾਜੂਪੁਰੀ, ਪੰਕਜ ਕੁਮਾਰ ਅਤੇ ਸੌਰਵ ਕੁਮਾਰ ਆਪ ਬੇੜੀ ਚਲਾ ਕੇ ਉਨ੍ਹਾਂ ਕੋਲ ਪਹੁੰਚੇ ਅਤੇ ਉਨ੍ਹਾਂ ਨੂੰ ਲੰਗਰ ਪਹੁੰਚਾਇਆ। ਪਿੰਡ ਜਾਡਲਾ, ਸਲੋਹ, ਸਿੰਬਲੀ, ਚੂਹੜਪੁਰ, ਕੁਲਾਮ, ਮਹਿੰਦੀਪੁਰ, ਗੁਜਰਪੁਰ, ਮਹਾਲੋ, ਭੰਗਲ ਕਲਾਂ, ਭਾਰਟਾ ਕਲਾਂ, ਭਾਰਟਾ ਖੁਰਦ, ਲੰਗੜੋਆ ਵਿਖੇ ਅਜੇ ਵੀ ਹਾਲਤ ਗੰਭੀਰ ਬਣੀ ਹੋਈ ਹੈ। ਜਾਡਲਾ ਵਿਖੇ ਹੈਲਥ ਸੈਂਟਰ, ਪੁਲੀਸ ਚੌਕੀ, ਪਟਵਾਰਖਾਨਾ ਵਿਖੇ ਤਿੰਨ ਤੋਂ ਚਾਰ ਫੁੱਟ ਪਾਣੀ ਅਜੇ ਵੀ ਖੜ੍ਹਾ ਹੈ। ਇਸ ਪਿੰਡ ਦੀਆਂ ਦੋ ਔਰਤਾਂ ਨੂੰ ਸੱਪਾਂ ਨੇ ਡੰਗਿਆ ਹੈ। ਲੋਕਾਂ ਵੱਲੋਂ ਨਾਜਾਇਜ਼ ਕਬਜ਼ੇ ਕੀਤੇ ਹੋਣ ਕਾਰਨ ਪਿੰਡ 'ਚੋਂ ਪਾਣੀ ਦਾ ਨਿਕਾਸ ਬਹੁਤ ਹੌਲੀ ਹੋ ਰਿਹਾ ਹੈ। ਪਿੰਡ ਸਲੋਹ ਵਿਖੇ ਹੜ੍ਹ ਦੇ ਪਾਣੀ ਕਾਰਨ ਕਰੀਬ ਦਰਜਨ ਪਸ਼ੂ ਮਰ ਗਏ ਹਨ ਅਤੇ ਅਨੇਕਾਂ ਮਕਾਨਾਂ ਨੂੰ ਨੁਕਸਾਨ ਪੁੱਜਾ ਹੈ। ਪਿੰਡ ਸਿੰਬਲੀ ਵਿਖੇ ਪਾਣੀ ਦਾ ਪੱਧਰ ਜ਼ਿਆਦਾ ਹੋਣ ਕਰਕੇ ਇਹ ਕਰੀਬ 36 ਘੰਟੇ ਦੇਸ਼ ਨਾਲੋਂ ਕੱਟਿਆ ਰਿਹਾ ਹੈ। ਪਾਵਰਕੌਮ ਵੱਲੋਂ ਲਗਾਏ ਮੀਟਰ ਬਾਕਸ ਪਾਣੀ 'ਚ ਡੁੱਬਣ ਕਾਰਨ ਬਲੈਕ-ਆਊਟ ਵਰਗੀ ਸਥਿਤੀ ਬਣੀ ਹੋਈ ਹੈ। ਦਾਣੇ, ਤੂੜੀ, ਫਸਲਾਂ, ਘਰੇਲੂ ਸਾਮਾਨ ਪਾਣੀ 'ਚ ਡੁੱਬਣ ਕਾਰਨ ਖਰਾਬ ਹੋ ਗਏ ਹਨ।

ਲੋਕਾਂ ਨੇ ਨਹਿਰ ਟੁੱਟਣੋਂ ਬਚਾਈ: ਬਿਸਤ ਦੁਆਬ ਨਹਿਰ ਨੂੰ ਪਿੰਡ ਸੌਨਾ, ਸਿੰਬਲੀ ਅਤੇ ਪਿੰਡ ਚੂਹੜਪੁਰ ਵਾਸੀਆਂ ਨੇ ਹਿੰਮਤ ਕਰਦਿਆਂ ਰੇਤ ਦੇ ਥੈਲੇ ਲਗਾ ਕੇ ਟੁੱਟਣ ਤੋਂ ਬਚਾ ਲਿਆ। ਮੌਕੇ 'ਤੇ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਵਾਰ-ਵਾਰ ਪ੍ਰਸ਼ਾਸਨ ਨੂੰ ਨਹਿਰ ਦੇ ਟੁੱਟਣ ਸਬੰਧੀ ਦੱਸਿਆ ਜਾ ਰਿਹਾ ਹੈ ਪਰ ਪ੍ਰਸ਼ਾਸਨ ਵੱਲੋਂ ਕੋਈ ਹੁੰਗਾਰਾ ਨਾ ਭਰਨ 'ਤੇ ਉਹ ਖੁਦ ਹਿੰਮਤ ਦਿਖਾ ਰਹੇ ਹਨ।

# ਕਈ ਪਿੰਡ ਪਾਣੀ 'ਚ ਘਿਰੇ

ਗੁਰਾਇਆ-ਅੱਜ ਮੀਂਹ ਰੁਕਣ ਕਾਰਨ ਲੋਕਾਂ ਨੂੰ ਕੁਝ ਰਾਹਤ ਮਿਲੀ ਪਰ ਜੀ.ਟੀ. ਰੋਡ ਦੇ ਚੜ੍ਹਦੇ ਪਾਸੇ ਦੇ ਪਿੰਡਾਂ ਦੀਆਂ ਫਸਲਾਂ ਪਾਣੀ 'ਚ ਡੁੱਬ ਗਈਆਂ ਹਨ। ਬਹੁਤੇ ਥਾਵਾਂ 'ਤੇ ਝੋਨਾ ਬਿਲਕੁਲ ਦਿਖਾਈ ਨਹੀਂ ਦੇ ਰਿਹਾ।

ਰੁੜਕਾ ਕਲਾਂ 'ਚ ਪੈਟਰੋਲ ਪੰਪ ਲਾਗੇ ਪੁਲੀ ਬੈਠ ਗਈ, ਜਿਸ ਕਾਰਨ ਜੰਡਿਆਲੇ ਨੂੰ ਜਾਣ ਵਾਲਾ ਟ੍ਰੈਫਿਕ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ। ਇਸ ਪਿੰਡ 'ਚ ਕਾਫੀ ਪਾਣੀ ਇਕੱਠਾ ਹੋਇਆ ਹੈ, ਜਿਸ ਨਾਲ ਇਹ ਪਿੰਡ ਪਾਣੀ ਨਾਲ ਘਿਰਿਆ ਪਿਆ ਹੈ। ਜੀ.ਟੀ. ਰੋਡ ਨੂੰ ਛੇ-ਮਾਰਗੀ ਕਰਨ ਵਾਲੀ ਕੰਪਨੀ ਦੀ ਕਥਿਤ ਨਲਾਇਕੀ ਕਾਰਨ ਮੀਂਹ ਦੇ ਪਾਣੀ ਦਾ ਨਿਕਾਸ ਨਾ ਹੋਣ ਕਰਕੇ ਲਾਗਲੇ ਪਿੰਡਾਂ ਮਨਸੂਰਪੁਰ, ਕਮਾਲਪੁਰ ਅਤੇ ਅੱਟੀ ਪਾਣੀ 'ਚ ਬੁਰੀ ਤਰ੍ਹਾਂ ਘਿਰੇ ਹੋਏ ਹਨ। ਇਨ੍ਹਾਂ ਪਿੰਡਾਂ ਨੂੰ ਰਾਸ਼ਟਰੀ ਰਾਜ ਮਾਰਗ ਤੋਂ ਜਾਣ ਵਾਲੀਆਂ ਸੜਕਾਂ 'ਤੇ ਵੀ ਕਰੀਬ ਤਿੰਨ ਫੁੱਟ ਪਾਣੀ ਅੱਜ ਦੂਜੇ ਦਿਨ ਵੀ ਖੜ੍ਹਾ ਰਿਹਾ। ਫਗਵਾੜਾ ਪੁਲੀਸ ਨੇ ਜਲੰਧਰ ਤੋਂ ਆਉਣ ਵਾਲਾ ਛੋਟੀਆਂ ਗੱਡੀਆਂ ਨੂੰ ਛੱਡ ਕੇ ਸਾਰਾ ਟ੍ਰੈਫਿਕ ਦੂਜੇ ਪਾਸੇ ਨੂੰ ਲੰਘਾਉਣਾ ਜਾਰੀ ਰੱਖਿਆ। ਘੱਟ ਟ੍ਰੈਫਿਕ ਹੋਣ ਦੇ ਬਾਵਜੂਦ ਆਵਾਜਾਈ ਧੀਮੀ ਗਤੀ ਨਾਲ ਚੱਲ ਰਹੀ ਸੀ। ਫਿਲੌਰ ਤੋਂ ਆਉਣ ਵਾਲਾ ਸਾਰਾ ਟ੍ਰੈਫਿਕ ਠੀਕ-ਠਾਕ ਚਲਦਾ ਰਿਹਾ। ਅੱਜ ਜੀ.ਟੀ. ਰੋਡ 'ਤੇ ਪੁਲੀਸ ਨੇ ਟ੍ਰੈਫਿਕ ਲੰਘਾਉਣ ਲਈ ਯਤਨ ਜਾਰੀ ਰੱਖੇ। ਮਨਸੂਰਪੁਰ ਦੇ ਰਣਜੀਤ ਸਿੰਘ ਨੇ ਦੱਸਿਆ ਕਿ ਸ਼ਾਹਪੁਰ ਅਤੇ ਤੇਹਿੰਗ ਵੱਲੋਂ ਵੀ ਨਹਿਰ ਦਾ ਪਾਣੀ ਟੁੱਟ ਕੇ ਇਧਰ ਹੀ ਆ ਰਿਹਾ ਹੈ ਜਿਸ ਕਰਕੇ ਕਰੀਬ 150 ਏਕੜ ਦੇ ਕਰੀਬ ਝੋਨੇ ਦੀ ਫਸਲ ਪਾਣੀ 'ਚ ਡੁੱਬ ਗਈ ਹੈ। ਕੁਤਬੇਵਾਲ ਦੇ ਨੰਬਰਦਾਰ ਗੁਰਮੇਲ ਸਿੰਘ ਦੀ ਕਰੀਬ 30 ਏਕੜ ਝੋਨੇ ਦੀ ਫਸਲ ਪਾਣੀ 'ਚ ਇਸ ਪਾਸੇ ਹੀ ਡੁੱਬੀ ਪਈ ਹੈ।



# ਪੰਜਾਬ ਸਰਕਾਰ ਚੰਡੀਗੜ੍ਹ ਤੋਂ ਆਪਣਾ ਹੱਕ ਖੋਰਨ ਦੇ ਰਾਹ ਤੁਰੀ

## ਵੱਡੀ ਗਿਣਤੀ 'ਚ ਦਫ਼ਤਰ ਮੁਹਾਲੀ ਭੇਜੇ, ਮੰਡੀ ਬੋਰਡ, ਕਿਰਤ ਵਿਭਾਗ ਤੇ ਸਿੱਖਿਆ ਡਾਇਰੈਕਟੋਰੇਟਾਂ ਨੂੰ ਵੀ ਤਬਦੀਲ ਕਰਨ ਦੀ ਤਿਆਰੀ

ਚੰਡੀਗੜ੍ਹ- ਪੰਜਾਬ ਸਰਕਾਰ ਆਪਣੀ ਰਾਜਧਾਨੀ ਚੰਡੀਗੜ੍ਹ ਤੋਂ ਖੁਦ ਹੀ ਆਪਣਾ ਹੱਕ ਢਿੱਲਾ ਕਰ ਰਹੀ ਹੈ। ਜਿਥੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਪੰਜਾਬੀਆਂ ਦੀ ਮਾਂ ਬੋਲੀ ਨੂੰ ਨੁਕਰੇ ਲਾ ਕੇ ਨਵੀਂ ਪੌਦ ਲਈ ਪੰਜਾਬੀ ਭਾਸ਼ਾ ਪੜ੍ਹਨ ਦੇ ਰਾਹ ਹੀ ਬੰਦ ਕੀਤੇ ਜਾ ਰਹੇ ਹਨ, ਉਥੇ ਪੰਜਾਬ ਸਰਕਾਰ ਵੀ ਆਪਣੇ ਮੁੱਖ ਵਿਭਾਗਾਂ ਨੂੰ ਚੰਡੀਗੜ੍ਹ ਤੋਂ ਤਬਦੀਲ ਕਰ ਕੇ ਇਸ ਸ਼ਹਿਰ ਤੋਂ ਕਿਨਾਰਾ ਕਰਦੀ ਜਾਪਦੀ ਹੈ। ਇਸ ਨਾਲ ਚੰਡੀਗੜ੍ਹ ਵਿਚੋਂ ਪੰਜਾਬੀਅਤ ਦਾ ਰਹਿੰਦਾ-ਖੂੰਹਦਾ ਬੋਲਬਾਲਾ ਵੀ ਖਤਮ ਹੋਣ ਦਾ ਖ਼ਦਸ਼ਾ ਹੈ ਕਿਉਂਕਿ ਇਸ ਨਾਲ ਇਥੋਂ ਵੱਡੀ ਗਿਣਤੀ ਪੰਜਾਬੀ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਿਫਟ ਹੋ ਜਾਣਗੇ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਚੰਡੀਗੜ੍ਹ ਪ੍ਰਸ਼ਾਸਨ ਕੋਲੋਂ ਵੱਖ-ਵੱਖ ਪ੍ਰੋਜੈਕਟਾਂ ਲਈ ਜ਼ਮੀਨ ਅਲਾਟ ਕਰਨ ਦੀ ਮੰਗ ਕੀਤੀ ਜਾਂਦੀ ਰਹੀ ਹੈ ਪਰ ਯੂ.ਟੀ. ਪ੍ਰਸ਼ਾਸਨ ਨੇ ਪੰਜਾਬ ਦੀ ਮੰਗ ਪੂਰੀ ਨਹੀਂ ਕੀਤੀ। ਪਿਛਲੇ ਸਮੇਂ ਦੌਰਾਨ ਪੰਜਾਬ ਸਰਕਾਰ ਨੇ ਚੰਡੀਗੜ੍ਹ ਿਵਚ ਵਿਦਿਆ ਭਵਨ ਉਸਾਰਨ ਲਈ ਪਲਾਟ ਮੰਗਿਆ ਪਰ ਯੂ.ਟੀ. ਪ੍ਰਸ਼ਾਸਨ ਵਲੋਂ ਕੋਈ ਹੁੰਗਾਰਾ ਨਾ ਦੇਣ ਕਾਰਨ ਅਖੀਰ ਇਸ ਮਕਸਦ ਲਈ ਮੁਹਾਲੀ ਵਿਖੇ ਪਲਾਟ ਖਰੀਦਿਆ ਗਿਆ।

ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਆਪਣੇ ਅਧਿਕਾਰੀਆਂ ਤੇ ਮੁਲਾਜ਼ਮਾਂ ਲਈ ਫਲੈਟ ਬਣਾਉਣ ਵਾਸਤੇ ਯੂ.ਟੀ. ਤੋਂ 100 ਏਕੜ ਜ਼ਮੀਨ ਮੰਗੀ ਸੀ ਪਰ ਪ੍ਰਸ਼ਾਸਨ ਵਲੋਂ ਇਸ ਉਪਰ ਕੋਈ ਿਵਚਾਰ ਕਰਨ ਤੋਂ ਪਹਿਲਾਂ ਹੀ ਕਾਂਗਰਸ ਤੇ ਭਾਜਪਾ ਦੀਆਂ ਚੰਡੀਗੜ੍ਹ ਇਕਾਈਆਂ ਦੇ ਨੇਤਾਵਾਂ ਸਮੇਤ ਕਈ ਹੋਰ ਸੰਸਥਾਵਾਂ ਨੇ ਇਸ ਦਾ ਭਾਰੀ ਵਿਰੋਧ ਕਰ ਦਿੱਤਾ ਸੀ। ਸ਼ਾਇਦ ਇਸੇ ਕਾਰਨ ਪੰਜਾਬ ਸਰਕਾਰ ਨੇ ਆਪਣਾ ਮੂੰਹ ਮੁਹਾਲੀ ਵੱਲ ਕਰ ਲਿਆ ਹੈ। ਸਰਕਾਰ ਨੇ ਪਹਿਲਾਂ ਹੀ ਮੁੱਢ ਤੋਂ ਸੈਕਟਰ-17 ਦੀਆਂ ਦੋ ਵੱਡੀਆਂ ਇਮਾਰਤਾਂ ਿਵਚ ਸਥਿਤ ਰਾਜ ਦੇ ਪੰਚਾਇਤ ਤੇ ਪੇਂਡੂ ਵਿਕਾਸ ਵਿਭਾਗ ਨੂੰ ਮੁਹਾਲੀ ਤਬਦੀਲ ਕਰ ਦਿੱਤਾ ਹੈ, ਫੇਰ ਪਿਛਲੇ ਦਿਨੀਂ ਜੰਗਲਾਤ ਵਿਭਾਗ ਦੇ ਸੈਕਟਰ-17 ਸਥਿਤ ਦਫਤਰ ਨੂੰ ਵੀ ਮੁਹਾਲੀ ਭੇਜ ਦਿੱਤਾ ਗਿਆ। ਹੁਣ ਪੰਜਾਬ ਦੇ ਸਭ ਤੋਂ ਤਾਕਤਵਰ ਨੀਮ-ਸਰਕਾਰੀ ਅਦਾਰੇ ਪੰਜਾਬ ਮੰਡੀ ਬੋਰਡ ਨੂੰ ਵੀ ਸੈਕਟਰ-17 ਸਥਿਤ ਖੂਬਸੂਰਤ ਇਮਾਰਤ ਵਿਚੋਂ ਤਬਦੀਲ ਕਰਕੇ ਮੁਹਾਲੀ ਲਿਜਾਣ ਦੀ ਤਜਵੀਜ਼ ਬਣਾ ਲਈ ਗਈ ਹੈ।




ਪੰਜਾਬ ਮੰਡੀ ਬੋਰਡ ਨੇ ਫੇਜ਼-11 ਮੁਹਾਲੀ ਵਿਖੇ 20 ਏਕੜ ਦਾ ਪਲਾਟ ਹਾਸਲ ਕੀਤਾ ਹੈ।

ਇਸ ਦੇ 17 ਏਕੜ ਰਕਬੇ ਿਵਚ 43 ਏਕੜ ਦੀ ਲਾਗਤ ਨਾਲ ਏਅਰਕੰਡੀਸ਼ਨ ਆਧੁਨਿਕ ਫਲ ਅਤੇ ਸਬਜ਼ੀ ਮੰਡੀ ਸਮੇਤ ਪੈਕ ਹਾਊਸ ਉਸਾਰਿਆ ਜਾ ਰਿਹਾ ਹੈ। ਇਥੇ ਤਿੰਨ ਏਕੜ ਰਕਬੇ ਉਪਰ 42 ਕਰੋੜ ਦੀ ਲਾਗਤ ਨਾਲ ਪੰਜਾਬ ਮੰਡੀ ਬੋਰਡ ਦੇ ਮੁੱਖ ਦਫਤਰ ਦੀ ਇਮਾਰਤ ਵੀ ਉਸਾਰੀ ਜਾ ਰਹੀ ਹੈ, ਜੋ ਛੇ-ਮੰਜ਼ਲਾ ਹੋਵੇਗੀ ਤੇ ਇਥੇ ਪਾਰਕਿੰਗ ਲਈ ਦੋ ਤਹਿਖਾਨੇ ਵੀ ਬਣਾਏ ਜਾ ਰਹੇ ਹਨ। ਦੱਸਣਯੋਗ ਹੈ ਕਿ ਪੰਜਾਬ ਮੰਡੀ ਬੋਰਡ ਦੇ ਸੈਕਟਰ-17 ਸਥਿਤ ਦਫਤਰ ਦੀ ਰੈਨੋਵੇਸ਼ਨ ਅਤੇ ਏਅਰਕੰਡੀਸ਼ਨਿਗ ਲਈ ਲੱਖਾਂ ਰੁਪਏ ਖਰਚੇ ਗਏ ਸਨ। ਸੰਪਰਕ ਕਰਨ 'ਤੇ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਥੋਂ ਦਫਤਰ ਤਬਦੀਲ ਕਰਨ ਨਾਲ ਚੰਡੀਗੜ੍ਹ ਉਪਰੋਂ ਪੰਜਾਬ ਦਾ ਹੱਕ ਖੁਰਨ ਵਾਲੀ ਕੋਈ ਗੱਲ ਨਹੀਂ ਜਾਪਦੀ। ਕਿਉਂਕਿ ਉਹ ਸੈਕਟਰ-17 ਸਥਿਤ ਆਪਣੀ ਇਮਾਰਤ ਨੂੰ ਕਿਰਾਏ 'ਤੇ ਦੇਣਗੇ। ਹੋਰ ਜਾਣਕਾਰੀ ਅਨੁਸਾਰ ਸੈਕਟਰ-17 ਵਿਚ ਹੀ ਸਥਿਤ ਕਿਰਤ ਵਿਭਾਗ ਪੰਜਾਬ ਦੇ ਦਫਤਰ ਨੂੰ ਵੀ ਲੰਮੇ ਸਮੇਂ ਤੋਂ ਮੁਹਾਲੀ ਤਬਦੀਲ ਕਰਨ ਦੀਆਂ ਤਜਵੀਜ਼ਾਂ ਚੱਲ ਰਹੀਆਂ ਹਨ। ਕਿਰਤ ਭਲਾਈ ਬੋਰਡ ਨੇ ਕਈ ਸਾਲ ਪਹਿਲਾਂ ਫੇਜ਼-10 ਮੁਹਾਲੀ ਵਿਖੇ ਸੱਤ ਕਨਾਲ ਦਾ ਇਕ ਪਲਾਟ ਲਿਆ ਸੀ ਅਤੇ ਸਰਕਾਰ ਦਾ ਇਥੇ ਕਿਰਤ ਭਵਨ ਬਣਾਉਣ ਦਾ ਿਵਚਾਰ ਹੈ ਪਰ ਫੰਡਾਂ ਦੀ ਘਾਟ ਕਾਰਨ ਫਿਲਹਾਲ ਇਹ ਤਜਵੀਜ਼ ਵਿਚ-ਵਿਚਾਲੇ ਹੀ ਚੱਲ ਰਹੀ ਹੈ। ਇਸੇ ਤਰ੍ਹਾਂ ਪੰਜਾਬ ਦੇ ਸਿੱਖਿਆ ਵਿਭਾਗ ਦੇ ਸੈਕਟਰ-17 ਸਥਿਤ ਚਾਰੇ ਡਾਇਰੈਕਟੋਰੇਟਾਂ ਨੂੰ ਮੁਹਾਲੀ ਤਬਦੀਲ ਕਰਨ ਦਾ ਫੈਸਲਾ ਹੋ ਚੁੱਕਾ ਹੈ। ਮੁਹਾਲੀ ਵਿਖੇ ਇਹ ਡਾਇਰੈਕਟੋਰੇਟ ਤਬਦੀਲ ਕਰਨ ਲਈ ਵਿਦਿਆ ਭਵਨ ਦੀ ਉਸਾਰੀ ਸ਼ੁਰੂ ਹੋ ਚੁੱਕੀ ਹੈ। ਇਸ ਤੋਂ ਇਲਾਵਾ ਪੰਜਾਬ ਪੁਲੀਸ ਦੇ ਇੰਟੈਲੀਜੈਂਸ ਵਿੰਗ ਦਾ ਮੁੱਖ ਦਫਤਰ ਵੀ ਚੰਡੀਗੜ੍ਹ ਦੀ ਥਾਂ ਮੁਹਾਲੀ ਵਿਖੇ ਸਥਾਪਿਤ ਕਰਨ ਦਾ ਫੈਸਲਾ ਹੋਇਆ ਹੈ।

ਦੱਸਣਯੋਗ ਹੈ ਕਿ ਖਾਸ ਕਰ ਸੈਕਟਰ-17 ਸਥਿਤ ਯੂ.ਟੀ. ਪ੍ਰਸ਼ਾਸਨ ਦੀਆਂ ਇਮਾਰਤਾਂ ਿਵਚ ਪੰਜਾਬ ਦੇ ਸਿੰਜਾਈ, ਚੋਣ, ਉਦਯੋਗ, ਅੰਕੜਾ, ਹੋਮਗਾਰਡ, ਸਹਿਕਾਰੀ, ਪਸ਼ੂ ਪਾਲਣ ਆਦਿ ਵਿਭਾਗ ਹਨ। ਇਨ੍ਹਾਂ ਇਮਾਰਤਾਂ ਦਾ ਪੰਜਾਬ ਸਰਕਾਰ ਨੂੰ ਮੁੱਢ ਤੋਂ ਹੀ ਕੁਝ ਕਿਰਾਇਆ ਅਦਾ ਕਰਨਾ ਪੈਂਦਾ ਹੈ ਅਤੇ ਇਸ ਦੇ ਇਵਜ਼ ਵਜੋਂ ਇਨ੍ਹਾਂ ਇਮਾਰਤਾਂ ਦੀ ਸਾਂਭ-ਸੰਭਾਲ ਅਤੇ ਪੱਖੇ ਤੇ ਟਿਊਬਾਂ ਆਦਿ ਪ੍ਰਸ਼ਾਸਨ ਵਲੋਂ ਮੁਹੱਈਆ ਕੀਤੇ ਜਾਂਦੇ ਹਨ। ਦੂਸਰੇ ਪਾਸੇ ਪੰਚਕੂਲਾ ਜ਼ਿਲ੍ਹਾ ਬਣਨ ਤੋਂ ਬਾਅਦ ਹਰਿਆਣੇ ਦੇ ਕੁਝ ਵਿਭਾਗਾਂ ਦੇ ਦਫਤਰ ਵੀ ਉਥੇ ਸ਼ਿਫਟ ਹੋਏ ਹਨ।

# ਭਰੂਣ ਹੱਤਿਆ - ਇਤਿਹਾਸ, ਅੱਜ ਤੇ ਭਵਿੱਖ



ਡਾ. ਹਰਸ਼ਿੰਦਰ ਕੌਰ
ਐਮ ਡੀ. ਪਟਿਆਲਾ
0175-2216783

*(ਦੂਜੀ ਤੇ ਆਖਰੀ ਕਿਸ਼ਤ)*

26 ਅਪ੍ਰੈਲ 2007 ਵਿਚ ਪ੍ਰੋ.ਰੈਡਿੰਗ ਨੇ ਸਪਸ਼ਟ ਲਿਖ ਦਿੱਤਾ ਕਿ ਮਾਦਾ ਭਰੂਣ ਹੱਤਿਆਵਾਂ ਏਨੀਆਂ ਵਧ ਚੁੱਕੀਆਂ ਹਨ। ਤੇ ਲੁਕਵੇਂ ਤਰੀਕੇ ਚਲ ਰਹੀਆਂ ਹਨ ਕਿ 1970 ਤੋਂ 1980 ਦੇ ਵਿਚ ਵਿਚ ਹੀ 100 ਮਿਲੀਅਨ ਕੁੜੀਆਂ ਦੁਨੀਆ ਭਰ ਵਿੱਚੋਂ ਖ਼ਤਮ ਹੋ ਗਈਆਂ ਸਨ। ਪਿਛਲੇ 20 ਸਾਲਾਂ ਵਿਚ 10 ਮਿਲੀਅਨ ਹੋਰ ਕੁੜੀਆਂ ਮਾਰ ਦਿੱਤੀਆਂ ਗਈਆਂ। ਭਾਰਤ ਵਿਚ ਪ੍ਰੋ.ਰੈਡਿੰਗ ਅਨੁਸਾਰ 5 ਲੱਖ ਅਣਜੰਮੀਆਂ ਕੁੜੀਆਂ ਹਰ ਸਾਲ ਮਾਰੀਆਂ ਜਾਂਦੀਆਂ ਰਹੀਆਂ ਸਨ ਜਿਹੜੀਆਂ ਨਜ਼ਰੀਂ ਆ ਗਈਆਂ ਪਰ ਇਨ੍ਹਾਂ ਤੋਂ ਇਲਾਵਾ ਵੀ ਬੇਹਿਸਾਬ ਕਤਲ ਜਾਰੀ ਸਨ।

ਲਾਅਨਤ ਪਾਉਂਦਿਆਂ ਪ੍ਰੋ. ਰੈਡਿੰਗ ਨੇ ਇਹ ਵੀ ਲਿਖ ਦਿੱਤਾ ਹੋਇਆ ਹੈ ਕਿ ਭਾਰਤ ਵਿਚ ਦੁਨੀਆ ਭਰ ਵਿਚ ਸਭ ਤੋਂ ਵਧ ਕੁੜੀਆਂ ਮਾਰੀਆਂ ਜਾ ਰਹੀਆਂ ਹਨ ਤੇ ਹੈਰਾਨੀਜਨਕ ਗੱਲ ਇਹ ਹੈ ਕਿ ਭਾਰਤ ਦੁਨੀਆ ਦਾ ਇੱਕੋ ਇੱਕ ਅਜਿਹਾ ਦੇਸ ਹੈ ਜਿੱਥੇ ਰੱਬ ਦੀ ਸ਼ਕਲ ਵਿਚ ਔਰਤ ਦੀ ਪੂਜਾ ਵੀ ਕੀਤੀ ਜਾਂਦੀ ਹੈ! ਕਮਾਲ ਹੀ ਹੈ ਇਨ੍ਹਾਂ ਦੀ ਦੋਗਲੀ ਸੋਚ ਦਾ !

1991 ਵਿਚ ਨਿਕੋਲਸ ਕਰਿਸਟੋਫ ਨੇ ਆਪਣੀ ਰਿਪੋਰਟ ਵਿਚ ਲਿਖਿਆ ਸੀ ਕਿ ਭਾਰਤ ਵਿਚ ਅੰਦਾਜ਼ਨ 30 ਮਿਲੀਅਨ ਕੁੜੀਆਂ ਮਾਰੀਆਂ ਜਾ ਚੁੱਕੀਆਂ ਸਨ।

ਆਰ.ਜੇ.ਰੁੱਮਲ ਨੇ ਆਪਣੀ ਕਿਤਾਬ " ਡੈੱਥ ਬਾਏ ਗੌਰਮਿੰਟ " ਵਿਚ ਲਿਖਿਆ ਹੈ ਕਿ ਗ੍ਰੀਕ ਵਿਚ ਈਸਾ ਮਸੀਹ ਤੋਂ 200 ਸਾਲ ਪਹਿਲਾਂ ਏਨੀਆਂ ਕੁੜੀਆਂ ਮਾਰੀਆਂ ਜਾਣ ਦਾ ਜ਼ਿਕਰ ਹੈ ਕਿ ਡੈਲਫੀ ਵਿਚ ਰਹਿ ਰਹੇ ਛੇ ਹਜ਼ਾਰ ਟੱਬਰਾਂ ਵਿੱਚੋਂ ਸਿਰਫ਼ ਇਕ ਪ੍ਰਤੀਸ਼ਤ ਟੱਬਰਾਂ ਕੋਲ ਹੀ ਕੁੜੀਆਂ ਬਚੀਆਂ ਸਨ। ਹੋਰ ਆਸ ਪਾਸ ਦੇ 79 ਟੱਬਰਾਂ ਵਿਚ 28 ਕੁੜੀਆਂ ਤੇ 118 ਮੁੰਡੇ ਸਨ।

ਹਿੰਦੁਸਤਾਨ ਵਿਚ ਉਨੀਵੀਂ ਸਦੀ ਬਾਰੇ ਦਸਦਿਆਂ ਰੁੱਮਲ ਲਿਖਦਾ ਹੈ ਕਿ ਸਖਤ ਜਾਤ ਪਾਤ ਕਾਰਣ ਜੰਮਦੇ ਸਾਰ ਕੁੜੀਆਂ ਨੂੰ ਮਾਰਨ ਦਾ ਰੁਝਾਨ ਏਨਾ ਜ਼ਿਆਦਾ ਸੀ ਕਿ ਬਹੁਤ ਸਾਰੇ ਪਿੰਡ ਅਜਿਹੇ ਸਨ ਜਿਨ੍ਹਾਂ ਵਿਚ ਇਕ ਵੀ ਕੁੜੀ ਨਹੀਂ ਸੀ ਜੰਮਣ ਦਿੱਤੀ ਗਈ। ਇਨ੍ਹਾਂ ਪਿੰਡਾਂ ਦੇ ਆਸ ਪਾਸ ਜਿਹੜੇ ਤੀਹ ਹੋਰ ਪਿੰਡ ਸਨ, ਉਨ੍ਹਾਂ ਵਿਚ 343 ਮੁੰਡੇ ਤੇ 54 ਕੁੜੀਆਂ ਸਨ। 1834 ਵਿਚ ਮੁੰਬਈ ਵਿਚ ਇਹ ਹਾਲ ਹੋ ਗਿਆ ਸੀ ਕਿ ਪੂਰੇ ਮੁੰਬਈ ਵਿਚਲੀਆਂ ਕੁੜੀਆਂ ਦੀ ਗਿਣਤੀ ਕੁਲ 603 ਹੀ ਰਹਿ ਗਈ ਸੀ।

ਰੁੱਮਲ ਨੇ ਤਾਂ ਏਨੇ ਕਤਲ ਵੇਖਦੇ ਹੋਏ ਭਾਵੁਕ ਹੋ ਕੇ ਇਹ ਵੀ ਲਿਖਿਆ ਹੈ, " ਮੇਰੇ ਹਿਸਾਬ ਨਾਲ ਕਿਸੇ ਵੀ ਵੱਡੇ ਤੋਂ ਵੱਡੇ ਘੱਲੂਘਾਰੇ ਤੋਂ ਵੀ ਵੱਧ ਕਤਲ ਨਵਜੰਮੀਆਂ ਬੱਚੀਆਂ ਦੇ ਇਕ ਸਾਲ ਵਿਚ ਹੋ ਜਾਂਦੇ ਹਨ। "

ਏਸੇ ਹੀ ਤਰ੍ਹਾਂ ਥੌਮਸ ਨੇ 1741 ਵਿਚ ਸਮੁੰਦਰੀ ਕਪਤਾਨ ਵਜੋਂ ਜਦੋਂ ਨਵਜੰਮੀਆਂ ਕੁੜੀਆਂ ਦੀਆਂ ਲਾਸ਼ਾਂ ਨਾਲ ਗਟਰ ਭਰੇ ਵੇਖੇ ਅਤੇ ਰੂੜੀਆਂ ਵਿਚ ਵੱਢੀਆਂ ਟੁੱਕੀਆਂ ਨਵਜੰਮੀਆਂ ਬੱਚੀਆਂ ਦੀਆਂ ਲਾਸ਼ਾਂ ਦੇ ਢੇਰ ਵੇਖੇ ਤਾਂ ਉਸਦਾ ਦਿਲ ਰੋ ਉੱਠਿਆ ਤੇ ਉਸਨੇ ਇੰਗਲੈਂਡ ਵਿਚ ਇਕ ਹਸਪਤਾਲ ਖੋਲ੍ਹਿਆ ਜਿਸ ਵਿਚ ਗਲੀਆਂ ਵਿਚ ਠੰਡ ਵਿਚ ਮਰਨ ਲਈ ਸੁੱਟੀਆਂ ਕੁੜੀਆਂ ਨੂੰ ਪਾਲਣ ਪੋਸ਼ਣ ਦਾ ਪ੍ਰਬੰਧ ਕੀਤਾ ਗਿਆ।

ਚੀਨ ਤੇ ਇਟਲੀ ਵਿਚ ਵੀ ਉਸ ਸਮੇਂ ਪੰਜਾਹ ਪ੍ਰਤੀਸ਼ਤ ਤੋਂ ਵਧ ਕੁੜੀਆਂ ਕੂੜੇ ਦੇ ਢੇਰ ਜਾਂ ਨਾਲੀਆਂ ਵਿਚ ਸੁੱਟੀਆਂ ਜਾ ਰਹੀਆਂ ਸਨ। ਲੰਡਨ ਵਿਚ 1894 ਵਿਚ ਮਾਪਿਆਂ ਨੇ ਨਵਾਂ ਤਰੀਕਾ ਈਜਾਦ ਕਰ ਕੇ ਬੱਚੀ ਦਾ ਮੂੰਹ ਨੱਕ ਸਿਰਹਾਣੇ ਥੱਲੇ ਘੁੱਟ ਕੇ ਸੁੱਤਿਆਂ ਨੂੰ ਹੀ ਮਾਰ ਮੁਕਾਇਆ। ਇਸ ਤਰ੍ਹਾਂ ਦੇ 1000 ਕੇਸ ਤਾਂ ਰਿਕਾਰਡ ਵਿਚ ਆਏ, ਪਰ ਬਾਕੀ ਲੁਕ ਛਿਪ ਕੇ ਚਲਦੇ ਰਹੇ।

ਸਟੀਵਨ ਮੋਸ਼ਰ ਨੇ 1998 ਵਿਚ ਦੱਸਿਆ ਕਿ ਕਿਵੇਂ ਪੁਰਾਣੇ ਸਮਿਆਂ ਵਿਚ ਚੀਨ ਵਿਚ ਬੱਚਾ ਜੰਮਣ ਵੇਲੇ ਮਾਂ ਦੇ ਨਾਲ ਹੀ ਇਕ ਠੰਡੇ ਪਾਣੀ ਦੀ ਬਾਲਟੀ ਰਖ ਦਿੱਤੀ ਸੀ। ਜੇ ਮੁੰਡਾ ਜੰਮਦਾ ਤਾਂ ਮਾਂ ਦੀ ਛਾਤੀ ਨਾਲ ਲਾ ਦਿੱਤਾ ਜਾਂਦਾ ਪਰ ਜੇ ਕੁੜੀ ਜੰਮਦੀ ਤਾਂ ਉਹ ਮਾਂ ਨੂੰ ਵਿਖਾਏ ਬਗ਼ੈਰ ਪਾਣੀ ਦੀ ਬਾਲਟੀ ਵਿਚ ਡੁਬੋ ਕੇ ਰਖ ਦਿੱਤੀ ਜਾਂਦੀ ਤੇ ਫੇਰ ਬਾਹਰ ਨਾਲੀ ਵਿਚ ਉਸਦੀ ਲਾਸ਼ ਸੁਟ ਦਿੱਤੀ ਜਾਂਦੀ ਸੀ। ਇਹ ਪ੍ਰਥਾ ਏਨੀ ਜ਼ਿਆਦਾ ਪ੍ਰਚਲਿਤ ਸੀ ਕਿ ਇਸਨੂੰ ਰੋਕਣ ਲਈ 1943 ਵਿਚ ਸਰਕਾਰੀ ਕਾਨੂੰਨ ਬਣਾਉਣਾ ਪੈ ਗਿਆ ਸੀ। ਮਿਲਨਰ ਨੇ ਅਜਿਹਾ ਕੁੱਝ ਭਾਰਤ ਦੇ ਅੰਦਰ ਵੀ ਵਾਪਰਦਾ ਦੱਸਿਆ। ਫਰਕ ਸਿਰਫ਼ ਏਨਾ ਸੀ ਕਿ ਭਾਰਤ ਵਿਚ ਪਾਣੀ ਦੀ ਬਜਾਏ ਦੁੱਧ ਦੀ ਬਾਲਟੀ ਰੱਖੀ ਜਾਂਦੀ ਸੀ ਤੇ ਇਸ ਤਰ੍ਹਾਂ ਦੇ ਨਵਜੰਮੀਆਂ ਬੱਚੀਆਂ ਦੇ ਕਤਲਾਂ ਨੂੰ ' ਦੁੱਧ ਪਿਆਉਣਾ ' ਨਾਂ ਦੇ ਦਿੱਤਾ ਗਿਆ ਸੀ।

ਕੁੱਝ ਮਾਪੇ ਜਾਂ ਦਾਈਆਂ ਅਫੀਮ, ਸ਼ਰਾਬ ਜਾਂ ਹੋਰ ਜ਼ਹਿਰੀਲੇ ਪਦਾਰਥ ਚਟਾ ਕੇ ਬੱਚੀ ਦੇ ਸੰਘ ਅੰਦਰ ਉਬਲਦਾ ਪਾਣੀ ਧੱਕ ਦਿੰਦੇ ਸਨ।

ਅਮਰੀਕਾ ਤੇ ਇੰਗਲੈਂਡ ਵਿਚ ਅਠਾਰ੍ਹਵੀਂ ਸਦੀ ਦੇ ਅੰਤ ਤੱਕ ' ਝਟਕਾ ਤਰੀਕਾ ' ਵਰਤਿਆ ਜਾਂਦਾ ਸੀ। ਇਸ ਵਿਚ ਨਵਜੰਮੀਂ ਬੱਚੀ ਨੂੰ ਗੀੜ੍ਹ ਦੀ ਹੱਡੀ ਤੋਂ ਫੜ ਕੇ ਜ਼ੋਰ ਜ਼ੋਰ ਦੀ ਝਟਕੇ ਦੇ ਕੇ ਉਸਦੇ ਮਣਕੇ ਤੋੜ ਦਿੱਤੇ ਜਾਂਦੇ ਸਨ ਤੇ ਸਿਰ ਅੰਦਰ ਲਹੂ ਚਲ ਜਾਣ ਕਾਰਣ ਬੱਚੀ ਦੀ ਮੌਤ ਹੋ ਜਾਂਦੀ ਸੀ। ਅਜਿਹੀਆਂ ਬੱਚੀਆਂ ਦੀਆਂ ਲਾਸ਼ਾਂ ਨੂੰ ਅੰਗੀਠੀ ਵਿਚ ਸੁੱਟ ਦਿੱਤਾ ਜਾਂਦਾ ਸੀ ਜਾਂ ਥੈਲੇ ਵਿਚ ਬੰਨ੍ਹ ਕੇ ਕੰਧ ਦੀ ਕਿਸੇ ਕਿੱਲੀ ਉੱਤੇ ਟੰਗ ਦਿੱਤਾ ਜਾਂਦਾ ਸੀ ਜਾਂ ਘਰ ਦੇ ਬਾਹਰ ਨਾਲੀ ਵਿਚ ਕਿਸੇ ਕੁੱਤੇ ਦੇ ਖਾਣ ਲਈ ਸੁਟ ਦਿੱਤਾ ਜਾਂਦਾ ਸੀ। ਡੀ ਮੋਜ਼ ਨੇ ਇਹ ਸਾਰਾ ਕੁੱਝ ਵੇਖ ਕੇ ਇਸ ਬਾਰੇ ਲਿਖਿਆ ਵੀ ਸੀ ਤੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਜਿੰਨੇ ਕਤਲ ਨਵਜੰਮੀਆਂ ਬੱਚੀਆਂ ਦੇ ਵੇਖੇ ਗਏ, ਉਸ ਹਿਸਾਬ ਨਾਲ ਅਠਾਰ੍ਹਵੀਂ ਸਦੀ ਵਿਚ ਲਗਭਗ ਅੱਧੀ ਮਨੁੱਖ ਜਾਤੀ ਤਾਂ ਜ਼ਰੂਰ ਖ਼ਤਮ ਹੋ ਗਈ।

ਏਨੇ ਕਤਲ ਵੇਖਦੇ ਹੋਏ ਲਗਭਗ ਹਰ ਧਰਮ ਵਿੱਚੋਂ ਅਵਾਜ਼ ਉੱਠਣੀ ਸ਼ੁਰੂ ਹੋਈ ਕਿ ਇਹ ਕਤਲ ਬੰਦ ਹੋ ਜਾਣੇ ਚਾਹੀਦੇ ਹਨ ਪਰ ਲੋਕ ਟਸ ਤੋਂ ਮਸ ਨਹੀਂ ਹੋਏ ਤੇ ਬਸ ਏਨਾ ਹੀ ਫ਼ਰਕ ਪਿਆ ਕਿ ਇਹ ਕਤਲ ਲੁਕ ਛਿਪ ਕੇ ਹੋਣੇ ਸ਼ੁਰੂ ਹੋ ਗਏ ਪਰ ਬੰਦ ਨਾ ਕੀਤੇ ਜਾ ਸਕੇ।

ਕੁੜੀਆਂ ਦੀ ਜ਼ਿਆਦਾ ਘਟਦੀ ਗਿਣਤੀ ਕਾਰਣ ਪੁਰਾਣੇ ਸਮਿਆਂ ਵਿਚ ਕੁੱਝ ਗਿਰੋਹ ਸਰਗਰਮ ਹੋ ਗਏ ਸਨ ਜਿਨ੍ਹਾਂ ਨੇ ਮਰਨ ਲਈ ਬਾਹਰ ਠੰਡ ਵਿਚ ਸੁੱਟੀਆਂ ਕੁੜੀਆਂ ਜਾਂ ਕੂੜੇ ਦੇ ਢੇਰ ਉੱਤੇ ਸੁੱਟੀਆਂ ਕੁੜੀਆਂ ਚੁੱਕ ਕੇ ਪਾਲਣੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਨੂੰ ਕੁੱਝ ਕੁ ਵੱਡੀਆਂ ਕਰ ਕੇ ਉਨ੍ਹਾਂ ਨੂੰ ਜਿਸਮ ਫਰੋਸ਼ੀ ਦੇ ਧੰਧੇ ਵਿਚ ਧਕ ਕੇ ਗਿਰੋਹ ਦੇ ਮੈਂਬਰਾਂ ਨੇ ਆਪਣੀ ਰੋਜ਼ੀ ਰੋਟੀ ਦਾ ਸਾਧਨ ਬਣਾ ਲਿਆ ਸੀ। ਕੁੱਝ ਕੁ ਨਾਬਾਲਗ ਕੁੜੀਆਂ ਗ਼ੁਲਾਮ ਬਣਨ ਲਈ ਵੇਚੀਆਂ ਜਾਂਦੀਆਂ ਸਨ। ਜੇ ਅੱਜ ਦੇ ਯੁਗ ਵਿਚ ਝਾਤ ਮਾਰੀਏ ਤਾਂ ਜਿੰਨਾ ਘਾਣ ਔਰਤ ਜ਼ਾਤ ਦਾ ਅਲਟਰਾਸਾਊਂਡ ਨੇ ਕੀਤਾ ਹੈ, ਉਸਦੀ ਕੋਈ ਮਿਸਾਲ ਨਹੀਂ ਹੈ। ਪੁਰਾਣੇ ਸਮਿਆਂ ਵਾਂਗ ਜੰਮਣ ਤੋਂ ਬਾਅਦ ਮਾਰਨ ਵਿਚ ਵੀ ਕਿਸੇ ਪਾਸੇ ਕੋਈ ਰੋਕ ਨਹੀਂ ਲੱਗੀ ਦਿਸਦੀ।

ਪਹਿਲਾਂ ਅਮਰੀਕਾ ਤੋਂ ਹੀ ਗਲ ਸ਼ੁਰੂ ਕਰਦੇ ਹਾਂ। ਵੀਹਵੀਂ ਸਦੀ ਵਿਚ ਟੈਕਸਾਸ ਵਿਚ ਨਹਾਉਣ ਵਾਲੇ ਟੱਬ ਵਿਚ ਡੁਬੋ ਕੇ ਬੱਚੀਆਂ ਨੂੰ ਮਾਰਨ ਦੀਆਂ ਖ਼ਬਰਾਂ ਛਪੀਆਂ ਅਤੇ ਨਸ਼ੇ ਦੀਆਂ ਗੋਲੀਆਂ ਘੋਲ ਕੇ ਪਿਆ ਕੇ ਮਾਰਨ ਦੇ ਕਿੱਸੇ ਵੀ ਛਪੇ। ਸੰਘ ਘੋਟ ਕੇ ਮਾਰਨ ਦਾ ਕੰਮ ਵੀ ਚਾਲੂ ਰਿਹਾ ਤੇ ਸਿਰਹਾਣੇ ਥੱਲੇ ਦੱਬ ਕੇ ਮਾਰਨ ਦਾ ਵੀ, ਜਿਸਨੂੰ ਡਾਕਟਰਾਂ ਵੱਲੋਂ ਨਵਜੰਮੀਂ ਬੱਚੀ ਦੇ ਮਰਨ ਦਾ ਕਾਰਣ ਹੀ ਨਾ ਲੱਭੇ ਜਾਣ ਦੀ ਕੋਈ ਵੱਖਰੀ ਬੀਮਾਰੀ ਹੀ ਸਮਝ ਲਈ ਗਈ ਕਿ ਕਿਸੇ ਅਣਜਾਣ ਬੀਮਾਰੀ ਕਾਰਣ ਸੁੱਤੀ ਬੱਚੀ ਦੀ ਅਚਾਨਕ ਮੌਤ ਹੋ ਜਾਇਆ ਕਰਦੀ ਹੈ। 1990 ਤੋਂ 2003 ਤਕ ਤਾਂ ਕੁੜੀਆਂ ਨੂੰ ਕੂੜੇ ਦੇ ਢੇਰ ਉੱਤੇ ਸੁੱਟਣ ਦਾ ਦ੍ਰਿਸ਼ ਏਨਾ ਆਮ ਸੀ ਕਿ ਅਮਰੀਕਾ ਵਿਚ ਅਜਿਹੀਆਂ ਮਾਵਾਂ ਨੂੰ ' ਟਰੈਸ਼ਕੈਨ ਮੌਮਜ਼ ' (Trashcan moms) ਦਾ ਨਾਂ ਹੀ ਦੇ ਦਿੱਤਾ ਗਿਆ ਸੀ। ਅਮਰੀਕਨ ਅਣਵਿਆਹੀਆਂ ਨਾਬਾਲਗ ਮਾਵਾਂ ਆਮ ਹੀ ਆਪਣੇ ਬੱਚੇ - ਕੁੜੀ ਹੋਵੇ ਭਾਵੇਂ ਮੁੰਡਾ, ਕੂੜੇਦਾਨ ਵਿਚ ਸੁੱਟ ਦਿੰਦੀਆਂ ਸਨ। ਕਈ ਬੱਚਿਆਂ ਦਾ ਅੱਧਾ ਗਲਾ ਕਟ ਕੇ ਕੂੜੇ ਦੇ ਲਿਫਾਫੇ ਵਿਚ ਪਾ ਕੇ ਸੜਕ ਕਿਨਾਰੇ ਰਖ ਦਿੱਤਾ ਜਾਂਦਾ ਸੀ ਕਿ ਆਪੇ ਹੀ ਹੌਲੀ ਹੌਲੀ ਲਹੂ ਚਲ ਕੇ ਬੱਚਾ ਮਰ ਜਾਏਗਾ।

1995 ਵਿਚ ਅਮਰੀਕਾ ਵਿਚ ਬੱਚਿਆਂ ਦੇ ਹੱਕਾਂ ਪ੍ਰਤੀ ਅਵਾਜ਼ ਚੁੱਕਦੇ ਹੋਏ ਦੱਸਿਆ ਗਿਆ ਕਿ ਲੱਖਾਂ ਬੱਚੇ ਹਰ ਸਾਲ ਇਸ ਤਰ੍ਹਾਂ ਮਾਰੇ ਜਾ ਰਹੇ ਹਨ ਤੇ ਇਸ ਉੱਤੇ ਰੋਕ ਲੱਗਣੀ ਜ਼ਰੂਰੀ ਹੈ। ਐਫ.ਬੀ.ਆਈ. ਕਰਾਈਮ ਰਿਪੋਰਟ ਵਿਚ ਵੀ ਦੱਸਿਆ ਗਿਆ ਕਿ ' ਸ਼ੇਕਨ ਬੇਬੀ ਸਿੰਡਰੋਮ, ' ਯਾਨੀ ਝਟਕੇ ਦੇ ਕੇ ਮਾਰਨ ਦਾ ਸਿਲਸਿਲਾ ਹਾਲੇ ਜਾਰੀ ਹੈ ਤੇ 1997 ਵਿਚ ਉੱਥੇ 700 ਅਜਿਹੇ ਕੇਸ ਵੇਖਣ ਵਿਚ ਆਏ।

ਖੋਜ ਨੇ ਦੱਸਿਆ ਕਿ ਜੰਮਣ ਤੋਂ ਇਕ ਹਫਤੇ ਦੇ ਵਿਚ ਵਿਚ ਬੱਚਾ ਮਾਰਨ ਦਾ ਕੰਮ ਜ਼ਿਆਦਾਤਰ ਮਾਵਾਂ ਕਰਦੀਆਂ ਸਨ ਪਰ ਕੁੱਝ ਵੱਡਾ ਹੋ ਜਾਣ ਉੱਤੇ ਮਾਰਨ ਦਾ ਕੰਮ ਸਿਰਫ਼ ਪਿਓ ਦਾ ਹੁੰਦਾ ਸੀ। ਰਿਪੋਰਟ ਅਨੁਸਾਰ 1983 ਵਿਚ ਅਮਰੀਕਾ ਵਿਚ ਛੇ ਸੌ ਤੋਂ ਉੱਪਰ ਬੱਚੇ ਮਾਪਿਆਂ ਵੱਲੋਂ ਮਾਰੇ ਗਏ ਜਿਨ੍ਹਾਂ ਵਿੱਚੋਂ 94 ਪ੍ਰਤੀਸ਼ਤ ਕੁੜੀਆਂ ਸਨ।

ਕਨੇਡਾ ਵਿਚ 1964 ਤੋਂ 1968 ਤਕ 114 ਕੇਸ ਮਾਪਿਆਂ ਵੱਲੋਂ ਕੁੜੀ ਨੂੰ ਗਲੋਂ ਲਾਹੁਣ ਲਈ ਮਾਰਨ ਦੇ ਮਿਲੇ।

2009 ਵਿਚ ਟੈਕਸਾਸ ਵਿਚ ਮਜਬੂਰਨ ਇਹ ਕਾਨੂੰਨ ਬਣਾਉਣਾ ਪਿਆ ਕਿ ਜੇ ਮਾਂ ਨਵਜੰਮੇਂ ਬੱਚੇ ਨੂੰ ਸਿਰਹਾਣੇ ਥੱਲੇ ਰਖ ਕੇ ਮਾਰਦੀ ਹੈ ਜਾਂ ਉਸਦੀ ਮੌਤ ਦਾ ਕੁਦਰਤੀ ਕਾਰਣ ਨਹੀਂ ਲੱਭਿਆ ਜਾਂਦਾ ਤਾਂ ਕਤਲ ਹੀ ਗਿਣਿਆ ਜਾਵੇਗਾ ਅਤੇ ਉਸਦੀ ਸਜ਼ਾ ਘੱਟੋ ਘਟ ਦੋ ਸਾਲ ਦੀ ਜੇਲ੍ਹ ਤਾਂ ਜ਼ਰੂਰ ਮਿਲੇਗੀ।

ਜਦੋਂ ਬੱਚੇ ਮਾਰਨ ਦੀ ਵੱਖੋ ਵੱਖਰੇ ਦੇਸਾਂ ਵਿਚ ਗਿਣਤੀ ਕੀਤੀ ਗਈ ਤਾਂ ਇੱਕ ਤੋਂ 14 ਸਾਲ ਦੇ ਬੱਚੇ ਮਾਰਨ ਵਿਚ ਦੁਨੀਆ ਭਰ ਵਿੱਚੋਂ ਅਮਰੀਕਾ ਚੌਥੇ ਨੰਬਰ ਉੱਤੇ ਸੀ ਤੇ ਇਕ ਸਾਲ ਤੋਂ ਛੋਟੇ ਬੱਚੇ ਮਾਰਨ ਵਿਚ ਗਿਆਰ੍ਹਵੇਂ ਨੰਬਰ ਉੱਤੇ।

1990 ਤੋਂ ਬਾਅਦ ਚੀਨ ਵਿਚ ਤਾਂ ਲੋਕਾਂ ਨੇ ਯੰਗਜ਼ੇ ਨਦੀ ਦਾ ਕੁੱਝ ਹਿੱਸਾ ਨਵਜੰਮੀਆਂ ਬੱਚੀਆਂ ਦੀਆਂ ਲਾਸ਼ਾਂ ਨਾਲ ਹੀ ਏਨਾ ਭਰ ਛੱਡਿਆ ਕਿ ਸਰਕਾਰ ਨੂੰ ਬਦੋਬਦੀ ਇਸ ਗਲ ਉੱਤੇ ਰੋਕ ਲਾਉਣੀ ਪਈ। ਇਹ ਕੰਮ One Child Policy ਯਾਨੀ ' ਇੱਕੋ ਬੱਚਾ ' ਕਰਨ ਦਾ ਕਾਨੂੰਨ ਲਾਗੂ ਹੋਣ ਤੋਂ ਬਾਅਦ ਸ਼ੁਰੂ ਹੋਇਆ। ਇਸ ਤਰ੍ਹਾਂ ਦੀਆਂ ਮੌਤਾਂ ਵਿਚ ਲਗਭਗ ਪੰਝੀ ਮਿਲੀਅਨ ਕੁੜੀਆਂ ਖ਼ਤਮ ਹੋ ਗਈਆਂ।

ਜਦੋਂ ਨਵਜੰਮੀਆਂ ਬੱਚੀਆਂ ਨੂੰ ਮਾਰਨ ਦਾ ਕਾਨੂੰਨ ਬਣਿਆ ਤਾਂ ਲੋਕ ਅਲਟਰਾਸਾਊਂਡ ਉੱਤੇ ਧੂਹ ਕੇ ਪੈ ਗਏ। ਨਤੀਜੇ ਵਜੋਂ ਚੀਨ ਵਿਚ ਨਿੱਕੀ ਤੋਂ ਨਿੱਕੀ ਪਾਰਕਿੰਗ ਦੀ ਥਾਂ ਉੱਤੇ ਵੀ ਇਕ ਪਲੇਨ ਵੈਨ ਲੁਕ ਕੇ ਸਸਤੇ ਭਾਅ ਅਲਟਰਾਸਾਊਂਡ ਕਰਨ ਲਈ ਖੜੀ ਮਿਲਦੀ ਸੀ, ਜਿਸ ਸਦਕਾ 40 ਮਿਲੀਅਨ ਚੀਨੀ ਕੁੜੀਆਂ ਤਾਂ ਸੰਨ 2003 ਤਕ ਹੀ ਖ਼ਤਮ ਹੋ ਗਈਆਂ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਅਨੁਸਾਰ 2005 ਤੱਕ 50 ਮਿਲੀਅਨ ਚੀਨੀ ਕੁੜੀਆਂ ਦਾ ਸਫ਼ਾਇਆ ਹੋ ਚੁੱਕਿਆ ਸੀ। ਇਸ ਨੂੰ ਜੋਜ਼ਫ ਫਾਰਾ ਮੁਤਾਬਕ ਇਨਸਾਨੀ ਇਤਿਹਾਸ ਵਿਚ ਸਭ ਤੋਂ ਵੱਡਾ ਘੱਲੂਘਾਰਾ ਕਰਾਰ ਦੇਣਾ ਚਾਹੀਦਾ ਹੈ।

ਵੁਡਜ਼ ਮੁਤਾਬਕ ਚੀਨ ਵਿਚ ਹੁਣ ਵੀ ਲਗਭਗ ਇਕ ਮਿਲੀਅਨ ਕੁੜੀਆਂ ਮਾਪਿਆਂ ਵੱਲੋਂ ਜਨਮ ਤੋਂ ਬਾਅਦ ਸੁੱਟੀਆਂ ਜਾ ਰਹੀਆਂ ਹਨ ਜਿਨ੍ਹਾਂ ਦੀ ਯਤੀਮਖਾਨਿਆਂ ਵਿਚ ਭਰਮਾਰ ਹੋਈ ਪਈ ਹੈ। ਜਿਸ ਮਾੜੇ ਹਾਲਾਤ ਵਿਚ ਉਨ੍ਹਾਂ ਨੂੰ ਰੱਖਿਆ ਜਾਂਦਾ ਹੈ, ਉਨ੍ਹਾਂ ਨੂੰ ਬਰਿਟਿਸ਼ ਟੀ.ਵੀ. ਡਾਕੂਮੈਂਟਰੀ ਵਿਚ " ਡਾਈਂਗ ਰੂਮਜ਼ " ਯਾਨੀ ਮਰਨ ਲਈ ਬਣੇ ਕਮਰੇ, ਦੇ ਨਾਂ ਤਹਿਤ ਵਿਖਾਇਆ ਜਾ ਚੁੱਕਿਆ ਹੈ। ਜਿਹੜੇ ਮਾਪੇ ਇੰਝ ਕੁੜੀਆਂ ਨਹੀਂ ਸੁਟਦੇ, ਉਹ ਬੀਮਾਰ ਕੁੜੀਆਂ ਦਾ ਇਲਾਜ ਕਰਵਾਉਣ ਤੋਂ ਕਤਰਾਉਂਦੇ ਹਨ ਤੇ ਉਹੜ ਪੁਹੜ ਕਰ ਕੇ ਕੁਦਰਤ ਪੱਖੋਂ ਹੀ ਮਰਨ ਲਈ ਛੱਡ ਦਿੰਦੇ ਹਨ।

ਪਾਕਿਸਤਾਨ ਵਿਚ ਵੀ ਕੁੜੀਆਂ ਮਾਰਨ ਦਾ ਰੁਝਾਨ ਵਧ ਰਿਹਾ ਹੈ। ਪਾਕਿਸਤਾਨ ਚੈਰਿਟੀ ਆਰਗੇਨਾਈਜ਼ੇਸ਼ਨ ਨੇ ਸੰਨ 2009 ਵਿਚ ਖ਼ੁਲਾਸਾ ਕੀਤਾ ਕਿ ਇੱਕੋ ਸਾਲ ਵਿਚ 1000 ਨਵਜੰਮੀਆਂ ਕੁੜੀਆਂ ਨੂੰ ਜਾਂ ਤਾਂ ਮਾਰ ਦਿੱਤਾ ਗਿਆ ਤੇ ਜਾਂ ਕੂੜੇ ਤੇ ਢੇਰ ਉੱਤੇ ਸੁਟ ਦਿੱਤਾ ਗਿਆ।

ਅਫਰੀਕਾ ਵਿਚ ਭਾਵੇਂ ਕੁੜੀਆਂ ਨੂੰ ਮਾਰਨਾ ਜੁਰਮ ਗਿਣਿਆ ਜਾਂਦਾ ਹੈ ਪਰ ਹਾਲੇ ਵੀ ਕੁੜੀਆਂ ਨੂੰ ਜੰਮਣ ਤੋਂ ਬਾਅਦ ਤੇ ਪਹਿਲਾਂ ਮਾਰਨ ਦਾ ਰੁਝਾਨ ਜਾਰੀ ਹੈ।

ਦੁਨੀਆ ਦੇ ਠੰਡੇ ਬਰਫੀਲੇ ਇਲਾਕਿਆਂ ਵਿਚ ਅੱਜ ਵੀ ਨਵਜੰਮੀਆਂ ਕੁੜੀਆਂ ਨੂੰ ਬਰਫ਼ ਵਿਚ ਜਮਾ ਦਿੱਤਾ ਜਾਂਦਾ ਹੈ।

ਨਵੰਬਰ 2008 ਵਿਚ ਪੈਪੂਆ ਤੇ ਨਿਊ ਗਿਨੀ ਵਿਚ ਇਕ ਵਖਰੀ ਹੀ ਮਿਸਾਲ ਵੇਖਣ ਨੂੰ ਮਿਲੀ। ਉੱਥੇ 1986 ਤੋਂ ਲਗਾਤਾਰ ਕਬੀਲਿਆਂ ਦੀ ਲੜਾਈ ਜਾਰੀ ਸੀ। ਉੱਥੇ ਦੀਆਂ ਔਰਤਾਂ ਨੇ ਇਹ ਫੈਸਲਾ ਲਿਆ ਕਿ ਜੇ ਹਰ ਨਵਜੰਮੇਂ ਮੁੰਡੇ ਨੂੰ ਮਾਰ ਦਿੱਤਾ ਜਾਵੇ ਤਾਂ ਲੜਾਈ ਲੜਨ ਵਾਲੇ ਬੰਦੇ ਰਹਿਣਗੇ ਹੀ ਨਹੀਂ ਤੇ ਲੜਾਈ ਆਪੇ ਰੁਕ ਜਾਵੇਗੀ। ਨਤੀਜੇ ਵਜੋਂ ਦਸ ਸਾਲ ਤਕ ਬਹੁਗਿਣਤੀ ਨਵਜੰਮੇਂ ਮੁੰਡੇ ਸਿਰਹਾਣੇ ਥੱਲੇ ਦਬ ਕੇ ਮਾਰ ਦਿੱਤੇ ਜਾਂਦੇ ਰਹੇ ਤੇ ਇਹ ਰੁਝਾਨ ਅੱਜ ਵੀ ਜਾਰੀ ਹੈ।

ਭਾਰਤ ਵਿਚ ਭਰੂਣ ਹੱਤਿਆਵਾਂ ਅਤੇ ਜੰਮਦੀਆਂ ਕੁੜੀਆਂ ਨੂੰ ਮਾਰਨ ਉੱਤੇ ਪਾਬੰਦੀ ਹੈ ਪਰ ਯੂਨੀਸੇਫ਼ ਮੁਤਾਬਕ ਹੁਣ ਤੱਕ 50 ਮਿਲੀਅਨ ਭਾਰਤੀ ਕੁੜੀਆਂ ਦਾ ਸਫਾਇਆ ਹੋ ਚੁੱਕਿਆ ਹੈ।

ਲਾਸ ਏਂਜਲਸ ਟਾਈਮਜ਼ , 28 ਫਰਵਰੀ 1994, ਵਿਚ ਕੁੜੀਆਂ ਮਾਰਨ ਦੀਆਂ ਅਨੇਕ ਘਟਨਾਵਾਂ ਦਾ ਜ਼ਿਕਰ ਕਰਦੇ ਹੋਏ ਭਾਰਤ ਬਾਰੇ ਲਿਖਿਆ ਗਿਆ ਹੈ - " ਵਿਅਰ ਕਿਲਿੰਗ ਬੇਬੀ ਗਰਲਜ਼ ਇਜ਼ ਨੋ ਬਿਗ ਸਿਨ " (Where killing baby girls is no big sin) Í ਉਸ ਵਿਚ ਤਾਮਿਲ ਨਾਡੂ ਦੀਆਂ ਦਿਲ ਦਹਿਲਾਊ ਕਹਾਣੀਆਂ ਹਨ ਅਤੇ ਕਿਵੇਂ ਮਾਵਾਂ ਆਪ ਮੰਨੀਆਂ ਕਿ ਜਦ ਤਕ ਨਵਜੰਮੀਂ ਬੱਚੀ ਦੇ ਨਕ ਵਿੱਚੋਂ ਲਹੂ ਚਲ ਕੇ ਉਹ ਮਰ ਨਹੀਂ ਜਾਂਦੀ, ਦਾਈਆਂ ਅੱਕ ਦਾ ਦੁੱਧ ਅਤੇ ਕਸਟਰੈਲ ਉਸਦੇ ਮੂੰਹ ਅੰਦਰ ਧਕਦੀਆਂ ਰਹਿੰਦੀਆਂ ਹਨ। ਇਨ੍ਹਾਂ ਕਤਲਾਂ ਦਾ ਕਾਰਣ ਪੁੱਛੇ ਜਾਣ ਉੱਤੇ ਮਾਵਾਂ ਮੰਨੀਆਂ ਕਿ ਉਨ੍ਹਾਂ ਦੀ ਆਪਣੀ ਜ਼ਿੰਦਗੀ ਨਰਕ ਵਾਂਗ ਹੈ ਤੇ ਅਜਿਹੀ ਜ਼ਿੰਦਗੀ ਉਹ ਆਪਣੀ ਧੀ ਨੂੰ ਨਹੀਂ ਦੇਣਾ ਚਾਹੁੰਦੀਆਂ।

ਮਦਰਾਸ ਦੀ ਕਮਿਊਨਿਟੀ ਸਰਵਿਸ ਨੇ ਇਕ ਖੋਜ ਰਾਹੀਂ ਕਿਹਾ ਹੈ ਕਿ ਤਾਮਿਲ ਨਾਡੂ ਵਿਚ ਵਸਦੇ ਮੁਸਲਮਾਨ ਜਾਂ ਈਸਾਈ ਇਹ ਕਾਰਾ ਨਹੀਂ ਕਰਦੇ ਬਲਕਿ ਸਿਰਫ਼ ਹਿੰਦੂ ਹੀ ਅਜਿਹਾ ਕਰ ਰਹੇ ਹਨ। ਉਨ੍ਹਾਂ ਨੇ 1250 ਟੱਬਰਾਂ ਉੱਤੇ ਖੋਜ ਕਰਕੇ ਇਹ ਤੱਥ ਸਾਹਮਣੇ ਰੱਖੇ ਹਨ ਕਿ ਦਾਜ ਹੀ ਇਨ੍ਹਾਂ ਹਿੰਦੂ ਬੱਚੀਆਂ ਨੂੰ ਚੱਬ ਰਿਹਾ ਹੈ।

ਜਿਵੇਂ ਚੀਨ ਬਾਰੇ ਇਹ ਮਸ਼ਹੂਰ ਹੈ ਕਿ ਉੱਥੇ ਇਕ ਸੌ ਗਿਆਰਾਂ ਮਿਲੀਅਨ ਮੁੰਡੇ ਅਣਵਿਆਹੇ ਰਹਿ ਜਾਣ ਵਾਲੇ ਹਨ, ਯਾਨੀ ਕਨੇਡਾ ਦੀ ਪੂਰੀ ਜਨਸੰਖਿਆ ਤੋਂ ਤਿੰਨ ਗੁਣਾ ਤੋਂ ਵੀ ਵਧ, ਬਿਲਕੁਲ ਉਸੇ ਤਰ੍ਹਾਂ ਭਾਰਤ ਬਾਰੇ ਵੀ ਇਹੀ ਮਸ਼ਹੂਰ ਹੋ ਚੁੱਕਿਆ ਹੈ ਕਿ ਇਹ ਚੀਨ ਦੀ ਪੂਰੀ ਬਰਾਬਰੀ ਉੱਤੇ ਉਤਰ ਚੁੱਕਿਆ ਹੈ। ਇਸ ਕਰਕੇ ਢੇਰ ਸਾਰੇ ਗਿਰੋਹ ਸਰਗਰਮ ਹੋ ਚੁੱਕੇ ਹਨ ਜਿਹੜੇ ਚੀਨ ਅਤੇ ਭਾਰਤ ਵਿਚ ਹੋਰਨਾਂ ਦੇਸਾਂ ਤੋਂ ਕੁੜੀਆਂ ਲਿਆ ਕੇ ਸਪਲਾਈ ਕਰ ਰਹੇ ਹਨ। ਇਹ 'ਵੈਨਕੁਵਰ ਸਨ ' (Vancover Sun ) ਵਿਚ ਜਨਵਰੀ 11, 1999 ਨੂੰ ਛਪਿਆ ਸੀ! ਹਰ ਸਾਲ 8000 ਤੋਂ ਵੀ ਵਧ ਅਜਿਹੇ ਮਾਮਲੇ ਸਾਹਮਣੇ ਆ ਰਹੇ ਹਨ ਜਿੱਥੇ ਕੁੜੀਆਂ ਬਾਹਰੋਂ ਲਿਆਈਆਂ ਗਈਆਂ।

ਗੁਜਰਾਤ, ਜੈਪੁਰ, ਮੁੰਬਈ, ਉੱਤਰ ਪ੍ਰਦੇਸ ਤਾਮਿਲ ਨਾਡੂ, ਹਰਿਆਣਾ, ਜੰਮੂ ਕਸ਼ਮੀਰ ਅਤੇ ਪੰਜਾਬ ਵਿਚਲੀਆਂ ਬਹੁਤ ਸਾਰੀਆਂ ਖ਼ਬਰਾਂ ਅੰਦਰਰਾਸ਼ਟਰੀ ਪਧੱਰ ਉੱਤੇ ਛਪ ਚੁੱਕੀਆਂ ਹਨ ਕਿ ਕਿਵੇਂ ਉੱਥੇ ਧੀਆਂ ਦਾ ਲਗਾਤਾਰ ਸਫਾਇਆ ਹੋ ਰਿਹਾ ਹੈ।

ਰਾਜਸਥਾਨ ਵਿਚ ਜਿਹੜੀਆਂ ਕੁੜੀਆਂ ਮਾਪਿਆਂ ਦੇ ਰਹਿਮੋ ਕਰਮ ਉੱਤੇ ਬਚ ਜਾਂਦੀਆਂ ਹਨ, ਉਨ੍ਹਾਂ ਵਿੱਚੋਂ ਬਹੁਤੀਆਂ ਨੂੰ ਘਟ ਖਾਣ ਲਈ ਦਿੱਤਾ ਜਾ ਰਿਹਾ ਹੈ। ਕਾਰਲੇਕਰ ਨੇ ਆਪਣੀ ਖੋਜ ਵਿਚ ਲਿਖਿਆ ਹੈ ਕਿ ਕੁੜੀਆਂ ਨੂੰ ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿਚ ਬਹੁਤ ਸਾਰੇ ਪੇਂਡੂ ਇਲਾਕਿਆਂ ਵਿਚ ਇੱਕੋ ਵੇਲੇ ਦੀ ਹੀ ਰੋਟੀ ਦਿੱਤੀ ਜਾਂਦੀ ਹੈ। ਜਿੱਥੇ ਜੈਪੁਰ ਦੇ ਮੈਡੀਕਲ ਕਾਲਜ ਅਨੁਸਾਰ 3500 ਮਾਦਾ ਭਰੂਣ ਹਰ ਸਾਲ ਲਗਾਤਾਰ ਡੇਗੇ ਜਾ ਰਹੇ ਹਨ, ਉੱਥੇ ਯੂਨੀਸੇਫ ਨੇ ਮੁੰਬਈ ਦੇ ਉਸੇ ਕਲੀਨਿਕ ਵਿਚਲੀਆਂ 8000 ਭਰੂਣ ਹੱਤਿਆਵਾਂ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ 1984 ਵਿਚ ਹੋਈਆਂ ਇਨ੍ਹਾਂ ਭਰੂਣ ਹੱਤਿਆਵਾਂ ਵਿੱਚੋਂ 7999 ਭਰੂਣ, ਮਾਦਾ ਹੋਣ ਕਾਰਣ ਡੇਗੇ ਗਏ। ਰਤਾ ਕੁ ਪੰਜਾਬ ਵਿਚ ਵੀ ਝਾਤ ਮਾਰ ਲਈਏ, ਜਿੱਥੇ ਪਿਛਲੇ ਸਾਲ ਦੀਆਂ ਭਰੂਣ ਹੱਤਿਆਵਾਂ ਦੀ ਗਿਣਤੀ ਹੀ ਹੁਣ ਤਕ ਦੇ ਹੋ ਰਹੇ ਕਤਲਾਂ ਨੂੰ ਸਪਸ਼ਟ ਕਰ ਦੇਵੇਗੀ।

ਸੰਨ 2010 ਵਿਚ ਜਿੰਨੀਆਂ ਕੁ ਗਰਭਵਤੀ ਔਰਤਾਂ ਰਜਿਸਟਰ ਹੋਈਆਂ, ਉਨ੍ਹਾਂ ਵਿੱਚੋਂ ਪੀ.ਐਨ.ਡੀ.ਟੀ. ਸੈੱਲ ਮੁਤਾਬਕ ਜਿੰਨੇ ਗਰਭ ਪੂਰ ਚੜ੍ਹੇ ਉਨ੍ਹਾਂ ਦਾ ਰਿਕਾਰਡ ਕੱਢਿਆ ਗਿਆ। ਅੰਕੜੇ ਬੜੇ ਭਿਆਨਕ ਸਨ, ਇਸੇ ਲਈ ਜਨਤਕ ਕੀਤੇ ਗਏ ਕਿਉਂਕਿ ਸਿਰਫ਼ ਰਜਿਸਟਰਡ ਗਰਭਵਤੀ ਔਰਤਾਂ ਦੇ ਢਿੱਡਾਂ ਵਿਚੋਂ ਹੀ 75,000 ਮਾਦਾ ਭਰੂਣ ਗ਼ਾਇਬ ਹੋ ਗਏ ਸਨ। ਜਿਹੜੀਆਂ ਗਰਭਵਤੀ ਔਰਤਾਂ ਰਜਿਸਟਰ ਨਹੀਂ ਹੋਈਆਂ ਜਿਨ੍ਹਾਂ ਦੀ ਗਿਣਤੀ ਵੀ ਲਗਭਗ ਏਨੀ ਕੁ ਹੀ ਹੁੰਦੀ ਹੈ। ਉਨ੍ਹਾਂ ਵਿੱਚੋਂ ਕਿੰਨੇ ਮਾਦਾ ਭਰੂਣ ਗ਼ਾਇਬ ਹੋ ਗਏ ਹੋਣਗੇ, ਇਸ ਬਾਰੇ ਅੰਦਾਜ਼ਾ ਲਗਾਉਣਾ ਔਖਾ ਨਹੀਂ!

ਕੁੱਝ ਥਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ :

| | | |
|---|---|---|
| ਅੰਮ੍ਰਿਤਸਰ | - | 8 3 2 0 |
| ਮਾਦਾ ਭਰੂਣ ਕਤਲ | | |
| ਬਠਿੰਡਾ | - | 2249 |
| ਫਰੀਦਕੋਟ | - | 3113 |
| ਫਤਿਹਗੜ੍ਹ ਸਾਹਿਬ | - | 2974 |
| ਫਿਰੋਜ਼ਪੁਰ | - | 7652 |
| ਗੁਰਦਾਸਪੁਰ | - | 4019 |
| ਜਲੰਧਰ | - | 4435 |
| ਲੁਧਿਆਣਾ | - | 6550 |
| ਮੋਗਾ | - | 2758 |
| ਮੋਹਾਲੀ | - | 4024 |
| ਨਵਾਂ ਸ਼ਹਿਰ | - | 943 |
| ਪਟਿਆਲਾ | - | 10,650 |
| ਸੰਗਰੂਰ | - | 6736 |

ਯੂਨੀਸੇਫ਼ ਵੱਲੋਂ ਪਿਛਲੇ ਸਾਲ ਐਲਾਨੀ ਇਬਾਰਤ ਹਕੀਕਤ ਦਾ ਰੂਪ ਧਾਰਨ ਕਰ ਚੁੱਕੀ ਹੈ ਕਿ ਅਗਲੇ 15 ਸਾਲਾਂ ਬਾਅਦ ਸੱਠ ਲੱਖ ਪੰਜਾਬੀ ਮੁੰਡਾ ਕੁਆਰਾ ਰਹਿ ਜਾਏਗਾ। ਯਾਨੀ ਸਾਰੀਆਂ ਅਮਰੀਕਨ ਕੁੜੀਆਂ ਹਜ਼ਮ ਕਰਨ ਤੋਂ ਬਾਅਦ ਵੀ ਛੜੇ ਦਿਸਣਗੇ!

ਹਸਪਤਾਲਾਂ ਵਿਚ ਦਾਖਲ ਕਰਨ ਲਈ ਲਿਆਈਆਂ ਜਾ ਰਹੀਆਂ ਕੁੜੀਆਂ ਵਿਚ ਲਗਾਤਾਰ ਘਾਟਾ ਚਾਲੂ ਹੈ ਤੇ ਟੀਕਾਕਰਣ ਵਾਸਤੇ ਵੀ ਘਟ ਕੁੜੀਆਂ ਲਿਆਈਆਂ ਜਾ ਰਹੀਆਂ ਹਨ ਕਿਉਂਕਿ ਕੁੜੀਆਂ ਨੂੰ ਬੇਲੋੜੀਆਂ ਤੇ ਭਾਰ ਸਮਝੀ ਜਾਣ ਵਾਲੀ ਸੋਚ ਪਥੱਰ ਯੁਗ ਤੋਂ ਜਿਉਂ ਦੀ ਤਿਉਂ ਚਾਲੂ ਹੈ।

ਜੇ ਭਵਿੱਖ ਬਾਰੇ ਧਿਆਨ ਕਰਨਾ ਹੋਵੇ ਤਾਂ ਦੁਨੀਆ ਭਰ ਵਿਚਲੇ ਖੋਜੀ ਤੇ ਭਰੂਣ ਹੱਤਿਆਵਾਂ ਰੋਕਣ ਵਲ ਤਨੋਂ ਮਨੋਂ ਜੁੜੇ ਲੋਕਾਂ ਦੀ ਇੱਕੋ ਨਾ-ਪੱਖੀ ਸੋਚ ਹੀ ਦਿਸਦੀ ਹੈ। ਜਿੰਨੀਆਂ ਵੀ ਖੋਜਾਂ ਇਸਨੂੰ ਰੋਕਣ ਲਈ ਦੁਨੀਆ ਦੇ ਵੱਖੋ ਵੱਖ ਹਿੱਸਿਆਂ ਵਿਚ ਕੀਤੀਆਂ ਗਈਆਂ, ਉਨ੍ਹਾਂ ਵਿੱਚੋਂ ਕੋਈ ਬਹੁਤੀ ਕਾਰਗਰ ਸਾਬਤ ਨਹੀਂ ਹੋਈ।

ਬਥੇਰੀਆਂ ਥਾਵਾਂ ਉੱਤੇ, ਇਟਲੀ, ਅਮਰੀਕਾ, ਚੀਨ ਆਦਿ ਵਿਚ ਅਨਾਥ ਆਸ਼ਰਮ ਖੋਲ੍ਹੇ ਗਏ ਪਰ ਅਰਬਾਂ ਦੀ ਗਿਣਤੀ ਵਿਚ ਮਾਰੀਆਂ ਜਾ ਰਹੀਆਂ ਕੁੜੀਆਂ ਵਿੱਚੋਂ ਸਿਰਫ਼ ਕੁੱਝ ਉਂਗਲਾਂ ਉੱਤੇ ਗਿਣੀਆਂ ਜਾ ਸਕਣ ਵਾਲੀਆਂ ਕੁੜੀਆਂ ਹੀ ਬੱਚੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤੀਆਂ ਦਾ ਭਵਿੱਖ ਸੁਰੱਖਿਅਤ ਨਹੀਂ। ਦੂਜੇ ਪਾਸੇ ਮਾਪੇ ਤਾਂ ਧੀਆਂ ਦਾ ਖੁਰਾ ਖੋਜ ਮਿਟਾਉਣ ਨੂੰ ਹੀ ਤਰਜੀਹ ਦਿੰਦੇ ਰਹੇ ਹਨ।

ਭਰੂਣ ਡੇਗਣ ਲਈ ਦੁਨੀਆਂ ਭਰ ਵਿਚ ਕਾਨੂੰਨ ਬਣੇ ਹੋਣ ਦੇ ਬਾਵਜੂਦ ਕਿਤੇ ਕੋਈ ਠੱਲ ਪਈ ਨਹੀਂ ਦਿਸਦੀ ਕਿਉਂਕਿ ਅੰਦਰਖਾਤੇ ਸਭ ਪਹਿਲਾਂ ਵੀ ਚਲਦਾ ਰਿਹਾ ਸੀ ਤੇ ਹੁਣ ਵੀ ਚਾਲੂ ਹੈ। ਜਿੰਨੇ ਕੁ ਸੁਝਾਓ ਬੁੱਧੀਜੀਵੀਆਂ ਨੇ ਲੱਭੇ ਹਨ, ਉਨ੍ਹਾਂ ਬਾਰੇ ਮੈਂ ਦਿੰਦੀ ਹਾਂ। ਇਹ ਉਹ ਲੋਕ ਹਨ ਜਿਨ੍ਹਾਂ ਨੇ ਆਪਣੀਆਂ ਜ਼ਿੰਦਗੀਆਂ ਮਾਦਾ ਭਰੂਣ ਹੱਤਿਆ ਰੋਕਣ ਅਤੇ ਨਵਜੰਮੀਆਂ ਬੱਚੀਆਂ ਨੂੰ ਬਚਾਉਣ ਲਈ ਸਮਰਪਿਤ ਕੀਤੀਆਂ ਹੋਈਆਂ ਹਨ। ਇਕ ਗਲ ਜਿਸ ਉੱਤੇ ਸਾਰੇ ਦ੍ਰਿੜ ਹਨ, ਉਹ ਇਹ ਹੈ ਕਿ ਜਿਹੜੇ ਕਾਰਣ ਮਾਦਾ ਭਰੂਣ ਹੱਤਿਆ ਨੂੰ ਉਕਸਾਉਂਦੇ ਹਨ, ਜਦ ਤਕ ਉਹ ਦੂਰ ਨਹੀਂ ਕੀਤੇ ਜਾਂਦੇ, ਉਦੋਂ ਤਕ ਨਾ ਤਾਂ ਕੋਈ ਧਾਰਮਿਕ ਤੇ ਨਾ ਹੀ ਕਾਨੂੰਨਨ ਪਾਬੰਦੀਆਂ ਕੋਈ ਅਸਰ ਛੱਡ ਸਕਦੀਆਂ ਹਨ।



# ਫਿਲਮੀ ਦੁਨੀਆਂ

**ਪੰਜਾਬੀ ਗਾਇਕੀ, ਧਾਰਮਿਕ, ਸੂਫੀ ਸੰਗੀਤ 'ਚ ਹੰਸ ਰਾਜ ਹੰਸ ਦਾ ਕਮਾਲ ਰਿਹਾ ਹੈ। ਬਹੁਤ ਘੱਟ ਅਜਿਹੇ ਗਾਇਕ ਹਨ ਜਿਨ੍ਹਾਂ ਨੂੰ ਅਜਿਹੀ ਗਾਇਕੀ ਦਾ ਮਾਣ ਹਾਸਲ ਹੁੰਦਾ ਹੈ।**



**ਹੰਸ ਦੇ ਗੀਤਾਂ ਨੇ ਜਿਥੇ ਲੋਕਾਂ ਦਾ ਮਨੋਰੰਜਨ ਕੀਤਾ ਹੈ, ਉਥੇ ਨੌਜਵਾਨਾਂ ਨੂੰ ਸੇਧ ਵੀ ਮਿਲੀ ਹੈ। ਹੰਸ ਰਾਜ ਹੰਸ ਨੇ ਕਈ ਦੇਸ਼ਾਂ ਵਿਚ ਲਾਇਵ ਸ਼ੋਅ ਕੀਤੇ ਹਨ। ਸੰਗੀਤ ਦੀ ਪਾਏਰੇਸੀ ਬਾਰੇ ਹੰਸ ਦਾ ਕਹਿਣਾ ਹੈ ਕਿ ਸੰਗੀਤ ਦੀ ਪਾਏਰੇਸੀ ਨੇ ਪੰਜਾਬੀ ਸੰਗੀਤ ਦਾ ਬੜਾ ਬੁਰਾ ਹਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਕੰਪਨੀ ਲੱਖਾਂ-ਕਰੋੜਾਂ ਰੁਪਏ ਲਾ ਕੇ ਐਲਬਮ ਤਿਆਰ ਕਰਦੀ ਹੈ ਅਤੇ ਜਦ ਉਸ ਦੀ ਪਾਏਰੇਸੀ ਹੋ ਜਾਂਦੀ ਹੈ ਤਾਂ ਕੰਪਨੀ ਨੂੰ ਬੜਾ ਘਾਟਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪਾਏਰੇਸੀ ਲਈ ਸਰਕਾਰ ਨੂੰ ਬੜੇ ਠੋਸ ਕਦਮ ਚੁੱਕਣੇ ਚਾਹੀਦੇ ਹਨ। ਸੰਗੀਤਕ ਅਦਾਰਿਆਂ, ਕੰਪਨੀਆਂ, ਸਰਕਾਰ ਅਤੇ ਕਲਾਕਾਰਾਂ ਨੂੰ ਮਿਲ ਕੇ ਇਸ ਦਾ ਕੋਈ ਹੱਲ ਲੱਭਣਾ ਚਾਹੀਦਾ ਹੈ।**

# ਰਾਜ ਗਾਇਕ ਹੰਸ ਰਾਜ ਹੰਸ



ਪੰਜਾਬੀ ਗਾਇਕੀ ਦੀ ਜਦੋਂ ਗੱਲ ਹੁੰਦੀ ਹੈ ਤਾਂ ਰਾਜ ਗਾਇਕ ਹੰਸ ਰਾਜ ਹੰਸ ਦਾ ਨਾਂਅ ਬੜੇ ਮਾਣ ਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਗਾਇਕ ਹੰਸ ਨੂੰ ਸਿਰਫ਼ ਪੰਜਾਬੀ ਹੀ ਨਹੀਂ ਸਗੋਂ ਦੇਸ਼ ਵਿਦੇਸ਼ਾਂ ਦੇ ਪੰਜਾਬੀ ਤੇ ਗੈਰ ਪੰਜਾਬ ਸਰੋਤੇ ਵੀ ਮਣਾਂ ਮੂੰਹੀ ਪਿਆਰ ਦਿੰਦੇ ਹਨ।

ਜਲੰਧਰ ਨੇੜੇ ਪਿੰਡ ਸਫੀਪੁਰ 'ਚ ਜਨਮੇ ਹੰਸ ਰਾਜ ਹੰਸ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਰਿਹਾ ਹੈ। ਹੰਸ ਨੇ ਡੀ ਏ ਵੀ ਕਾਲਜ ਜਲੰਧਰ ਵਿਚ ਦਾਖਲਾ ਲਿਆ ਤਾਂ ਪ੍ਰੋ. ਬੀ ਐਸ ਨਾਰੰਗ ਦੇ ਪਿਆਰ ਸਦਕਾ ਅਤੇ ਉਸਤਾਦ ਪੂਰਨ ਸ਼ਾਹ ਕੋਟੀ ਦੇ ਅਸ਼ੀਰਵਾਦ ਨਾਲ ਇਸ ਕਾਲਜ ਨੂੰ ਹਰ ਸਾਲ ਗੋਲਡ ਮੈਡਲ ਨਾਲ ਨਿਵਾਜਿਆ। ਕਾਲਜ ਦੀ ਪੜ੍ਹਾਈ ਖਤਮ ਕਰਕੇ ਜਿਵੇਂ ਹੀ ਹੰਸ ਨੇ ਕੈਸਟ 'ਜੋਗੀਆਂ ਦੇ ਕੰਨਾਂ ਵਿਚ ਕੱਚ ਦੀਆਂ ਮੁੰਦਰਾਂ' ਬਾਜ਼ਾਰ ਵਿਚ ਆਈ ਤਾਂ ਚਾਰੇ ਪਾਸਿਆਂ ਤੋਂ ਹੰਸ ਦੀ ਗਾਇਕੀ ਦੀ ਦੀ ਜੈ ਜੈ ਕਾਰ ਹੋਣ ਲੱਗੀ। ਹੰਸ ਦੇ ਗਾਏ ਗੀਤਾਂ ਨੂੰ ਬੇਹੱਦ ਪਸੰਦ ਕੀਤਾ ਜਾਣ ਲੱਗਾ। ਉਸਤਾਦ ਪੂਰਨ ਸ਼ਾਹਕੋਟੀ ਬੜੇ ਮਾਣ ਨਾਲ ਕਹਿੰਦੇ ਹਨ ਕਿ ਹੰਸ ਨੇ ਜੋ ਮੁਕਾਮ ਹਾਸਲ ਕੀਤਾ ਹੈ ਇਹ ਉਸ ਦੀ ਮਿਹਨਤ ਦਾ ਨਤੀਜਾ ਹੈ। ਪੰਜਾਬੀ ਗਾਇਕੀ, ਧਾਰਮਿਕ, ਸੂਫੀ ਸੰਗੀਤ 'ਚ ਹੰਸ ਰਾਜ ਹੰਸ ਦਾ ਕਮਾਲ ਰਿਹਾ ਹੈ। ਬਹੁਤ ਘੱਟ ਅਜਿਹੇ ਗਾਇਕ ਹਨ ਜਿਨ੍ਹਾਂ ਨੂੰ ਅਜਿਹੀ ਗਾਇਕੀ ਦਾ ਮਾਣ ਹਾਸਲ ਹੁੰਦਾ ਹੈ। ਹਿੰਦੀ ਫਿਲਮ 'ਕੱਚੇ ਧਾਗੇ' 'ਚ ਨੁਸਰਤ ਫਤਿਹ ਅਲੀ ਖਾਨ ਨਾਲ ਗਾਇਆ ਗੀਤ 'ਇਸ਼ਕ ਦੀ ਗਲੀ' ਵਿਚੋਂ ਕੋਈ ਕੋਈ ਲੰਘਦਾ' ਗੀਤ ਨੇ ਬਾਡੀਵੁੱਡ 'ਚ ਅਜਿਹੀ ਦਸਤਕ ਦਿੱਤੀ ਬਾਡੀਵੁੱਡ ਦੇ ਨਿਰਮਾਤਾਵਾਂ ਨੇ ਹੰਸ ਦੀ ਪਿਆਰੀ ਦੇ ਸੁਰੀਲੀ ਆਵਾਜ਼ ਨੂੰ ਹੋਰ ਵੀ ਕਈ ਫਿਲਮਾਂ ਵਿਚ ਲਿਆ।

ਪਦਮਸ਼੍ਰੀ ਰਾਜ ਗਾਇਕ ਹੰਸ ਰਾਜ ਹੰਸ ਨੇ ਬਹੁਤ ਹੀ ਸਾਰੀਆਂ ਐਲਬਮਾਂ ਵੀ ਕੀਤੀਆਂ ਜਿਵੇਂ 'ਇਕ ਡੰਡ ਹੋਰ ਮਾਰ ਜਾ' 'ਬੱਲੇ ਨੀ ਰਾਹੇ ਰਾਹੇ' 'ਵਾਰਿਸ ਪੰਜਾਬ ਦੇ', 'ਆਸ਼ਕਾਂ ਦੀ ਕਹਾਦੀ ਜ਼ਿੰਦਗੀ' 'ਤੇਰਾ ਮੇਰਾ ਪਿਆਰ' 'ਆਰ ਟੁੱਟ ਦੀ ਨਾ ਪਾਰ ਟੁੱਟਦੀ' 'ਇਸ਼ਕੇ ਦੀ ਬਰਸਾਤ' 'ਲਾਲ ਗਰਾਰਾ' 'ਝਾਂਜਰ' 'ਗ਼ਮਾਂ ਦੀ ਰਾਤ' 'ਵਣਜਾਰਾ' ਆਦਿ ਹਨ। ਇਸ ਤੋਂ ਇਲਾਵਾ ਧਾਰਮਿਕ ਐਲਬਮਾਂ ਵੀ ਹਨ, ਜਿਵੇਂ ਕਿ 'ਪੱਤਾ ਪੱਤਾ ਸਿੰਘਾ ਦਾ ਵੈਰੀ' 'ਮੇਰਾ ਬਾਜ਼ਾਂ ਵਾਲੀ ਮਾਹੀ' 'ਅੰਮ੍ਰਿਤਧਾਰਾ' 'ਨਿੱਕੇ ਨਿੱਕੇ ਦੋ ਖਾਲਸੇ' 'ਸਿੱਖੀ ਦੀਆਂ ਸ਼ਾਨਾ' 'ਬੋਲੇ ਸੋ ਨਿਹਾਲ' ਆਦਿ ਹਨ। ਇਨ੍ਹਾਂ ਦੇ ਇਲਾਵਾ ਕਈ ਹੋਰ ਐਲਬਮਾਂ ਦੀ ਤਿਆਰੀ ਚੱਲ ਰਹੀ ਹੈ। ਹੰਸ ਰਾਜ ਹੰਸ ਨੇ ਪ੍ਰੀਤੀ ਸਪਰੂ ਦੀਆਂ ਕਈ ਪੰਜਾਬੀ ਫਿਲਮਾਂ 'ਚ ਅਭਿਨੈ ਵੀ ਕੀਤਾ ਪਰ ਅਭਿਨੈ ਦੇ ਬਜਾਏ ਹੰਸ ਨੇ ਗਾਇਕੀ ਨੂੰ ਤਰਜੀਹ ਦਿੱਤੀ ਹੰਸ ਰਾਜ ਹੰਸ ਦੀ ਸਫਲਤਾ ਦਾ ਰਾਜ਼ ਉਨ੍ਹਾਂ ਦੀ ਸਾਦਗੀ ਹੈ, ਜਿਸ ਦੇ ਕਾਰਨ ਹੀ ਅੱਜ ਉਨ੍ਹਾਂ ਨੂੰ ਇਹ ਮੁਕਾਮ ਹਾਸਲ ਹੋਇਆ ਹੈ। 20 ਕੁ ਸਾਲ ਪਹਿਲਾ ਇਕ ਨਵੇਂ ਗਾਇਕ ਜਸਵਿੰਦਰ ਬੱਲਾ ਦੇ ਇਕ ਕੈਸਟ ਰਿਲੀਜ਼ ਸਮਾਗਮ ਵਿਚ ਹੰਸ ਮੁੱਖ ਮਹਿਮਾਨ ਸੀ।

ਉਥੇ ਬਿਨਾਂ ਕਿਸੇ ਲਾਗ ਲਪੇਟ ਦੇ ਉਨ੍ਹਾਂ ਕਿਹਾ ਸੀ ਕਿ ਬੁੱਲਾ ਉਹ ਗਾਇਕ ਹੈ ਜਿਸ ਦਾ ਮੇਰੀ ਜ਼ਿੰਦਗੀ ਵਿਚ ਅਹਿਮ ਯੋਗਦਾਨ ਹੈ, ਕਿਉਂਕਿ ਮੇਰੀ ਮੰਗਣੀ ਵਾਲੇ ਦਿਨ ਮੈਂ ਇਸੇ ਦਾ ਕੁੜਤਾ ਪਜਾਮਾ ਪਹਿਨਕੇ ਗਿਆ ਸੀ। ਐਡੇ ਵੱਡੇ ਮਹਾਨ ਗਾਇਕ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਗਾਇਕ ਜਸਵਿੰਦਰ ਬੁੱਲੇ ਦੀਆਂ ਅੱਖਾਂ ਭਰ ਆਈਆਂ ਤੇ ਉਸ ਨੇ ਕਿਹਾ ਭਾਜੀ ਤੁਸੀਂ ਮਹਾਨ ਹੋ ਤੇ ਮੇਰੇ ਵਰਗੇ ਨਵੇਂ ਕਲਾਕਾਰ ਨੂੰ ਏਨਾ ਮਾਣ ਦਿੱਤਾ ਕਿ ਮੈਂ ਭੁੱਲ ਨਹੀਂ ਸਕਦਾ। ਇਸੇ ਸਾਦਗੀ ਕਰਕੇ ਹੰਸ ਦਾ ਅੱਜ ਪੂਰੀ ਦੁਨੀਆਂ 'ਚ ਨਾਂਅ ਹੈ। ਹੰਸ ਦੇ ਗੀਤਾਂ ਨੇ ਜਿਥੇ ਲੋਕਾਂ ਦਾ ਮਨੋਰੰਜਨ ਕੀਤਾ ਹੈ, ਉਥੇ ਨੌਜਵਾਨਾਂ ਨੂੰ ਸੇਧ ਵੀ ਮਿਲੀ ਹੈ।

ਹੰਸ ਰਾਜ ਹੰਸ ਨੇ ਕਈ ਦੇਸ਼ਾਂ ਵਿਚ ਲਾਇਵ ਸ਼ੋਅ ਕੀਤੇ ਹਨ। ਸੰਗੀਤ ਦੀ ਪਾਏਰੇਸੀ ਬਾਰੇ ਹੰਸ ਦਾ ਕਹਿਣਾ ਹੈ ਕਿ ਸੰਗੀਤ ਦੀ ਪਾਏਰੇਸੀ ਨੇ ਪੰਜਾਬੀ ਸੰਗੀਤ ਦਾ ਬੜਾ ਬੁਰਾ ਹਾਲ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਵੀ ਕੋਈ ਕੰਪਨੀ ਲੱਖਾਂ-ਕਰੋੜਾਂ ਰੁਪਏ ਲਾ ਕੇ ਐਲਬਮ ਤਿਆਰ ਕਰਦੀ ਹੈ ਅਤੇ ਜਦ ਉਸ ਦੀ ਪਾਏਰੇਸੀ ਹੋ ਜਾਂਦੀ ਹੈ ਤਾਂ ਕੰਪਨੀ ਨੂੰ ਬੜਾ ਘਾਟਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਪਾਏਰੇਸੀ ਲਈ ਸਰਕਾਰ ਨੂੰ ਬੜੇ ਠੋਸ ਕਦਮ ਚੁੱਕਣੇ ਚਾਹੀਦੇ ਹਨ। ਸੰਗੀਤਕ ਅਦਾਰਿਆਂ, ਕੰਪਨੀਆਂ, ਸਰਕਾਰ ਅਤੇ ਕਲਾਕਾਰਾਂ ਨੂੰ ਮਿਲ ਕੇ ਇਸ ਦਾ ਕੋਈ ਹੱਲ ਲੱਭਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਇਰੇਸੀ ਪੰਜਾਬ ਦੇ ਸੰਗੀਤਕਾਰਾਂ ਅਤੇ ਗਾਇਕਾਂ ਨੂੰ ਇਕ ਕੋਹੜ ਦੀ ਬਿਮਾਰੀ ਦੀ ਤਰ੍ਹਾਂ ਚਿੰਬੜੀ ਹੈ। ਇਸ ਨੂੰ ਦੂਰ ਕਰਨ ਲਈ ਦਰਸ਼ਕਾਂ ਨੂੰ ਵੀ ਸਾਡਾ ਸਾਥ ਦੇਣਾ ਚਾਹੀਦਾ ਹੈ। ਇਕ ਸਰਵੇਖਣ ਮੁਤਾਬਕ ਪੰਜਾਬੀ ਸੰਗੀਤ ਅਜਿਹਾ ਸੰਗੀਤ ਹੈ ਜਿਸ ਤੋਂ ਕਰੋੜਾਂ ਰੁਪਏ ਦੀ ਆਮਦਨੀ ਹੁੰਦੀ ਹੈ। ਇਸੇ ਲਈ ਹਿੰਦੀ ਫਿਲਮਾਂ ਵਿਚ ਸ਼ਰੇਆਮ ਪੰਜਾਬੀ ਗੀਤਾਂ ਦੀ ਵਰਤੋਂ ਕੀਤੀ ਜਾਂਦੀ ਹੈ।

-ਤਰਸੇਮ

## ਸਮਝਦਾਰ ਅਨੁਸ਼ਕਾ



'ਬੈਂਡ ਬਾਜਾ ਬਾਰਾਤ' ਦੀ ਸਫਲਤਾ ਪਿੱਛੋਂ ਵੀ ਅਨੁਸ਼ਕਾ ਸ਼ਰਮਾ ਦੇ ਪੈਰ ਪੂਰੀ ਤਰ੍ਹਾਂ ਜ਼ਮੀਨ 'ਤੇ ਹੀ ਹਨ। ਉਂਝ ਵੀ ਤਿੰਨ 'ਚੋਂ 2 ਹਿੱਟ ਫ਼ਿਲਮਾਂ ਦੇ ਚੁੱਕੀ ਅਨੁਸ਼ਕਾ ਨੂੰ ਦਿਖਾਵੇ 'ਚ ਬਹੁਤਾ ਵਿਸ਼ਵਾਸ ਨਹੀਂ ਹੈ। ਇਹੀ ਕਾਰਨ ਹੈ ਕਿ ਉਹ ਬਹੁਤੇ ਬੈਗਸ ਰੱਖਣੇ ਪਸੰਦ ਨਹੀਂ ਕਰਦੀ। ਅਨੁਸ਼ਕਾ ਦਾ ਮੰਨਣੈ ਕਿ ਹੀਰੋਇਨਾਂ ਨੂੰ ਆਪਣੇ ਮਹਿੰਗੇ ਬ੍ਰਾਂਡਿਡ ਬੈਗਸ ਦਾ ਦਿਖਾਵਾ ਨਹੀਂ ਕਰਨਾ ਚਾਹੀਦਾ ਕਿਉਂਕਿ ਇਸ ਨਾਲ ਯੰਗ ਜਨਰੇਸ਼ਨ 'ਚ ਗਲਤ ਸੰਦੇਸ਼ ਜਾਂਦਾ ਹੈ ਕਿਉਂਕਿ ਆਮ ਕੁੜੀਆਂ ਅਜਿਹੇ ਮਹਿੰਗੇ ਬੈਗਸ ਨਹੀਂ ਖਰੀਦ ਸਕਦੀਆਂ, ਇਸ ਲਈ ਗਲਤ ਹੱਥਕੰਡੇ ਅਪਨਾਉਣੇ ਸ਼ੁਰੂ ਕਰ ਦਿੰਦੀਆਂ ਹਨ। ਉਂਝ ਇਸ ਮਾਮਲੇ 'ਚ ਦਿਲਚਸਪ ਗੱਲ ਇਹ ਹੈ ਕਿ ਅਜਿਹੀ ਸੋਚ ਰੱਖਣ ਦੇ ਬਾਵਜੂਦ ਪਿਛਲੇ ਦਿਨੀਂ ਅਨੁਸ਼ਕਾ ਨੇ ਲੰਡਨ 'ਚ ਫ਼ਿਲਮ 'ਪਟਿਆਲਾ ਹਾਊਸ' ਦੀ ਸ਼ੂਟਿੰਗ ਦੌਰਾਨ ਖੁਦ ਲਈ ਵੀ ਮਹਿੰਗਾ ਬੈਗ ਖਰੀਦਿਆ। ਉਸ ਦਾ ਕਹਿਣਾ ਹੈ ਕਿ ਉਸ ਨੇ ਮਹਿੰਗਾ ਬੈਗ ਖਰੀਦਿਆ ਜ਼ਰੂਰ ਹੈ ਪਰ ਉਸ ਨੂੰ ਖਰੀਦਣ ਤੋਂ ਪਹਿਲਾਂ ਉਸ ਨੇ ਤਿੰਨ ਦਿਨ ਇਹ ਸੋਚਣ 'ਚ ਲਗਾਏ ਕਿ ਉਸ ਨੂੰ ਇਹ ਬੈਗ ਲੈਣਾ ਚਾਹੀਦਾ ਹੈ ਜਾਂ ਨਹੀਂ।

## ਪਿਆਰ ਦੀ ਰਾਹ 'ਤੇ ਸੋਨਾਕਸ਼ੀ

ਸੋਨਾਕਸ਼ੀ ਦਾ ਅਰਥ ਹੁੰਦਾ ਹੈ ਸੁਨਹਿਰੀ ਅੱਖਾਂ। ਭਾਵੇਂਕਿ ਸੋਨਾਕਸ਼ੀ ਦੀਆਂ ਅੱਖਾਂ ਸੁਨਹਿਰੀ ਨਹੀਂ ਹਨ ਪਰ ਉਸ ਨੂੰ ਇਹ ਨਾਂ ਦੇਣ ਵੇਲੇ ਉਸ ਦੇ ਪਿਤਾ ਸ਼ਤਰੂਘਨ ਸਿਨ੍ਹਾ ਨੇ ਉਸ ਦੀਆਂ ਅੱਖਾਂ 'ਚ ਸਫਲਤਾ ਲਈ ਸੁਨਹਿਰੇ ਸੁਪਨੇ ਭਰਨੇ ਸ਼ੁਰੂ ਕਰ ਦਿੱਤੇ ਸਨ ਅਤੇ ਅੱਜਕਲ ਉਨ੍ਹਾਂ ਸੁਪਨਿਆਂ ਨੂੰ ਸੋਨਾਕਸ਼ੀ ਹਕੀਕਤ ਦਾ ਰੰਗ ਦੇਣ 'ਚ ਲੱਗੀ ਹੋਈ ਹੈ ਪਰ ਕਿੰਨੀ ਵੀ ਕੋਸ਼ਿਸ਼ ਕਿਉਂ ਨਾ ਕਰ ਲਓ, ਮਾਇਆਨਗਰੀ 'ਚ ਦਿਲ ਨੂੰ ਕਾਬੂ 'ਚ ਰੱਖਣਾ ਸੌਖਾ ਕੰਮ ਨਹੀਂ ਹੈ। 'ਬੈਂਡ ਬਾਜਾ ਬਾਰਾਤ' ਨਾਲ ਕਰੀਅਰ ਦੀ ਸ਼ੁਰੂਆਤ ਕਰਨ ਵਾਲੇ ਰਣਬੀਰ ਸਿੰਘ ਦਾ ਫ਼ਿਲਮ ਦੀ ਨਾਇਕਾ ਅਨੁਸ਼ਕਾ ਸ਼ਰਮਾ ਨਾਲ ਉਸ ਸਮੇਂ ਜ਼ਬਰਦਸਤ ਰੋਮਾਂਸ ਹੋਇਆ ਸੀ ਪਰ ਫਿਰ ਸੁਣਿਆ ਗਿਆ ਕਿ ਦੋਹਾਂ ਵਿਚਾਲੇ ਅਣਬਣ ਹੋ ਚੁੱਕੀ ਹੈ ਅਤੇ ਦੋਵੇਂ ਆਪੋ-ਆਪਣੀਆਂ ਵੱਖਰੀਆਂ ਰਾਹਾਂ 'ਤੇ ਹਨ।

ਹੁਣ ਇਸ ਤਰ੍ਹਾਂ ਦੀਆਂ ਖ਼ਬਰਾਂ ਆ ਰਹੀਆਂ ਹਨ ਕਿ ਰਣਵੀਰ ਸਿੰਘ ਅਤੇ 'ਦਬੰਗ' ਫੇਮ ਸੋਨਾਕਸ਼ੀ ਸਿਨ੍ਹਾ ਵਿਚਾਲੇ ਅੱਜਕਲ ਜ਼ਬਰਦਸਤ ਰੋਮਾਂਸ ਚੱਲ ਰਿਹਾ ਹੈ। ਸੋਨਾਕਸ਼ੀ ਨੂੰ 'ਦਬੰਗ' ਦੀ ਸਫਲਤਾ ਤੋਂ ਬਾਅਦ ਬਾਲੀਵੁੱਡ ਨੇ ਹੱਥੋਂ-ਹੱਥੀਂ ਲਿਆ ਹੈ। ਅੱਜ ਉਸ ਕੋਲ ਫ਼ਿਲਮਾਂ ਦੀ ਕੋਈ ਘਾਟ ਨਹੀਂ ਹੈ।

ਸੋਨਾਕਸ਼ੀ ਅਕਸ਼ੈ ਕੁਮਾਰ ਨਾਲ 'ਜੋਕਰ' ਕਰ ਰਹੀ ਹੈ, ਉਥੇ ਹੀ ਸੈਫ ਅਲੀ ਖ਼ਾਨ ਨਾਲ 'ਰੇਸ-2@ 'ਚ ਵੀ ਉਹ ਅਹਿਮ ਕਿਰਦਾਰ ਨਿਭਾਅ ਰਹੀ ਹੈ। ਸਲਮਾਨ ਦੇ ਆਪੋਜ਼ਿਟ ਉਸ ਕੋਲ 'ਕਿੱਕ' ਹੈ। ਅਨੁਰਾਗ ਬਸੁ ਨੇ ਵੀ ਉਸ ਨੂੰ ਰਣਵੀਰ ਸਿੰਘ ਨਾਲ ਇਕ ਫ਼ਿਲਮ ਲਈ ਕਾਸਟ ਕੀਤਾ ਹੈ ਅਤੇ ਬਸ ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਰਣਵੀਰ ਸੋਨਾਕਸ਼ੀ ਨੂੰ ਇਨਾ ਚੰਗਾ ਲੱਗਾ ਕਿ ਅੱਜਕਲ ਦਿਨ-ਰਾਤ ਉਹ ਰਣਵੀਰ ਨਾਲ ਹੀ ਨਜ਼ਰ ਆ ਰਹੀ ਹੈ।

ਅੱਜ ਸੋਨਾਕਸ਼ੀ ਇੰਨੀ ਕੁ ਬਿਜ਼ੀ ਹੈ ਕਿ ਨਾ ਚਾਹੁੰਦਿਆਂ ਵੀ ਉਸ ਨੂੰ ਕਈ ਵੱਡੇ ਪ੍ਰੋਪੋਜ਼ਲ ਠੁਕਰਾਉਣੇ ਪੈ ਰਹੇ ਹਨ। ਸਾਜਿਦ ਖਾਨ ਛੇਤੀ ਹੀ ਅਮਿਤਾਭ, ਅਕਸ਼ੈ ਕੁਮਾਰ, ਅਸਿਨ ਅਤੇ ਜੈਕਲੀਨ ਨਾਲ ਇਕ ਫ਼ਿਲਮ ਸ਼ੁਰੂ ਕਰਨ ਜਾ ਰਿਹਾ ਹੈ। ਉਹ ਇਕ ਕਿਰਦਾਰ ਲਈ ਸੋਨਾਕਸ਼ੀ ਨੂੰ ਵੀ ਲੈਣਾ ਚਾਹੁੰਦਾ ਸੀ ਪਰ ਸੋਨਾਕਸ਼ੀ ਆਪਣੇ ਰੁਝੇਵਿਆਂ ਕਾਰਨ ਇਹ ਫ਼ਿਲਮ ਸਾਈਨ ਨਹੀਂ ਕਰ ਸਕੀ।






# ਭਾਰ ਨੂੰ ਘਟਾਓ ਇਸ ਤਰ੍ਹਾਂ ਕਿ ਫਿਰ ਨਾ ਵਧੇ

ਅੱਜ ਦੀ ਆਧੁਨਿਕ ਜੀਵਨਸ਼ੈਲੀ ਨੇ ਜ਼ਿੰਦਗੀ ਦੀ ਰਫ਼ਤਾਰ ਨੂੰ ਤੇਜ਼ ਕਰ ਦਿੱਤਾ ਹੈ ਪਰ ਸੁੱਖ ਸਹੂਲਤਾਂ ਵੀ ਏਨੀਆਂ ਦੇ ਦਿੱਤੀਆਂ ਹਨ ਕਿ ਮਨੁੱਖ ਸਰੀਰਕ ਮਿਹਨਤ ਘੱਟ ਕਰਦਾ ਹੈ ਪਰ ਮਸ਼ੀਨਾਂ ਦੀ ਮਦਦ ਨਾਲ ਹਰ ਕੰਮ ਜਲਦੀ ਨਿਪਟਾਉਂਦਾ ਹੈ।

ਸਰੀਰਕ ਮਿਹਨਤ ਘੱਟ ਕਰਨ ਅਤੇ ਪੱਛਮੀ ਖਾਣ-ਪੀਣ ਨੇ ਸਰੀਰ ਨੂੰ ਸੁਸਤ ਬਣਾ ਦਿੱਤਾ ਹੈ ਜਿਸ ਦਾ ਨਤੀਜਾ ਮੋਟਾਪਾ ਹੈ। ਮੋਟਾਪਾ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਜੇਕਰ ਅਸੀਂ ਵੀ ਸੁਸਤ ਹਾਂ ਅਤੇ ਫਾਸਟ ਫੂਡ ਖਾਣ ਦੇ ਸ਼ੌਕੀਨ ਹਾਂ ਤਾਂ ਸਾਨੂੰ ਸਮੇਂ ਸਿਰ ਸਾਵਧਾਨ ਹੋ ਜਾਣਾ ਚਾਹੀਦਾ ਹੈ ਤਾਂ ਕਿ ਅਸੀਂ ਮੋਟਾਪੇ ਦਾ ਸ਼ਿਕਾਰ ਨਾ ਹੋ ਜਾਈਏ।

ਭਾਰੀ ਭੋਜਨ ਘੱਟ ਕਰੋ : ਭਾਰੀ ਭੋਜਨ ਦਾ ਸੇਵਨ ਸਿਰਫ਼ ਵਿਆਹ-ਸ਼ਾਦੀ ਦੇ ਸਮਾਰੋਹ 'ਤੇ ਹੀ ਕਰੋ। ਉਸ ਵਿਚ ਏਨੀਆਂ ਵੱਧ ਕੈਲੋਰੀਆ ਨਾ ਲੈ ਲਓ, ਜਿਨ੍ਹਾਂ ਨੂੰ ਘਟਾਉਣ ਲਈ ਤੁਹਾਨੂੰ ਹਫ਼ਤਿਆਂਬੱਧੀ ਵਰਤ ਰੱਖਣਾ ਪਏ। ਅਧਿਕ ਕਰੀਮ ਯੁਕਤ ਅਤੇ ਤਲੇ ਹੋਏ ਭੋਜਨ ਮਜਬੂਰੀਵਸ ਥੋੜ੍ਹਾ ਜਿਹਾ ਸਵਾਦ ਦੇਖਣ ਲਈ ਲੈ ਸਕਦੇ ਹੋ। ਬਹੁਤ ਦਿਨ ਘਰ ਵਿਚ ਬਣਿਆ ਖਾਣਾ ਖਾਓ ਕਿਉਂਕਿ ਘਰ ਵਿਚ ਤੁਸੀਂ ਘੱਟ ਚਰਬੀ ਵਾਲਾ ਜਾਂ ਉਬਲਿਆ-ਭੁੰਨਿਆ ਖਾਣਾ ਖਾ ਸਕਦੇ ਹੋ।

ਜੇਕਰ ਤੁਸੀਂ ਕਿਸੇ ਵਿਸ਼ੇਸ਼ ਖਾਣੇ ਦੇ ਸ਼ੌਕੀਨ ਹੋ ਅਤੇ ਦੋ-ਚਾਰ ਦਿਨ ਬਾਅਦ ਉਸੇ ਖਾਧ-ਪਦਾਰਥ ਨੂੰ ਖਾਣ ਦੀ ਇੱਛਾ ਹੁੰਦੀ ਹੈ ਤਾਂ ਅਜਿਹੀ ਹਾਲਤ ਵਿਚ ਘੱਟ ਮਾਤਰਾ ਵਿਚ ਸੇਵਨ ਕਰੋ ਤਾਂ ਕਿ ਇੱਛਾ ਵੀ ਨਾ ਮਰੇ ਅਤੇ ਕੈਲੋਰੀ ਵੀ ਘੱਟ ਲਈ ਜਾਵੇ। ਇਸ ਤਰ੍ਹਾਂ ਤੁਸੀਂ ਆਪਣੇ ਵਜ਼ਨ 'ਤੇ ਕਾਬੂ ਰੱਖ ਸਕਦੇ ਹੋ।

ਨਾਸ਼ਤਾ ਭਾਰੀ, ਦੁਪਹਿਰ ਦਾ ਖਾਣਾ ਸੰਭਲ ਕੇ, ਰਾਤ ਦਾ ਖਾਣਾ ਹਲਕਾ ਕਰੋ : ਅੰਗਰੇਜ਼ੀ ਦੀ ਕਹਾਵਤ ਹੈ ਕਿ ਬਰੇਕ ਫਾਸਟ ਲਾਈਕ ਏ ਕਿੰਗ, ਲੰਚ ਲਾਈਕ ਏ ਕਾਮਨਮੈਨ, ਡਿਨਰ ਲਾਈਕ ਏ ਬੈਗਰ। ਨਾਸ਼ਤਾ ਭਾਰੀ ਜਾਂ ਅਧਿਕ ਕੈਲੋਰੀ ਵਾਲਾ ਲਓ ਕਿਉਂਕਿ ਉਸ ਨੂੰ ਖਰਚ ਕਰਨ ਦੇ ਲਈ ਤੁਹਾਡੇ ਕੋਲ ਕਾਫ਼ੀ ਵਕਤ ਹੁੰਦਾ ਹੈ। ਪਰ ਧਿਆਨ ਰੱਖੋ ਕਿ ਤਲੀਆਂ ਹੋਈਆਂ ਚੀਜ਼ਾਂ ਦਾ ਨਾਸ਼ਤਾ ਨਾ ਲਓ। ਦੁਪਹਿਰ ਦਾ ਖਾਣਾ ਬਹੁਤ ਪੇਟ ਭਰ ਕੇ ਨਾ ਖਾਓ ਕਿਉਂਕਿ ਬਹੁਤਾ ਖਾਣ ਨਾਲ ਨੀਂਦ ਆਉਂਦੀ ਹੈ। ਜੇਕਰ ਤੁਸੀਂ ਕੰਮ 'ਤੇ ਹੋ ਤਾਂ ਤੁਸੀਂ ਆਰਾਮ ਨਹੀਂ ਕਰ ਸਕਦੇ। ਇਸ ਲਈ ਦੁਪਹਿਰ ਦਾ ਖਾਣਾ ਸੰਭਲ ਕੇ ਕਰੋ। ਰਾਤ ਦਾ ਖਾਣਾ ਹਲਕਾ ਕਰੋ ਕਿਉਂਕਿ ਇਸ ਤੋਂ ਬਾਅਦ ਸਰੀਰਕ ਮਿਹਨਤ ਨਹੀਂ ਕੀਤੀ ਜਾਂਦੀ। ਭਾਰੀ ਖਾਣੇ ਨਾਲ ਸਰੀਰ 'ਤੇ ਚਰਬੀ ਚੜ੍ਹੇਗੀ।

ਪਾਣੀ ਖੂਬ ਪੀਓ : ਪਾਣੀ ਖੂਬ ਪੀਓ, ਲਗਾਤਾਰ ਪਾਣੀ ਪੀਣ ਨਾਲ ਭੁੱਖ ਸ਼ਾਂਤ ਰਹਿੰਦੀ ਹੈ। ਕੰਮ ਕਰਦੇ ਸਮੇਂ ਆਪਣੇ ਕੋਲ ਇਕ ਪਾਣੀ ਦੀ ਬੋਤਲ ਰੱਖੋ। ਖਾਣਾ ਖਾਣ ਤੋਂ ਅੱਧਾ ਘੰਟਾ ਪਹਿਲਾਂ ਪਾਣੀ ਪੀਓ।

ਚੋਣ ਅਨੁਸਾਰ ਖਾਣਾ ਖਾਓ : ਹਰ ਪ੍ਰਕਾਰ ਦਾ ਖਾਣਾ ਖਾ ਕੇ ਆਪਣੇ ਪੇਟ ਨੂੰ ਕੱਚਰੇ ਵਾਲਾ ਡੱਬਾ (ਡਸਟਬਿਨ) ਨਾ ਬਣਾਓ। ਇਹ ਵੀ ਨਹੀਂ ਕਿ ਜੋ ਮਿਲਿਆ ਖਾ ਕੇ ਪੇਟ ਭਰ ਲਓ। ਚਾਹੇ ਉਹ ਫਾਸਟ ਫੂਡ ਹੋਵੇ ਜਾਂ ਤੇਲ ਨਾਲ ਭਰਿਆ ਖਾਣਾ, ਇਸ ਤਰ੍ਹਾਂ ਕਰਕੇ ਕੈਲੋਰੀਆਂ ਵਧ ਜਾਣ 'ਤੇ ਭਾਰ ਵਧ ਜਾਵੇਗਾ। ਜੇਕਰ ਤੁਸੀਂ ਸਬਰ ਨਾਲ ਖਾਣਾ ਚੁਣ ਕੇ ਖਾਂਦੇ ਹੋ ਅਤੇ ਉਹ ਖਾਣਾ ਹੀ ਖਾਂਦੇ ਹੋ, ਜਿਸ ਵਿਚ ਬੇਸ਼ੁਮਾਰ ਕੈਲੋਰੀਆਂ ਨਹੀਂ ਹਨ, ਤਾਂ ਤੁਸੀਂ ਮੋਟਾਪੇ ਤੋਂ ਬਚ ਸਕੋਗੇ।



ਮਿੱਠਾ ਇੰਨਾ ਲਓ ਜੋ ਸੰਤੁਸ਼ਟੀ ਦੇ ਲਈ ਕਾਫ਼ੀ ਹੋਵੇ : ਖਾਣਾ ਖਾਣ ਤੋਂ ਬਾਅਦ ਜੇਕਰ ਮਿੱਠਾ ਖਾਣ ਦੀ ਇੱਛਾ ਹੋਵੇ ਤਾਂ ਥੋੜ੍ਹਾ ਜਿਹਾ ਮਿੱਠਾ ਪਲੇਟ ਵਿਚ ਰੱਖ ਕੇ ਆਰਾਮ ਨਾਲ ਖਾਓ। ਜੇਕਰ ਬਾਹਰ ਖਾਣਾ ਖਾਣ ਤੋਂ ਮਗਰੋਂ ਕੁਝ ਮਿੱਠਾ ਖਾਓ ਤਾਂ ਕਿਸੇ ਦੂਸਰੇ ਨਾਲ ਸ਼ੇਅਰ ਕਰ ਲਓ ਤਾਂ ਕਿ ਵਾਧੂ ਮਿੱਠਾ ਸਰੀਰ ਵਿਚ ਨਾ ਜਾਵੇ। ਘੱਟ ਕੈਲੋਰੀ ਲੈਣ ਵਾਲੇ ਖਾਣੇ ਤੋਂ ਬਾਅਦ ਦਹੀਂ ਵਿਚ ਥੋੜ੍ਹੀ ਜਿਹੀ ਸ਼ੂਗਰ ਫਰੀ ਪਾ ਲੈਣ। ਮਿੱਠੇ ਦੀ ਕਮੀ ਵੀ ਪੂਰੀ ਹੋ ਜਾਵੇਗੀ ਅਤੇ ਸਰੀਰ ਨੂੰ ਕੈਲੋਰੀ ਵੀ ਘੱਟ ਮਿਲੇਗੀ।

ਫ਼ਲ, ਸਬਜ਼ੀਆਂ ਦੀ ਵਰਤੋਂ ਘਟਣ ਨਾ ਦਿਓ : ਫਰਿੱਜ ਵਿਚ ਕੱਚੀਆਂ ਹਰੀਆਂ ਸਬਜ਼ੀਆਂ ਜੋ ਸਲਾਦ ਦੇ ਕੰਮ ਆਉਂਦੀਆਂ ਹਨ ਉਨ੍ਹਾਂ ਦੀ ਬਹੁਤਾਤ ਰੱਖੋ ਤਾਂ ਕਿ ਖਾਣਾ ਖਾਣ ਤੋਂ ਪਹਿਲਾਂ ਸਲਾਦ ਦੀ ਪਲੇਟ ਹੌਲੀ-ਹੌਲੀ ਚਬਾ ਕੇ ਖਾ ਸਕੋ। ਮੌਸਮ ਦੇ ਅਨੁਸਾਰ ਫਲ ਖਾਓ। ਬਸ ਧਿਆਨ ਰੱਖੋ ਅੰਬ, ਪਪੀਤਾ, ਕੇਲੇ ਵਧੇਰੇ ਮਾਤਰਾ ਵਿਚ ਨਾ ਖਾਓ। ਗਾਜ਼ਰ, ਮੂਲੀ, ਚਕੋਤਰਾ, ਨਾਸ਼ਪਾਤੀ, ਖਰਬੂਜ਼ਾ, ਖੀਰਾ, ਟਮਾਟਰ, ਫਾਲਸਾ, ਜਾਮਨ ਆਦਿ ਦਿਲ ਖੋਲ੍ਹ ਕੇ ਖਾਓ। ਇਨ੍ਹਾਂ ਸਭ ਵਿਚ ਵਿਟਾਮਿਨਾਂ ਦੀ ਭਰਪੂਰ ਮਾਤਰਾ ਹੁੰਦੀ ਹੈ।

# ਸਿਹਤਮੰਦ ਰਹਿਣਾ ਹੈ ਤਾਂ ਆਪਣੇ-ਆਪ ਨੂੰ ਸੁਧਾਰੋ

ਅੱਜ ਕੌਣ ਨਹੀਂ ਚਾਹੁੰਦਾ ਤਰੱਕੀ ਕਰਨਾ ? ਕੌਣ ਨਹੀਂ ਚਾਹੁੰਦਾ ਸਫ਼ਲਤਾ ਉਸ ਦੇ ਕਦਮ ਚੁੰਮੇ ? ਕੌਣ ਨਹੀਂ ਚਾਹੁੰਦਾ ਵਿਸ਼ਵ ਦੇ ਕੋਨੇ-ਕੋਨੇ ਵਿਚ ਉਸ ਦਾ ਨਾ ਹੋਵੇ ? ਕੌਣ ਨਹੀਂ ਚਾਹੁੰਦਾ ਕਿ ਉਸ ਨੂੰ ਕੋਈ ਹਰਾ ਨਾ ਸਕੇ ? ਕਹਿਣ ਦਾ ਮਤਲਬ ਕਿ ਅਸੀਂ ਆਪਣੇ ਕੰਮ ਦੇ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਲਾਪ੍ਰਵਾਹੀ ਵਰਤਣ ਤੋਂ ਬਚਦੇ ਹਾਂ। ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕਰਨਾ ਚਾਹੁੰਦੇ। ਇਥੋਂ ਤੱਕ ਕਿ ਲੋੜ ਪੈਣ 'ਤੇ ਅਸੀਂ ਆਪਣੇ ਸਕੇ ਸਬੰਧੀਆਂ ਤੋਂ ਮੀਲਾਂ ਦੂਰ ਜਾ ਕੇ ਵਸ ਜਾਂਦੇ ਹਾਂ। ਅਸੀਂ ਕਹਿ ਸਕਦੇ ਹਾਂ ਕਿ ਹਰ ਇਕ ਦੇ ਮਨ ਵਿਚ ਤਰੱਕੀ ਕਰਨ ਦੀ ਇੱਛਾ ਹੁੰਦੀ ਹੈ, ਇਸ ਦੀ ਮੁੱਖ ਉਦਾਹਰਨ ਅੱਜ ਦੀ ਨੌਜਵਾਨ ਪੀੜ੍ਹੀ ਹੈ।

ਕਿਸੇ ਵੀ ਨੌਜਵਾਨ ਲੜਕੇ ਜਾਂ ਲੜਕੀ ਨੂੰ ਦੇਖੋ ਉਹ ਤੜਕੇ ਸਵੇਰ ਤੋਂ ਲੈ ਕੇ ਰਾਤ ਢਲਣ ਤੱਕ ਕੰਮ ਕਰਨ ਤੋਂ ਪਿੱਛੇ ਨਹੀਂ ਹਟਦੇ। ਅਜੋਕਾ ਸਮਾਂ ਕੰਮਕਾਜ਼ੀ ਦੌਰ ਦਾ ਹੈ। ਕੰਮ ਚੋਰੀ ਜਾਂ ਗ਼ਲਤੀਆਂ ਦੀ ਕੋਈ ਗੁੰਜਾਇਸ਼ ਨਹੀਂ ਹੈ। ਅੱਜ ਸਾਡੀ ਜੀਵਨਸ਼ੈਲੀ ਕੰਪਿਊਟਰ ਦੀ ਸਕਰੀਨ ਦੇ ਸਾਹਮਣੇ ਆ ਕੇ ਰੁਕ ਗਈ ਹੈ। ਦੋਸਤ ਬਣਾਉਣੇ ਹੋਣ, ਕੋਈ ਕੰਮ ਕਰਨਾ ਹੋਵੇ, ਮਸਤੀ ਕਰਨੀ ਹੋਵੇ, ਹਰ ਚੀਜ਼ ਲਈ ਸਾਡੇ ਕੋਲ ਇਕ ਹੀ ਬਦਲ ਹੈ, ਕੰਪਿਊਟਰ।

ਚਾਹੇ ਅਸੀਂ ਕੰਪਿਊਟਰ ਤੇ ਕੰਮ ਕਰਨਾ ਬੰਦ ਨਹੀਂ ਕਰ ਸਕਦੇ। ਆਪਣੀ ਜੀਵਨਸ਼ੈਲੀ ਨੂੰ ਮੌਜਮਸਤੀ ਦੇ ਅਨੁਰੂਪ ਢਾਲ ਨਹੀਂ ਸਕਦੇ। ਪਰ ਜੋ ਗ਼ਲਤੀਆਂ ਅਸੀਂ ਹਰ ਰੋਜ਼ ਕਰ ਰਹੇ ਹਾਂ। ਉਨ੍ਹਾਂ ਨੂੰ ਸੁਧਾਰ ਕੇ ਆਪਣੀ ਸਿਹਤ ਨੂੰ ਜ਼ਰੂਰ ਬਿਹਤਰ ਬਣਾ ਸਕਦੇ ਹਾਂ। ਇਹ ਗੱਲ ਖਾਸ ਤੌਰ 'ਤੇ ਨੌਜਵਾਨਾਂ 'ਤੇ ਲਾਗੂ ਹੁੰਦੀ ਹੈ। ਇਨ੍ਹਾਂ ਨੇ ਆਪਣੇ-ਆਪ ਨੂੰ ਕੰਪਿਊਟਰ ਦੀ ਸਕਰੀਨ ਤੱਕ ਸੀਮਤ ਕਰ ਲਿਆ ਹੈ। ਜਿਸ ਜੀਵਨਸ਼ੈਲੀ ਦੇ ਅੱਜ ਅਸੀਂ ਆਦੀ ਹੁੰਦੇ ਜਾ ਰਹੇ ਹਾਂ ਉਸ ਵਿਚ ਸਾਡੇ ਕੋਲ ਕਸਰਤ ਕਰਨ ਦਾ ਜ਼ਰਾ ਵੀ ਵਕਤ ਨਹੀਂ ਹੈ। ਜਦੋਂ ਕਿ ਅਜਿਹੀ ਹਾਲਤ ਵਿਚ ਸਾਨੂੰ ਅਜਿਹੀਆਂ ਕਸਰਤਾਂ ਕਰਨੀਆਂ ਚਾਹੀਦੀਆਂ ਹਨ, ਜਿਨ੍ਹਾਂ ਦੇ ਸਿਹਤ 'ਤੇ ਸਕਾਰਤਮਿਕ ਅਸਰ ਦੇਖਣ ਨੂੰ ਮਿਲਣ।

ਇਹ ਕਹਿਣ ਦੀ ਗੱਲ ਨਹੀਂ ਕਿ ਅੱਜ ਅਸੀਂ ਦੋ ਘੰਟੇ ਲਗਾਤਾਰ ਕਸਰਤ ਵਿਚ ਨਹੀਂ ਗੁਜ਼ਾਰ ਸਕਦੇ। ਹਾਲਾਂਕਿ ਇਹ ਸਾਡੀ ਸਭ ਤੋਂ ਵੱਡੀ ਗਲਤੀ ਹੈ। ਪਰ ਸਿਹਤ ਮਾਹਿਰ ਇਸ ਸਬੰਧੀ ਦਸਦੇ ਹਨ ਕਿ ਅਜਿਹੀ ਹਾਲਤ ਵਿਚ 'ਸਟਰੈਚਿੰਗ ਐਕਸਰਸਾਈਜ਼' ਇਕ ਚੰਗਾ ਬਦਲ ਹੈ। ਇਸ ਲਈ ਤੁਹਾਨੂੰ ਸਵੇਰੇ ਪਾਰਕ ਜਾਂ ਗਰਾਊਂਡ ਵਿਚ ਵੀ ਜਾਣ ਦੀ ਲੋੜ ਨਹੀਂ ਹੈ। ਇਹ ਤੁਸੀਂ ਘਰ ਵਿਚ ਹੀ ਕਰ ਸਕਦੇ ਹਾਂ।

ਵੈਸੇ ਸਾਡੀ ਗਲਤੀ ਹੈ ਕਿ ਅਸੀਂ ਝੁਕ ਕੇ ਬੈਠਦੇ ਹਾਂ। ਚਾਹੇ ਟੀ. ਵੀ., ਕੰਪਿਊਟਰ ਹੋਵੇ ਜਾਂ ਫਿਰ ਡਰਾਈਵਿੰਗ ਕਰ ਰਹੇ ਹੋਵੋ। ਜਦੋਂ ਸਾਨੂੰ ਲੰਬੇ ਸਮੇਂ ਤੱਕ ਬੈਠਣਾ ਹੋਵੇ ਤਾਂ ਅਸੀਂ ਭੁੱਲ ਜਾਂਦੇ ਹਾਂ ਕਿ ਸਾਨੂੰ ਸਿੱਧੇ ਬੈਠਣਾ ਚਾਹੀਦਾ ਹੈ। ਘੱਟੋ-ਘੱਟ ਗੱਡੀ ਚਲਾਉਂਦੇ ਸਮੇਂ ਤਾਂ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਪਰ ਜਦੋਂ ਬਹੁਤੇ ਲੋਕ ਜਾਗਿੰਗ ਕਰ ਰਹੇ ਹੁੰਦੇ ਹਨ ਤਦ ਵੀ ਕਈ ਨੌਜਵਾਨ ਜਾਂ ਤਾਂ ਬਿਸਤਰ 'ਤੇ ਲੇਟੇ ਹੁੰਦੇ ਜਾਂ ਆਪਣੇ ਦਫਤਰ ਦਾ ਕੰਮ ਨਿਪਟਾ ਰਹੇ ਹੁੰਦੇ ਹਨ। ਜੇਕਰ ਦੌੜਨ ਦੀ ਹਾਲਤ ਆ ਜਾਏ, ਉਨ੍ਹਾਂ ਨੂੰ ਸਿੱਧੇ ਹੋ ਕੇ ਦੌੜਨਾ ਚਾਹੀਦਾ ਹੈ। ਝੁਕ ਕੇ ਦੌੜਨ ਪਿੱਛੋਂ ਸਿੱਧੇ ਹੋਣ ਵਿਚ ਬਹੁਤ ਤਕਲੀਫ਼ ਹੁੰਦੀ ਹੈ। ਅਜਿਹਾ ਤੁਹਾਨੂੰ ਮੁਸ਼ਕਿਲ ਵਿਚ ਪਾ ਸਕਦਾ ਹੈ। ਜੇਕਰ ਅਸੀਂ ਕਹੀਏ ਅੱਜ ਦੀ ਨੌਜਵਾਨ ਪੀੜ੍ਹੀ ਆਲਸੀ ਹੈ ਤਾਂ ਇਹ ਗਲਤ ਹੋਵੇਗੀ ਕਿਉਂਕਿ ਉਹ ਕਿਸੇ ਵੀ ਪੁਰਾਣੀ ਪੀੜ੍ਹੀ ਦੇ ਮੁਕਾਬਲੇ ਵਧੇਰੇ ਸਰਗਰਮ ਨਜ਼ਰ ਆਉਂਦੀ ਹੈ। ਪਰ ਇਹ ਸਰੀਰਕ ਕੰਮ ਕਰਨ ਤੋਂ ਡਰਦੀ ਹੈ। ਦੂਜੀ ਮੰਜ਼ਿਲ 'ਤੇ ਚੜ੍ਹਨਾ ਪੈ ਜਾਵੇ ਤਾਂ ਹਫ਼ਣ ਲਗਦੀ ਹੈ। ਗਲਤੀਆਂ ਅਜੇ ਖਤਮ ਨਹੀਂ ਹੋਈਆਂ। ਪਰ ਨੌਜਵਾਨਾਂ ਦੀਆਂ ਗ਼ਲਤੀਆਂ ਦੀ ਕੋਈ ਹੱਦ ਨਜ਼ਰ ਨਹੀਂ ਆਉਂਦੀ। ਉਹ ਸਿਹਤ ਪ੍ਰਤੀ ਬੇਹੱਦ ਲਾਪ੍ਰਵਾਹ ਹਨ। ਬਿਹਤਰ ਹੋਵੇਗਾ ਕਿ ਉਹ ਆਪਣੀ ਜੀਵਨਸ਼ੈਲੀ ਵਿਚ ਕੰਮ ਦੇ ਇਲਾਵਾ ਕਸਰਤ ਨੂੰ ਵੀ ਜੋੜਨਾ ਤਾਂ ਜੋ ਭਵਿੱਖ ਵਿਚ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।



-ਰੇਖਾ ਦੇਸਰਾਜ

# ਤੰਦਰੁਸਤ ਜੀਵਨ ਲਈ ਜ਼ਰੂਰੀ 9 ਟੀਕੇ



ਭਾਰਤ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਨਿਊਮੋਨੀਆ ਸਭ ਤੋਂ ਘਾਤਕ ਬਿਮਾਰੀ ਵਜੋਂ ਉੱਭਰ ਰਿਹਾ ਹੈ। ਇਸ ਨਾਲ ਦੇਸ਼ ਵਿਚ ਹਰ ਸਾਲ ਚਾਰ ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ। ਇੰਡੀਅਨ ਅਕਾਦਮੀ ਆਫ ਪੈਡੀਆਟ੍ਰਿਕਸ ਮੁਤਾਬਿਕ ਇਹ ਦੇਸ਼ ਦੀ ਸਾਲਾਨਾ ਬੱਚਾ ਦਰ (20 ਲੱਖ) ਦਾ ਪੰਜਵਾਂ ਹਿੱਸਾ ਹੈ। ਇਹੀ ਨਹੀਂ, ਇਹ ਬਿਮਾਰੀ ਦੁਨੀਆ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਵੀ ਇਹੀ ਮੰਨਿਆ ਜਾਂਦਾ ਹੈ।

ਬਾਲ ਰੋਗ ਮਾਹਿਰਾਂ ਦਾ ਮੰਨਣਾ ਹੈ ਕਿ ਨਿਊਮੋਨੀਆ ਨਾਲ ਹੋਣ ਵਾਲੀਆਂ ਮੌਤਾਂ ਵਿਚ ਘੱਟੋ-ਘੱਟ ਇਕ ਚੌਥਾਈ ਨੂੰ ਇਸ ਦੇ ਟੀਕੇ ਨਾਲ ਬਚਾਇਆ ਜਾ ਸਕਦਾ ਹੈ। ਇਸ ਲਈ ਉਹ ਹੁਣ ਨਿਊਮੋਕੋਕਲ ਕੰਜ਼ਿਊਗੇਟ ਵੈਕਸੀਨ ਨੂੰ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਵਿਚ ਸ਼ਾਮਿਲ ਕਰਵਾਉਣ ਦੀ ਵਕਾਲਤ ਕਰ ਰਹੇ ਹਨ। ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਵਿਚ ਤਾਂ ਬੱਚਿਆਂ ਦੇ ਨਾਲ-ਨਾਲ ਬਜ਼ੁਰਗਾਂ ਨੂੰ ਵੀ ਇਹ ਟੀਕਾ ਲਗਾਇਆ ਜਾਂਦਾ ਹੈ। ਭਾਰਤ ਵਿਚ ਵੀ ਕਈ ਬਜ਼ੁਰਗ ਇਹ ਟੀਕਾ ਲਗਵਾਉਣ ਲੱਗੇ ਹਨ।

ਮੌਤਾਂ, ਜਿਨ੍ਹਾਂ ਨੂੰ ਰੋਕਿਆ ਜਾ ਸਕਦਾ ਹੈ : ਅਕਤੂਬਰ 2008 ਵਿਚ ਆਯੋਜਿਤ ਮੁੰਬਈ ਜਿਊਮਾਕੋਕਲ ਡਿਸੀਜ਼ ਕਾਨਫ਼ਰੰਸ ਵਿਚ ਏਸ਼ੀਅਨ ਸਟ੍ਰੈਟੇਜਿਕ ਅਲਾਇੰਸ ਫਾਰ ਜਿਊਮੋਕੋਕਲ ਡਿਸੀਜ਼ ਪ੍ਰੀਵੈਂਸ਼ਨ (ਏ.ਐਸ.ਏ.ਪੀ.) ਭਾਰਤ ਦੇ ਪ੍ਰਧਾਨ ਨਿਤਿਨ ਸ਼ਾਹ ਦਾ ਕਹਿਣਾ ਸੀ ਕਿ ਨਿਊਮੋਨੀਆ ਦੇ ਸਮੁੱਚੇ ਗੰਭੀਰ ਮਾਮਲਿਆਂ ਵਿਚੋਂ ਅੱਧੇ ਨਿਊਮੋਕੋਕਸ ਬੈਕਟੀਰੀਆ ਦੇ ਹੁੰਦੇ ਹਨ ਅਤੇ ਇਸ ਨਾਲ ਹੋਣ ਵਾਲੀਆਂ ਕਰੀਬ 40 ਫ਼ੀਸਦੀ ਮੌਤਾਂ ਨੂੰ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਵਿਚ ਨਿਊਮੋਨੀਆ ਨੂੰ ਸ਼ਾਮਿਲ ਕਰਕੇ ਰੋਕਿਆ ਜਾ ਸਕਦਾ ਹੈ। ਫੇਫੜਿਆਂ ਵਿਚ ਸਟ੍ਰੈਪਟੋਕੋਕਸ ਨਿਊਮੋਨੀਏ ਨਾਮੀ ਬੈਕਟੀਰੀਆ ਕਾਰਨ ਹੋਣ ਵਾਲੀ ਜਲਣ ਨੂੰ ਨਿਊਮੋਨੀਆ ਕਹਿੰਦੇ ਹਨ। ਇਹ ਬੈਕਟੀਰੀਆ ਲਹੂ, ਕੰਨ ਅਤੇ ਸਾਈਨਸ 'ਤੇ ਵੀ ਪ੍ਰਭਾਵ ਪਾ ਸਕਦਾ ਹੈ। ਦਿਮਾਗ ਅਤੇ ਰੀੜ੍ਹ ਵਿਚ ਇਸ ਦਾ ਕੀਟਾਣੂ ਫੈਲਣ ਨਾਲ ਮੈਨਿੰਜਾਇਟਿਸ ਵੀ ਹੋ ਸਕਦਾ ਹੈ। ਏ. ਐਸ. ਏ. ਪੀ. ਇੰਡੀਆ ਦੇ ਸਹਿ-ਸੰਯੋਜਕ ਅਤੇ ਇੰਡੀਆ ਅਕਾਦਮੀ ਆਫ ਪੈਡੀਆਟ੍ਰਿਕਸ ਦੇ ਸਕੱਤਰ ਜਨਰਲ ਰੋਹਿਤ ਅਗਰਵਾਲ ਕਹਿੰਦੇ ਹਨ : ਇਨ੍ਹਾਂ ਸਾਰੀਆਂ ਬਿਮਾਰੀਆਂ ਨੂੰ ਸਮੂਹਿਕ ਤੌਰ 'ਤੇ ਨਿਊਮੋਕੋਕਲ ਡਿਜ਼ੀਸ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਕਾਰਨ ਬ੍ਰੇਨ ਡੈਮੇਜ, ਅਧਰੰਗ, ਸਿੱਖਣ ਦੀ ਅਸਮਰੱਥਤਾ, ਬੋਲਣ ਵਿਚ ਦਿੱਕਤ ਅਤੇ ਕਈ ਵਾਰ ਮੌਤ ਤੱਕ ਹੋ ਜਾਂਦੀ ਹੈ।

ਭਾਰਤ ਵਿਚ ਬੱਚਿਆਂ ਲਈ ਜੋ ਟੀਕਾਕਰਣ ਪ੍ਰੋਗਰਾਮ ਹੁਣ ਲਾਗੂ ਹੈ, ਇਸ ਵਿਚ 6 ਟੀਕੇ ਜ਼ਰੂਰੀ ਦੱਸੇ ਗਏ ਹਨ। ਇਨ੍ਹਾਂ ਵਿਚ ਟੀ ਬੀ ਲਈ ਬੀਸੀਜੀ, ਪੋਲੀਓ ਲਈ ਓਪੀਵੀ ਅਤੇ ਆਈਪੀਵੀ ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਪੋਲੀਓ ਦੇ ਖਿਲਾਫ਼ ਪਲਸ ਪੋਲੀਓ ਮੁਹਿੰਮ ਵੱਖਰੇ ਤੌਰ 'ਤੇ ਚਲਾਈ ਜਾਂਦੀ ਹੈ। ਫਿਰ ਹੈਪੇਟਾਈਟਸ-ਬੀ ਵੈਕਸੀਨ ਹੈ, ਜੋ ਤਿੰਨ ਡੋਜ਼ ਵਿਚ ਦਿੱਤਾ ਜਾਂਦਾ ਹੈ, ਤਾਂ ਕਿ ਲੀਵਰ ਵਿਚ ਸੰਕਰਮਣ ਨੂੰ ਰੋਕਿਆ ਜਾ ਸਕੇ। ਇਸੇ ਤਰ੍ਹਾਂ ਡਿਪਥੀਰੀਆ, ਟੈਟਨਸ ਅਤੇ ਕੁੱਕਰ ਖਾਂਸੀ ਲਈ ਡੀਪੀਟੀ ਦਾ ਟੀਕਾ ਲਗਾਇਆ ਜਾਂਦਾ ਹੈ। ਇਸ ਤੋਂ ਇਲਾਵਾ ਮੀਜ਼ਲਸ ਅਤੇ ਐਮ. ਐਮ. ਆਰ. ਦੇ ਟੀਕੇ ਵੀ ਲਗਾਏ ਜਾਂਦੇ ਹਨ। ਅੱਜਕਲ੍ਹ ਬੱਚਿਆਂ ਦੇ ਡਾਕਟਰ ਇਸ ਸੂਚੀ ਵਿਚ ਤਿੰਨ ਹੋਰ ਨਵੇਂ ਟੀਕੇ ਸ਼ਾਮਿਲ ਕਰਨ ਲੱਗੇ ਹਨ—ਨਿਊਮੋਕੋਕਲ ਕੰਜਿਊਗੇਟ ਵੈਕਸੀਨ, ਹਿਬ ਵੈਕਸੀਨ ਅਤੇ ਹੈਪੇਟਾਇਟਸ-ਏ ਵੈਕਸੀਨ। ਏ. ਐਸ. ਏ. ਪੀ. ਇੰਡੀਆ ਦੇ ਸੰਯੋਜਕ ਸ਼ਿਆਮ ਕੁਕਰੇਜਾ ਕਹਿੰਦੇ ਹਨ : ਭਾਰਤੀ ਬੱਚਿਆਂ ਲਈ ਜ਼ਰੂਰੀ 9 ਟੀਕਿਆਂ ਦੀ ਸੂਚੀ ਵਿਚ ਹੈਪੇਟਾਈਟਿਸ-ਏ ਵੈਕਸੀਨ ਨੂੰ ਜ਼ਰੂਰ ਸ਼ਾਮਿਲ ਕਰਨਾ ਚਾਹੀਦਾ ਹੈ। ਕਿਉਂਕਿ ਅੱਜਕਲ੍ਹ ਬਾਲ ਸਿਹਤ ਦਾ ਫੋਕਸ ਬਿਮਾਰੀਆਂ ਤੋਂ ਬਚਾਅ 'ਤੇ ਹੈ। ਇਸ ਲਈ ਇਮਿਊਨਾਈਜੇਸ਼ਨ ਦਾ ਸਮਾਂ-ਚੱਕਰ ਵੀ ਬਦਲਣ ਦੀ ਲੋੜ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕੁਝ ਟੀਕੇ ਕੰਬਾਈਨ ਕਰਕੇ ਵੀ ਲਗਾਏ ਜਾ ਸਕਦੇ ਹਨ ਤਾਂ ਕਿ ਬੱਚਿਆਂ ਨੂੰ ਵਾਰ-ਵਾਰ ਸੂਈ ਚੁਭੋ ਕੇ ਰੁਲਾਉਣ ਦੀ ਜ਼ਰੂਰਤ ਨਾ ਪਵੇ। ਦਿੱਲੀ ਦੇ ਰਾਕਲੈਂਡ ਹਸਪਤਾਲ ਵਿਚ ਉੱਘੇ ਬਾਲ ਰੋਗ ਮਾਹਿਰ ਸੰਜੀਵ ਬਗਾਈ ਕਹਿੰਦੇ ਹਨ, 'ਮਿਸਾਲ ਵਜੋਂ ਹੈਪੇਟਾਈਟਿਸ-ਏ+ਬੀ ਅਤੇ ਡੀਪੀਟੀ+ਹੈਪੇਟਾਇਟਿਸ-ਬੀ ਦੇ ਟੀਕੇ ਇਕੋ ਵੇਲੇ ਲਗਾਏ ਜਾ ਸਕਦੇ ਹਨ। ਇਸ ਨਾਲ ਬਿਮਾਰੀਆਂ ਤੋਂ ਸੁਰੱਖਿਆ ਵੀ ਹੁੰਦੀ ਹੈ। ਬਚਤ ਵੀ, ਆਰਾਮ ਵੀ : ਬਾਲ ਰੋਗ ਡਾਕਟਰਾਂ ਦਾ ਇਹ ਵੀ ਕਹਿਣਾ ਹੈ ਕਿ ਵੈਕਸੀਨ ਦੀ ਚੋਣ ਕਰਦਿਆਂ ਲਾਗਤ ਦੇ ਲਿਹਾਜ਼ ਤੋਂ ਦੇਖਣਾ ਹੁੰਦਾ ਹੈ ਕਿ ਇਹ ਜ਼ਰੂਰੀ ਹੈ ਜਾਂ ਇੱਛੁਕ। ਡਾ: ਬਗਾਈ ਕਹਿੰਦੇ ਹਨ, 'ਨਵਾਂ ਨਿਊਮੋਕੋਕਲ ਕੰਜ਼ਿਊਗੇਟ ਵੈਕਸੀਨ ਜਿਸ ਵਿਚ ਸੌ ਫ਼ੀਸਦੀ ਸੁਰੱਖਿਆ ਹੁੰਦੀ ਹੈ, ਉਸ ਦੀ ਇਕ ਡੋਜ਼ ਦੀ ਕੀਮਤ 4 ਹਜ਼ਾਰ ਰੁਪਏ ਆਉਂਦੀ ਹੈ ਜਦੋਂ ਕਿ ਦੋ ਸਾਲ ਦੇ ਵੱਡੇ ਬੱਚੇ ਨੂੰ ਲਗਾਏ ਜਾਣ ਵਾਲੇ ਪੁਰਾਣੇ ਪਾਲੀਸੈਕ੍ਰਾਇਡ ਨਿਊਮੋਕੋਕਲ ਵੈਕਸੀਨ ਦੀ ਸਿੰਗਲ ਡੋਜ਼ ਦੀ ਕੀਮਤ 1150 ਰੁਪਏ ਪੈਂਦੀ ਹੈ। ਇਸ ਲਈ ਭਾਰਤ ਵਰਗੇ ਦੇਸ਼ ਵਿਚ ਜਿਥੇ ਕ੍ਰਾਸ-ਇੰਫੈਕਸ਼ਨ ਆਮ ਹੈ, ਕੰਪਰੀਹੈਂਸਿਵ ਵੈਕਸੀਨੇਸ਼ਨ ਦੀ ਅਹਿਮੀਅਤ ਕਾਫੀ ਜ਼ਿਆਦਾ ਹੈ।' ਆਰਟੇਮਿਸ ਹੈਲਥ ਇੰਸਟੀਚਿਊਟ, ਗੁੜਗਾਉਂ ਦੇ ਕੰਸਲਟੈਂਟ ਰਾਜੀਵ ਛਾਬੜਾ ਕਹਿੰਦੇ ਹਨ : ਕੋਈ ਵੀ ਮਾਂ-ਪਿਉ ਆਪਣੇ ਬੱਚਿਆਂ ਲਈ ਟੀਕਿਆਂ ਦੀ ਚੋਣ ਕਰਦੇ ਸਮੇਂ ਕੀਮਤ, ਜੋਖ਼ਮ ਅਤੇ ਫਾਇਦੇ ਦਾ ਅਨੁਪਾਤ ਅਤੇ ਸਾਈਡ ਅਫੈਕਟ 'ਤੇ ਗ਼ੌਰ ਕਰਦੇ ਹਨ।


Sir Speedy Tustin
Printing and Marketing Services
Printers to the Community
SUBWAY eat fresh.
NOW LEASING
LIQUOR
PIZZA
Outdoor 3'x11' Promo Flag
Only $29/-
Pole & Spike $55/-
JOIN US SATURDAY, JULY 15th
GRAND OPENING CELEBRATION!
FOOD GAMES PRIZES
Outdoor 3'x6' Durable Banner
All weather, durable to sunlight, rain and wear & tear
Only $69/-
Indoor 2'x5' X-Stand Banner
includes stand and carry bag. Easy to setup, lightweight, photo real colors
Only $89/-
Love
Cartier
Retractable 33"x 80" Banner
Includes stand and carry bag. Hi-res imaging and Brilliant colors
Only $225/-
Pacific ESTATES & INVESTMENTS
A NATIONS FINANCIAL COMPANY
FOR SALE
CALL NOW
555.123.1234
All Weather 18"x24" Yard Signs
Includes H-stakes. single sided. All weather, durable to sunlight, rain. Reusable!
$49/- for 4
1st Place
2nd Place
3rd Place
Customized Rossettes & Buttons
Produced with your logo and colors. Min. qty 25
$5/- each*
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
13554 Newport Ave. Tustin, CA 92780
Phone: 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
South Asian Wedding Cards
CALL NOW

## ਪਰਦੇਸ ਟਾਇਮਜ਼



### ਦਵਿੰਦਰ ਸਿੰਘ ਹੋਠੀ

408-476-7754

ਪਰਦੇਸ ਟਾਇਮਜ਼ ਅਖ਼ਬਾਰ ਨੂੰ ਅੱਜ ਹੋਣ ਵਧਾਈਆਂ
ਪਹਿਲੀ ਵਾਰੀ ਹਾਜ਼ਰੀਆਂ ਐਲੇ ਲਗਵਾਈਆਂ
ਸੋਹਣੀ ਸੋਚ ਜੋ ਰੱਖਦਾ ਇਕ ਲੰਬੀ ਚੌੜੀ
ਚੜ੍ਹ ਗਿਆ ਬੁਲੰਦੀ ਵੱਲ ਹੋਰ ਇਕ ਪੌੜੀ
ਐਲੇ ਵਾਲੇ ਪਾਠਕਾਂ ਦਾ, ਲੈ ਕੇ ਪਿਆਰ
ਸ਼ੁਰੂ ਹੋ ਗਿਆ ਉਥੇ ਅੱਜ ਇਹ ਅਖ਼ਬਾਰ
ਵੱਡਾ ਕਰਨਾ ਚਾਹੁੰਦੇ, ਜੇ ਤੁਸੀਂ ਆਪਣਾ ਵਪਾਰ
ਫਿਰ ਫੋਨ ਕਰਕੇ ਦੇ ਦਿਓ ਤੁਸੀਂ ਇਸ਼ਤਿਹਾਰ
ਨਵੇਂ-ਨਵੇਂ ਨਿੱਤ ਲੇਖ ਤੇ ਖ਼ਬਰਾਂ, ਕਵਿਤਾਵਾਂ
ਪੜ੍ਹ ਕੇ ਜਿਹਨਾਂ ਨੂੰ ਕਰਦੇ ਪਾਠਕ ਹੱਥੀਂ ਛਾਵਾਂ
ਬੇ ਏਰੀਏ ਵਿਚ ਪਹਿਲਾਂ ਹੀ ਧੂੰਮਾਂ ਪਾਈਆਂ
'ਹੋਠੀ' ਵੱਲੋਂ ਪਰਦੇਸ ਟਾਇਮਜ਼ ਨੂੰ ਹੋਣ ਵਧਾਈਆਂ।

## ਜੀਹਦੀਆਂ ਕਰਦਾ ਸਿ਼ਫਤਾਂ



### ਦੇਵ ਘੋਲੀਆ ਖੁਰਦ ਮੋਗਾ

559-232-7764

ਪੁੱਠੇ ਸਿੱਧੇ ਬੋਲ ਬੋਲ ਕੇ ਰੱਖ ਦਿੱਤੀ ਮੇਰੀ ਜ਼ਿੰਦਗੀ ਰੋਲ ਕੇ
ਕੰਨ ਖੋਲ੍ਹ ਕੇ ਗੱਲ ਸੁਣੀਂ ਤੇਰੇ ਅੱਜ ਛੱਡੂ ਮੈਂ ਪਰਦੇ ਫੋਲ ਕੇ
ਸੱਚੀ ਗੱਲ ਦਾ ਦੁੱਖ ਲੱਗਿਆ ਨਾ ਮੱਥੇ ਵੱਟ ਹੁਣ ਪਾ ਮਾਹੀਆ
ਜੀਹਦੀਆਂ ਕਰਦਾ ਸਿ਼ਫਤਾਂ ਤੂੰ ਜਾ ਉਹਦੀਆਂ ਪੱਕੀਆਂ ਖਾ ਮਾਹੀਆ..

ਜਣੀ ਖਣੀ ਤੇ ਡੁੱਲ੍ਹਿਆ ਫਿਰਦਾ ਸਮਝ ਲੱਗੀ ਕਿਉਂ ਫੁੱਲਿਆ ਫਿਰਦਾ
ਸਹੁਰਿਆਂ ਨਾਲ ਵਿਆਹੀ ਹਾਂ ਪਰ ਮੈਨੂੰ ਤਾਂ ਤੂੰ ਭੁੱਲਿਆ ਫਿਰਦਾ
ਪੱਟ ਲਵੇਂਗਾ ਘਰ ਆਪਣਾ ਤੈਨੂੰ ਤਾਹੀਉਂ ਰਹੀ ਸਮਝਾ ਮਾਹੀਆ
ਜੀਹਦੀਆਂ ਕਰਦਾ ਸਿਫਤਾਂ ਤੂੰ ਜਾ...

ਤੇਰੀ ਖਾਤਰ ਕੋਈ ਕਸਰ ਨਾ ਛੱਡੀ ਸੋਚ ਸੋਚ ਕੇ ਹੋ ਗਈ ਅੱਧੀ
ਕਰਦੀ ਰਹੀ ਵਿਸ਼ਵਾਸ ਤੇਰੇ ਤੇ ਨਾ ਕੋਈ ਗੱਲ ਤੇਰੀ ਚੰਗੀ ਲੱਗੀ
ਸਦਾ ਸੁਹਾਗਣ ਮੈਂ ਤੇਰੀ ਨਾ ਕਰਦੀ ਕਦੇ ਵਸਾਹ ਮਾਹੀਆ
ਜੀਹਦੀਆਂ ਕਰਦਾ ਸਿ਼ਫਤਾਂ ਤੂੰ ਜਾ...

ਮਿੰਨਤਾਂ ਕਰ ਕਰ ਤੈਨੂੰ ਹਾਰੀ ਗੱਲਾਂ ਕਰਦੀ ਦੁਨੀਆਂ ਸਾਰੀ
ਮਾਰਵਾੜੀ ਦੇ ਸੇਠਾਂ ਵਾਂਗ ਬਣਿਆ ਫਿਰੇ ਤੂੰ ਵੱਡਾ ਵਪਾਰੀ
ਪੈਸਾ ਮੰਗਦੀ ਪਾਸਾ ਵੱਟਦਾ ਮੇਰੇ ਰਹਿ ਗਏ ਦਿਲ ਵਿਚ ਚਾਅ ਮਾਹੀਆ
ਜੀਹਦੀਆਂ ਕਰਦਾ ਸਿ਼ਫਤਾਂ ਤੂੰ ਜਾ...

ਯਾਦ ਰੱਖੀਂ ਤੂੰ ਗੱਲ ਅੱਜ ਮੇਰੀ ਇਕ ਦਿਨ ਐਸੀ ਝੁੱਲੂ ਹਨੇਰੀ
ਕੂਚ ਜਹਾਨੋਂ ਕਰ ਜਾਊਗੀ ਵੇ ਤੂੰ ਕਰਨੀ ਛੱਡਦੇ ਹੇਰਾਫੇਰੀ
"ਦੇਵ ਘੋਲੀਏ" ਵਾਲਿਆ ਵੇ ਮੈਨੂੰ ਹੋਰ ਨਾ ਹੁਣ ਤੜਫਾ ਮਾਹੀਆ
ਜੀਹਦੀਆਂ ਕਰਦਾ ਸਿ਼ਫਤਾਂ ਤੂੰ ਜਾ ਉਹਦੀਆਂ ਪੱਕੀਆਂ ਖਾ ਮਾਹੀਆ।

## ਭਵਿੱਖ ਪੰਜਾਬ ਦਾ

### ਕਮਲ ਬੰਗਾ ਸੈਕਰਾਮੈਂਟੋ

916-897-8570



ਕਰਦੇ ਤਾਂ ਚਿੰਤਾ ਸਾਰੇ, ਸੋਹਣੇ ਪੰਜਾਬ ਦੀ।
ਪਰ ਮਹਿਕ ਘਟਦੀ ਜਾ ਹੀ ਮੋਹਣੇ ਗੁਲਾਬ ਦੀ।

ਕੁਝ ਚਿਹਰੇ ਕਹਿ ਰਹੇ ਨੇ, ਕੀਤਾ ਵਿਕਾਸ ਅਸਾਂ।
ਕੁਝ ਚਿਹਰੇ ਕਹਿ ਰਹੇ ਨੇ, ਕੀਤਾ ਏ ਨਾਸ ਤੁਸਾਂ।

ਸੁਣਦਾ ਹਾਂ ਵੋਟਾਂ ਤੇ ਪੈਸੇ ਬਰਾਬਰ ਚਲਦੇ ਨੇ।
ਚਾਂਦੀ ਬਰਾਬਰ ਤੋਲ ਤੋਲ, ਨੁਮਾਇੰਦੇ ਘਲਦੇ ਨੇ।

ਯੰਗ ਬਲੱਡ ਪੰਜਾਬ ਦਾ, ਪੁੱਠੇ ਰਸਤੇ ਪੈ ਗਿਆ।
ਚੁਬਾਰਾ-ਚੁਬਾਰਾ ਪੰਜਾਬ ਦ, ਬੌਨਾ ਹੋ ਕੇ ਰਹਿ ਗਿਆ।

ਨਦੀ-ਨਦੀ, ਦਰਿਆ-ਦਰਿਆ ਖੁਸ਼ਕ ਹੋ ਰਹੇ ਨੇ।
ਦਰਿਸ਼ ਸੋਹਣੇ ਕੁਦਰਤ ਦੇ ਅਲੋਪ ਹੋ ਰਹੇ ਨੇ।

ਆਰਥਿਕ ਪੱਖੋਂ ਪੰਜਾਬ 26ਵੇਂ ਨੰਬਰ ਤੇ ਹੋ ਗਿਆ।
ਪੜ੍ਹਾਈ ਦੇ ਪੱਖੋਂ, ਪੰਜਾਬ 17ਵੇਂ ਨੰਬਰ ਤੇ ਰਹਿ ਗਿਆ।

ਭਵਿੱਖ ਪੰਜਾਬ ਦਾ, ਹੁਣ ਤਾਂ ਰੱਬ ਹੀ ਜਾਣਦਾ।
ਬੇਈਮਾਨੀ 'ਚ ਫਸਿਆ, ਛੋਟਾ, ਵੱਡਾ ਤੇ ਹਾਦਦਾ।

ਪਹਿਲੀ ਵਾਰ ਤਿਕੋਣੀ ਇਲੈਕਸ਼ਨ ਹੋਣੀ ਪੰਜਾਬ ਅੰਦਰ।
ਵੇਖੋ ! ਕਮਲ ਫੁੱਲ ਖਿੜਦਾ, ਕਿਸ ਦੇ ਖ਼ਾਬ ਅੰਦਰ।

## ਖ਼ਤ ਲਿਖਿਆ ਸਾਹਿਬਾਂ ਨੇ



### -ਬਲਵਿੰਦਰ ਸੰਧੂ ਜੱਜਾ ਖੁਰਦ

209-922-4660

ਖ਼ਤ ਲਿਖਿਆ ਸਾਹਿਬਾਂ ਨੇ, ਲਿਖ ਕੇ ਕਰਮੂੰ ਹੱਥ ਫੜਾਇਆ
ਹੋ ਜਾਊ ਅਣਹੋਣੀ ਵੇ, ਜੇ ਖ਼ਤ ਪੜ੍ਹਦੇ ਸਾਰ ਨਾ ਆਇਆ
ਕਿਸੇ ਹੋਰ ਦੀ ਹੋਣੇ ਤੋਂ ਪਹਿਲਾਂ, ਮਰ ਜਾਉਂਗੀ ਕੁਝ ਖਾ ਕੇ
ਮੈਂ ਮੰਗ ਤੇਰੀ ਮਿਰਜ਼ਿਆ ਵੇ, ਲੈ ਚੱਲੇ ਚੰਦੜ ਵਿਆਹ ਕੇ
ਮੰਗ ਤੇਰੀ...

1. ਜੇ ਭਾਣਾ ਵਰਤ ਗਿਆ, ਤੈਨੂੰ ਮਿਹਣੇ ਦਿਊ ਜ਼ਮਾਨਾ
ਮੰਗ ਆਪਣੀ ਛੱਡਣੀ ਵੇ, ਮਿਰਜ਼ਿਆ ਹੁੰਦੀ ਮਰਦ ਨੂੰ ਤਾਅਨਾ
ਰੋਂਦੀ ਕੁਰਲਾਉਂਦੀ ਦਾ, ਦੇਖੀ ਸਿਦਕ ਨਾ ਤੂੰ ਅਜ਼ਮਾ ਕੇ
ਮੰਗ ਤੇਰੀ....
2. ਵਾਅਦੇ ਕਰ ਮੁੱਕਰ ਗਏ, ਵੇ ਅੱਜ ਮੁੱਕਰਿਆ ਫਿਰੇ ਸ਼ਮੀਰਾ
ਮੇਰੇ ਖ਼ੂਨ ਦਾ ਪਿਆਸਾ ਵੇ, ਹੋ ਗਿਆ ਨਾਲ ਦਾ ਜੰਮਿਆ ਵੀਰਾ
ਤਹਿ ਕਰ ਕੋਹਾਂ ਪੈਂਡਾ, ਕਾਠੀ ਬੱਕੀ ਉਪਰ ਪਾ ਕੇ
ਮੰਗ ਤੇਰੀ...
3. ਅਸੀਂ ਜੀਣੇ ਮਰਨੇ ਦੇ, ਇਕ ਦੂਜੇ ਨਾਲ ਵਾਅਦੇ ਕੀਤੇ
ਹੱਥ ਰੱਖ ਕੁਰਾਨ ਉਤੇ, ਕਸਮਾਂ ਖਾਧੀਆਂ ਵਿਚ ਮਸੀਤੇ
ਦਿਲ ਡੁਬਦਾ ਜਾਂਦਾ ਏ, ਪਾ ਦੇ ਸਾਹ ਤੱਤੜੀ ਵਿਚ ਆ ਕੇ
ਮੰਗ ਤੇਰੀ...
4. ਬਿੰਦਰ ਜੱਜਾ ਖੁਰਦ ਕਹੇ, ਕਰਾਂ ਉਡੀਕਾਂ ਕੋਠੇ ਚੜ੍ਹਕੇ
ਕਿਤੇ ਰਾਤ ਲੰਘਾ ਦਈ ਨਾ, ਵੇ ਤੂੰ ਆਜਾ ਪਹਿਰਾ ਦੇ ਤੜਕੇ
ਰੱਖ ਦੇਵੀਂ ਤੀਰਾਂ ਨਾਲ, ਜੱਟਾਂ ਅੰਬਰੀ ਧੂੜ ਚੜ੍ਹਾ ਕੇ
ਮੰਗ ਤੇਰੀ...

## ਆਜ਼ਾਦੀ

### -ਸੈਣੀ ਅਮਰਜੀਤ 'ਅਮਰ' ਹੁਸ਼ਿਆਰਪੁਰੀ

408-401-4034



ਕੋਈ 250 ਸਾਲ ਗੁਲਾਮੀ ਵਿਚ ਜੂਝ ਕੇ ਤੇ,
15 ਅਗਸਤ 1947 ਨੂੰ ਸੀ ਭਾਰਤ ਆਜ਼ਾਦ ਹੋਇਆ।
ਜਾਂਦੇ-ਜਾਂਦਿਆਂ ਫਰੰਗੀ ਚੱਲੀ ਚਾਲ ਐਸੀ,
ਹਿੰਦੂ-ਮੁਸਲਿਮ ਦਾ ਉੱਠ ਖੜ੍ਹਾ ਫਸਾਦ ਹੋਇਆ।
ਅੱਗ ਨਫਰਤ ਦੀ ਚੁਫੇਰੇ ਸੀ ਭੜਕ ਉਠੀ,
ਤੇ "ਖ਼ੂਨ ਦਾ ਬਦਲਾ ਖ਼ੂਨ" ਦਾ ਸ਼ੁਰੂ ਹਿਸਾਬ ਹੋਇਆ।
ਦੋ ਹਿੱਸਿਆਂ 'ਚ ਦੇਸ਼ ਦੀ ਵੰਡ ਪੈ ਗਈ,
ਤੇ ਹੱਸਦੇ ਚਮਨ ਸੀ, ਇੰਝ ਬਰਬਾਦ ਹੋਇਆ।
ਜੀਹਨੇ ਪਿਆਰ ਕੀਤਾ ਨਹੀਂ, ਕਰਕੇ ਤਾਂ ਦੇਖੇ,
ਬਿਨਾਂ ਮੌਤ ਆਈ ਤੋਂ, ਮਰ ਕੇ ਤਾਂ ਦੇਖੇ।
ਰਤਾ ਕੰਡਾ ਲੱਗੇ, ਨਿਕਲ ਜਾਨ ਜਾਂਦੀ,
ਕੋਈ ਹੱਥੀਂ ਪੱਟ-ਕੀਮਾਂ, ਕਰਕੇ ਤਾਂ ਦੇਖੇ।
ਬੜਾ ਸੌਖਾ ਦਿਸਦਾ ਏ, ਝਨਾਂ ਪਾਰ ਕਰਨਾ,
ਪਰ ਕੱਚੇ ਘੜੇ ਤੇ ਕੋਈ, ਤਰ ਕੇ ਤਾਂ ਦੇਖੇ।
ਬੜਾ ਔਖਾ ਹੈ ਜਿਊਂਦੇ ਜੀ ਮਰ ਕੇ ਰਹਿਣਾ,
ਲੁਕਾਈ ਦੇ ਤਾਅਨੇ ਕੋਈ, ਜਰ ਕੇ ਤਾਂ ਦੇਖੇ।
ਦੇਸ਼ ਪਿਆਰ ਵਿਚ ਫਾਂਸੀ, ਗਲ ਪਾਉਣੀ ਹੈ ਪੈਂਦੀ,
ਕੋਈ ਹੱਸ ਕੇ ਇਹ ਦੁੱਖ, ਜਰ ਕੇ ਤਾਂ ਦੇਖੇ।
ਵੈਸੇ ਦੇਸ਼-ਪ੍ਰੇਮੀ ਤਾਂ ਥਾਂ ਥਾਂ ਨੇ ਵੱਸਦੇ
ਪਰ ਮੌਤ ਲਾੜ੍ਹੀ ਨੂੰ ਕੋਈ ਵਰ ਕੇ ਤਾਂ ਦੇਖੇ।

## ਗੀਤ

### -ਪਰਸ਼ਨ "ਤੂਰ" ਸਵੱਦੀ ਕਲਾਂ ਫੇਅਰਫੀਲਡ

707-399-7561

ਦਾਤੇ ਦੀਆਂ ਦਿੱਤੀਆਂ ਦਾਤਾਂ ਨੂੰ ਦੁਰਕਾਰਦਿਉਂ ਲੋਕੋ।
ਕਿਉਂ ਵਿਚ ਕੁੱਖਾਂ ਦੇ ਨੰਨ੍ਹੀਆਂ ਜਾਨਾਂ ਮਾਰਦਿਉਂ ਲੋਕੋ।

ਕਿਉਂ ਸਦੀਆਂ ਪਿਛਲੀ ਸੋਚ ਅਸਾਂ ਤੇ ਭਾਰੂ ਹੋ ਗਈ,
ਰੱਖ ਦਿਲਾਂ ਤੇ ਪੱਥਰ ਮਮਤਾ ਮਾਰੂ ਹੋ ਗਈ।

ਹੱਸ ਹੱਸ ਕਰੋ ਕਬੂਲ ਜੋ ਮਿਲੇ ਕਰਤਾਰ ਦਿਉਂ ਲੋਕੋ।
ਕਿਉਂ ਵਿਚ ਕੁੱਖਾਂ ਦੇ ਨੰਨ੍ਹੀਆਂ ਜਾਨਾਂ ਮਾਰਦਿਓਂ ਲੋਕੋ।

ਮਾਰ ਉਡਾਰੀ ਗਈਆਂ ਦੂਰ ਅਸਮਾਨੀ ਧੀਆਂ ਨੇ।
ਖੋਜਾਂ ਨਵੀਆਂ ਖੋਜਦੀਆਂ ਵਿਗਿਆਨੀ ਧੀਆਂ ਨੇ।

ਨਹੀਂ ਘੱਟ ਕਿਸੇ ਤੋਂ ਕੁੜੀਆਂ ਕਿਉਂ ਦਿਲ ਹਾਰਦਿਓਂ ਲੋਕੋ।
ਕਿਉਂ ਵਿਚ ਕੁੱਖਾਂ ਦੇ ਨੰਨ੍ਹੀਆਂ ਜਾਨਾਂ ਮਾਰਦਿਓਂ ਲੋਕੋ।

ਕੌਣ ਟੰਗੂਗੀ ਜੌਂ ਤੇ ਰਾਖੀ ਬੰਨ੍ਹੂ ਭਾਈ ਦੇ।
ਵੀਰ ਸੰਧਾਰਾ ਲੈ ਕੇ ਜਾਊ ਕਿਹੜੀ ਅੰਮਾ ਜਾਈ ਦੇ।

ਮੋਹ ਭਿੱਜੇ ਇਹ ਰਿਸ਼ਤੇ ਕਿਉਂ ਵਿਸਾਰਦਿਓਂ ਲੋਕੋ।
ਕਿਉਂ ਵਿਚ ਕੁੱਖਾਂ ਦੇ ਨੰਨੀਆਂ ਜਾਨਾਂ ਮਾਰਦਿਓਂ ਲੋਕੋ।

ਪਿਆਰ ਲੁਟਾਵਣ ਖੈਰ ਮਨਾਵਣ ਬਾਬਲ ਦੇ ਖੇੜੇ ਦੀ।
'ਵਾਅ ਤੱਤੀ ਨਾ ਲੰਘੇ ਵੀਰ ਦੇ ਨੇੜੇ ਦੀ।'
ਇਹੋ ਮੰਗਣ ਦੁਆਵਾਂ ਸਦਾ ਦਾਤਾਰ ਦਿਓਂ ਲੋਕੋ।
ਕਿਉਂ ਵਿਚ ਕੁੱਖਾਂ ਦੇ ਨੰਨੀਆਂ ਜਾਨਾਂ ਮਾਰਦਿਓਂ ਲੋਕੋ।

## ਗੀਤ

### ਰਾਜਿੰਦਰ ਸਹੋਤਾ, ਯੂਬਾ ਸਿਟੀ

530-845-7079

ਭਾਵੇਂ ਸਾਡੇ ਕੋਲ ਨਹੀਂ ਤੂੰ ਬੈਠਾ ਕੋਹਾਂ ਦੂਰ ਵੇ।
ਤੇਰੇ ਹੀ ਭੁਲੇਖੇ ਸਾਨੂੰ ਪੈਂਦੇ ਆ ਜ਼ਰੂਰ ਵੇ।
ਤੇਰੇ ਬਿਨਾਂ ਦਿਨ ਸਾਡੇ ਚੰਗੇ ਨਹੀਉਂ ਬੀਤਦੇ
ਨੈਣ ਹਰ ਵੇਲੇ ਤੇਰੀ ਰਾਹਾਂ ਨੂੰ ਉਡੀਕਦੇ।
ਰੂਹ ਤੇਰੇ ਬਿਨਾਂ ਮੇਰੀ ਡਾਢੀ ਮਜਬੂਰ ਵੇ।
ਭਾਵੇਂ ਸਾਡੇ ਕੋਲ....
ਹਰ ਰੁੱਤ ਲੰਘ ਜਾਵੇ ਉਦਾਸ ਜਿਹਾ ਕਰਕੇ
ਸੌਣ ਦਾ ਮਹੀਨਾ ਲੰਘੇ ਖਾਸ ਜਿਹਾ ਕਰਕੇ
ਰੋਂਦੀ ਕੁਰਲਾਉਂਦੀ ਫਿਰੇ ਤੇਰੀ ਅੱਜ ਹੂਰ ਵੇ।
ਭਾਵੇਂ ਸਾਡੇ ਕੋਲ....
ਛੱਡ ਡਾਲਰਾਂ ਨੂੰ ਆਜਾ ਉਡ ਕੇ ਤੂੰ ਪਾਸ ਵੇ।
ਚਿਰਾਂ ਤੋਂ ਬੁਝਾਦੇ ਲੱਗੀ ਜਨਮਾਂ ਦੀ ਪਿਆਸ ਵੇ।
ਤੇਰੀ ਮਜਬੂਰੀ ਸਾਨੂੰ ਦਿਸਦੀ ਜ਼ਰੂਰ ਵੇ।
ਭਾਵੇਂ ਸਾਡੇ ਕੋਲ....
ਸੁਣਿਆ ਏ ਤੇਰਾ ਇੱਥੇ ਚੰਗਾ ਕਾਰੋਬਾਰ ਵੇ
ਤੈਨੂੰ ਹੀ ਉਡੀਕ ਰਿਹਾ ਅੱਜ ਤੇਰਾ ਪਿਆਰ ਵੇ।
ਰਾਜਿੰਦਰਾ ਨਾ ਕਰ ਦੇਵੀਂ ਦਿਲੋਂ ਸਾਨੂੰ ਦੂਰ ਵੇ
ਭਾਵੇਂ ਸਾਡੇ ਕੋਲ ਨਹੀਂ ਤੂੰ ਬੈਠਾ ਕੋਹਾਂ ਦੂਰ ਵੇ।

## ਗੀਤ

### ਅਰਵਿੰਦਰ ਸੇਖੋਂ, ਯੂਬਾ ਸਿਟੀ

530-674-1501

ਵੱਸ ਸੱਜਣਾ ਸਾਡੇ ਅੱਖੀਆਂ ਤੋਂ ਦੂਰ
ਝੱਲ ਨਹੀਓਂ ਹੁੰਦਾ ਹੋਏ ਸੁਪਨੇ ਨੇ ਚੂਰ
ਆਸ ਨਾਲੋਂ ਵੱਧ ਅਸਾਂ ਸੁਪਨੇ ਸਜਾਏ ਸੀ
ਨਾ ਹੀ ਸਾਡੀ ਜ਼ਿੰਦਗੀ ਦੇ ਬੁਰੇ ਦਿਨ ਆਏ ਸੀ
ਤੇਰੇ ਵਿਚ ਸੀ ਕੁਝ ਜ਼ਿਆਦ ਹੀ ਗਰੂਰ
ਵੱਸ ਸੱਜਣਾ ਸਾਡੇ ਅੱਖੀਆਂ ਤੋਂ ਦੂਰ।
ਸੰਦੀਪ ਚਾਂਦੀ ਦਿਆਂ ਛਲੜਾਂ ਤੇ ਤੂੰ ਮਰ ਮਿਟਿਆ
ਕੀਤੇ ਸੀ ਜੋ ਵਾਅਦੇ ਉਹ ਦੱਸ ਕਿੱਥੇ ਆ
ਇਹੋ ਜਿਹੇ ਸੌਦੇ ਸਾਨੂੰ ਨਹੀਉਂ ਮਨਜ਼ੂਰ
ਵੱਸ ਸੱਜਣਾ ਸਾਡੀ ਅੱਖੀਆਂ ਤੋਂ ਦੂਰ।

ਦਿਨ ਕੱਟੀ ਕਰ ਲਾਂਗੇ ਏਸੇਪਿੰਡ ਵਿਚ ਵੇ
ਤੂੰ ਕਰੀਂ ਪਿਆਰ ਚਾਹੇ ਤੂੰ ਨਵੇਂ ਨਿੱਤ ਵੇ
ਤੂੰ ਵੀ ਕਿਸੇ ਧੋਖੇ ਵਿਚ ਆਵੇਂਗੀ ਜ਼ਰੂਰ
ਵੱਸ ਸੱਜਣਾ ਸਾਡੀ ਅੱਖੀਆਂ ਤੋਂ ਦੂਰ।
ਸਾਡੇ ਨਾਲ ਕੀਤੇ ਸੀ ਤੂੰ ਕੌਲ ਇਕਰਾਰ ਵੇ
'ਬਿੰਦਰ' ਤੇਰੇ ਨਾਲ ਸੀ ਸਾਡਾ ਸੱਚਾ ਪਿਆਰ ਵੇ
ਆਖਰੀ ਸਾਹ ਤੱਕ ਕਰਾਂਗੇ ਕਬੂਲ
ਸੱਚਾ ਨਹੀਂ ਪਿਆਰ ਹੁੰਦਾ ਪੈਸੇ ਦਾ ਹਜ਼ੂਰ।
ਵੱਸ ਸੱਜਣਾ ਸਾਡੀ ਅੱਖੀਆਂ ਤੋਂ ਦੂਰ।

# ਉਮਰ ਦੇ ਆਖਰੀ ਪਹਿਰ, ਹਾਰ ਗਈ ਸਾਖਰਤਾ ਲਹਿਰ

ਬਠਿੰਡਾ- ਜ਼ਿਲ੍ਹੇ ਦੇ ਅਨਪੜ੍ਹ 'ਬਾਬੇ' ਹੁਣ ਵੀ ਪੜ੍ਹਾਈ ਤੋਂ ਭੈਅ ਮੰਨਦੇ ਹਨ। ਭਾਵੇਂ ਉਹ ਅੰਗੂਠਾ ਛਾਪ ਹਨ ਪਰ ਉਨ੍ਹਾਂ ਦੀ ਪੜ੍ਹਨ ਦੀ ਕੋਈ ਇੱਛਾ ਨਹੀਂ ਹੈ। ਦੋ ਦਿਨਾਂ ਤੋਂ ਪਿੰਡਾਂ ਵਿੱਚ ਜੋ ਭਾਰਤ ਸਾਖਰ ਮਿਸ਼ਨ ਤਹਿਤ ਸਰਵੇਖਣ ਹੋ ਰਿਹਾ ਹੈ, ਉਸ ਵਿੱਚ ਇਹ ਗੱਲ ਸਾਹਮਣੇ ਆਈ ਹੈ। ਪੰਜਾਬ ਦੇ ਸੱਤ ਜ਼ਿਲ੍ਹੇ ਇਸ ਮਿਸ਼ਨ ਵਿੱਚ ਚੁਣੇ ਗਏ ਹਨ, ਜਿਨ੍ਹਾਂ ਵਿੱਚ ਬਠਿੰਡਾ ਜ਼ਿਲ੍ਹਾ ਵੀ ਸ਼ਾਮਲ ਹੈ। 14 ਅਗਸਤ ਤੱਕ ਪਿੰਡਾਂ ਵਿੱਚ 15 ਤੋਂ 80 ਸਾਲ ਤੱਕ ਦੇ ਉਨ੍ਹਾਂ ਲੋਕਾਂ ਦੀ ਸ਼ਨਾਖਤ ਕੀਤੀ ਜਾਣੀ ਹੈ, ਜੋ ਅਨਪੜ੍ਹ ਜਾਂ ਥੋੜ੍ਹੇ ਪੜ੍ਹੇ ਲਿਖੇ ਹਨ। ਭਾਰਤ ਸਾਖਰ ਮਿਸ਼ਨ ਤਹਿਤ ਇਨ੍ਹਾਂ ਲੋਕਾਂ ਨੂੰ ਪੜ੍ਹਾਇਆ ਜਾਣਾ ਹੈ। ਬਠਿੰਡਾ ਜ਼ਿਲ੍ਹੇ ਵਿੱਚ ਇਹ ਮਿਸ਼ਨ ਕਾਫੀ ਪਛੜ ਕੇ ਸ਼ੁਰੂ ਹੋਇਆ ਹੈ। ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਮਿਸ਼ਨ ਤਹਿਤ ਸਰਵੇਖਣ ਦਾ ਕੰਮ ਦਿੱਤਾ ਗਿਆ ਹੈ। ਹੁਣ ਜਦੋਂ ਅਧਿਆਪਕ ਸਰਵੇਖਣ ਲਈ ਲੋਕਾਂ ਨੂੰ ਬੁਲਾਉਂਦੇ ਹਨ ਤਾਂ ਉਹ ਅਧਿਆਪਕਾਂ ਨੂੰ ਟਿੱਚਰਾਂ ਕਰਦੇ ਹਨ। ਖਾਸ ਕਰਕੇ ਬਾਬੇ ਤਾਂ ਉਲਟਾ ਅਧਿਆਪਕਾਂ ਨੂੰ ਨਿਰਉਤਰ ਕਰ ਰਹੇ ਹਨ। ਪਿੰਡ ਘੰਡਾਬੰਨਾ ਦੇ 60 ਸਾਲ ਦੇ ਬਜ਼ੁਰਗ ਜੱਗਰ ਸਿੰਘ ਨੂੰ ਜਦੋਂ ਅਧਿਆਪਕ ਨੇ ਪੜ੍ਹਾਉਣ ਦੀ ਗੱਲ ਕੀਤੀ ਤਾਂ ਉਸ ਨੇ ਇੱਕੋ ਗੱਲ ਆਖੀ, "ਮਾਸਟਰ ਜੀ, ਹੁਣ ਪੜ੍ਹ ਕੇ ਕੀ ਡੀ.ਸੀ. ਲੱਗ ਜਾਵਾਂਗੇ।" ਇਸ ਪਿੰਡ ਵਿੱਚ ਪਹਿਲਾਂ ਗੁਰਦੁਆਰੇ ਵਿੱਚ ਮੁਨਿਆਦੀ ਵੀ ਕਰਾਈ ਗਈ ਪਰ ਕੋਈ ਵੀ ਵਿਅਕਤੀ ਨਾ ਆਇਆ।

ਸਕੂਲ ਅਧਿਆਪਕ ਜਗਸੀਰ ਸਿੰਘ ਸਹੋਤਾ ਨੇ ਦੱਸਿਆ ਕਿ ਉਨ੍ਹਾਂ ਨੇ ਫਿਰ ਘਰੋਂ ਘਰੀਂ ਜਾ ਕੇ ਬਜ਼ੁਰਗਾਂ ਦਾ ਹੁੰਗਾਰਾ ਪੁੱਛਿਆ। ਉਨ੍ਹਾਂ ਦੱਸਿਆ ਕਿ ਬਹੁਤੇ ਲੋਕ ਤਾਂ ਹੁਣ ਨਾਮ ਲਿਖਵਾਉਣ ਨੂੰ ਵੀ ਤਿਆਰ ਨਹੀਂ ਹਨ। ਪੂਰੇ ਪਿੰਡ ਵਿੱਚੋਂ ਕੇਵਲ 10 ਕੁ ਜਣਿਆਂ ਦੀ ਇਨਰੋਲਮੈਂਟ ਕੀਤੀ ਜਾ ਸਕੀ ਹੈ। ਪਿੰਡ ਖਿਆਲੀ ਵਾਲਾ ਦੀ ਬਜ਼ੁਰਗ ਔਰਤ ਗੁਰਮੇਲ ਕੌਰ ਨੇ ਸਰਵੇਖਣ ਦੌਰਾਨ ਆਖਿਆ ਕਿ 'ਹੁਣ ਪੜ੍ਹਨ ਦੀ ਉਮਰ ਹੀ ਨਹੀਂ ਰਹੀ, ਕੀ ਕਰਾਂਗੀ ਹੁਣ ਪੜ੍ਹ ਕੇ।'ਇਸ ਪਿੰਡ ਵਿੱਚ ਕੇਵਲ ਸੱਤ ਕੁ ਆਦਮੀਆਂ ਨੇ ਹੀ ਪੜ੍ਹਨ ਲਈ ਦਿਲਚਸਪੀ ਦਿਖਾਈ ਹੈ। ਇਸ ਪਿੰਡ ਦੇ ਇਕ ਬਜ਼ੁਰਗ ਦਾ ਕਹਿਣਾ ਸੀ, 'ਹੁਣ ਅਗਲੇ ਜਨਮ ਵਿੱਚ ਹੀ ਪੜ੍ਹਾਂਗੇ।' ਅਧਿਆਪਕ ਰੇਸ਼ਮ ਸਿੰਘ ਦਾ ਕਹਿਣਾ ਸੀ ਕਿ ਲੋਕਾਂ ਦੀ ਕੋਈ ਰੁਚੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਬਹੁਤੇ ਬਜ਼ੁਰਗ ਤਾਂ ਆਖਦੇ ਹਨ ਕਿ ਉਨ੍ਹਾਂ ਦੇ ਪੁੱਤ ਪੋਤੇ ਤਾਂ ਪੜ੍ਹ ਲਿਖ ਕੇ ਸੜਕਾਂ 'ਤੇ ਹਨ। ਸਰਕਾਰ ਉਨ੍ਹਾਂ ਨੂੰ ਰੁਜ਼ਗਾਰ 'ਤੇ ਲਾ ਦੇਵੇ। ਪਿੰਡ ਅਕਲੀਆ ਕਲਾਂ ਵਿੱਚ ਤਾਂ ਇਕ ਵੀ ਬਜ਼ੁਰਗ ਵੀ ਪੜ੍ਹਨ ਲਈ ਤਿਆਰ ਨਹੀਂ ਹੋ ਸਕਿਆ। ਅਧਿਆਪਕ ਜਸਵਿੰਦਰ ਸਿੰਘ ਨੇ ਦੱਸਿਆ ਕਿ ਕੇਵਲ ਦੋ ਨੌਜਵਾਨਾਂ ਨੇ ਹੀ ਰੁਚੀ ਜ਼ਾਹਰ ਕੀਤੀ ਹੈ। ਪਿੰਡ ਕੋਟਸ਼ਮੀਰ ਦੇ ਸੱਥ ਵਿੱਚ ਬੈਠੇ ਬਜ਼ੁਰਗਾਂ ਦਾ ਕਹਿਣਾ ਸੀ, "ਜੋ ਪਹਿਲਾਂ ਪੜ੍ਹੇ ਨੇ, ਉਨ੍ਹਾਂ ਨੂੰ ਤਾਂ ਨੌਕਰੀ ਉਤੇ ਲਾ ਦੇਵੇ ਸਰਕਾਰ।"

ਪਿੰਡ ਜੈ ਸਿੰਘ ਵਾਲਾ ਦੇ ਬਜ਼ੁਰਗਾਂ ਦਾ ਕਹਿਣਾ ਸੀ ਕਿ ਸਰਕਾਰ ਨੂੰ ਸਾਡਾ ਏਨਾ ਫਿਕਰ ਹੈ ਤਾਂ ਸਾਡੀ ਪੈਨਸ਼ਨ ਵਧਾ ਦੇਵੇ। ਬਜ਼ੁਰਗ ਗੁਰਦਿਆਲ ਸਿੰਘ ਦਾ ਕਹਿਣਾ ਸੀ ਕਿ ਸਰਕਾਰ ਕਿਉਂ ਟੱਕਰਾਂ ਮਾਰ ਰਹੀ ਹੈ। ਇਨ੍ਹਾਂ ਬਜ਼ੁਰਗਾਂ ਨੂੰ ਅਧਿਆਪਕਾਂ ਵੱਲੋਂ ਪੜ੍ਹਨ ਲਿਖਣ ਦੇ ਫਾਇਦੇ ਵੀ ਦੱਸ ਜਾਂਦੇ ਹਨ। ਕੇਂਦਰ ਸਰਕਾਰ ਵੱਲੋਂ ਇਸ ਮਿਸ਼ਨ ਤਹਿਤ ਬਠਿੰਡਾ ਜ਼ਿਲ੍ਹੇ ਨੂੰ 29 ਲੱਖ ਰੁਪਏ ਦੀ ਗਰਾਂਟ ਭੇਜੀ ਗਈ ਹੈ। ਜ਼ਿਲ੍ਹੇ ਭਰ ਵਿੱਚ ਕਰੀਬ ਇਕ ਲੱਖ ਲੋਕਾਂ ਨੂੰ ਪੜ੍ਹਾਉਣ ਦਾ ਟੀਚਾ ਰੱਖਿਆ ਗਿਆ ਹੈ, ਜਿਸ ਵਿੱਚ 50 ਫੀਸਦੀ ਔਰਤਾਂ ਨੂੰ ਸਾਖਰ ਕੀਤਾ ਜਾਣਾ ਹੈ। ਮੁੱਢਲੇ ਪੜਾਅ 'ਤੇ ਲਰਨਰ ਅਸੈਸਮੈਂਟ ਪ੍ਰੀਖਿਆ 20 ਅਗਸਤ ਨੂੰ ਹੋ ਰਹੀ ਹੈ। ਹੁਣ ਜੋ ਸਰਵੇਖਣ ਚੱਲ ਰਿਹਾ ਹੈ, ਉਸ ਲਈ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਮੁਨਿਆਦੀ ਵੀ ਕਰਾਈ ਗਈ ਹੈ। ਅਧਿਆਪਕ ਵੀ ਇਸ ਗੱਲੋਂ ਔਖੇ ਹਨ।

# ਮਨੁੱਖੀ ਤਸਕਰੀ ਰਾਹੀਂ ਪੰਜਾਬ ਦੀ ਜਵਾਨੀ ਨਾਲ ਖਿਲਵਾੜ

## ਅਮਰੀਕੀ ਫੌਜੀ ਕੈਂਪਾਂ 'ਚ ਨੌਕਰੀ ਦੇ ਬਹਾਨੇ ਇਰਾਕ ਵਿੱਚ ਕਰਵਾਈ ਵਗਾਰ

## ਚੰਡੀਗੜ੍ਹ ਦੇ ਤਿੰਨ ਟਰੈਵਲ ਏਜੰਟ ਕੇਂਦਰੀ ਏਜੰਸੀਆਂ ਦੇ ਰਾਡਾਰ 'ਤੇ

ਨਵੀਂ ਦਿੱਲੀ- ਪੰਜਾਬ ਅਤੇ ਹਰਿਆਣਾ ਦੇ ਨੌਜਵਾਨਾਂ ਨੂੰ ਸਬਜ਼ਬਾਗ ਦਿਖਾ ਕੇ ਇਰਾਕ ਭੇਜਣ ਵਾਲੇ ਚੰਡੀਗੜ੍ਹ ਦੇ ਤਿੰਨ ਟਰੈਵਲ ਏਜੰਟਾਂ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਟਰੈਵਲ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਬਗ਼ਦਾਦ 'ਚਿ ਅਮਰੀਕੀ ਫੌਜੀ ਕੈਂਪਾਂ ਵਿਚ ਕੰਮ ਅਤੇ 800 ਡਾਲਰ ਦੀ ਉਜਰਤ ਦੁਆਉਣ ਦਾ ਵਾਅਦਾ ਕੀਤਾ ਸੀ ਪਰ ਇਨ੍ਹਾਂ ਨੌਜਵਾਨਾਂ ਨੂੰ ਬਗ਼ਦਾਦ ਤੋਂ 160 ਕਿਲੋਮੀਟਰ ਦੂਰ ਦੱਖਣ ਵੱਲ ਨਜਫ਼ ਸ਼ਹਿਰ ਲਿਜਾਇਆ ਗਿਆ ਜਿੱਥੇ ਉਨ੍ਹਾਂ ਤੋਂ ਇਕ ਉਸਾਰੀ ਥਾਂ 'ਤੇ ਜਬਰੀ ਕੰਮ ਕਰਾਇਆ ਜਾਂਦਾ ਸੀ। ਉੱਥੇ ਵੱਖ-ਵੱਖੋ ਕੌਮੀਅਤਾਂ ਦੇ 300 ਦੇ ਕਰੀਬ ਹੋਰ ਵਿਅਕਤੀ ਵੀ ਸਨ। ਨਜਫ਼ 'ਚਿ ਉਨ੍ਹਾਂ ਨੂੰ ਹਰ ਇਕ ਨੂੰ 300 ਡਾਲਰ ਤਨਖਾਹ ਦੇਣ ਦੀ ਗੱਲ ਦੱਸੀ ਗਈ ਪਰ ਇੰਨੀ ਘੱਟ ਤਨਖਾਹ ਵੀ ਉਨ੍ਹਾਂ ਨੂੰ ਅਦਾ ਨਹੀਂ ਕੀਤੀ ਗਈ।




ਸੂਤਰਾਂ ਨੇ ਦੱਸਿਆ ਕਿ ਕੇਂਦਰ ਤੇ ਪੰਜਾਬ ਸਰਕਾਰ ਦੇ ਅਧਿਕਾਰੀਆਂ ਵੱਲੋਂ ਇਨ੍ਹਾਂ ਟਰੈਵਲ ਏਜੰਟਾਂ ਦੇ ਅਸਲ ਟਿਕਾਣਿਆਂ ਅਤੇ ਇਰਾਕ ਵਿਚ ਉਨ੍ਹਾਂ ਦੇ ਸੰਪਰਕਾਂ ਬਾਰੇ ਵੇਰਵੇ ਇਕੱਤਰ ਕੀਤੇ ਜਾ ਰਹੇ ਹਨ। ਆਉਣ ਵਾਲੇ ਦਿਨਾਂ 'ਚਿ ਐਨਫੋਰਸਮੈਂਟ ਏਜੰਸੀਆਂ ਵੱਲੋਂ ਵੀ ਇਨ੍ਹਾਂ 'ਤੇ ਸ਼ਿਕੰਜਾ ਕੱਸਣ ਦੀ ਉਮੀਦ ਹੈ।

ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਦੱਸਿਆ ਕਿ ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਦੇ ਕੁਝ ਟਰੈਵਲ ਏਜੰਟਾਂ ਵੱਲੋਂ ਭਾਰਤੀ ਨਾਗਰਿਕਾਂ ਨੂੰ ਇਰਾਕ ਜਾਣ ਲਈ ਭਰਮਾਇਆ ਜਾ ਰਿਹਾ ਸੀ। ਭਾਰਤੀ ਨਾਗਰਿਕਾਂ ਤੋਂ ਫੌਜੀ ਕੈਂਪਾਂ ਵਿਚ ਕੰਮ ਲਿਆ ਜਾਣਾ ਸੀ ਪਰ ਇਨ੍ਹਾਂ ਨੂੰ ਨਜਫ਼ ਦੀ ਇਕ ਉਸਾਰੀ ਕੰਪਨੀ ਕੋਲ ਲਿਜਾਇਆ ਗਿਆ ਜਿੱਥੇ ਇਨ੍ਹਾਂ ਤੋਂ ਕਈ-ਕਈ ਘੰਟੇ ਲਗਾਤਾਰ ਕੰਮ ਕਰਾਇਆ ਜਾਂਦਾ ਅਤੇ ਮਾੜੀਆਂ ਤਨਖਾਹਾਂ ਦਿੱਤੀਆਂ ਜਾਂਦੀਆਂ।

ਨਜਫ਼ 'ਚਿ ਕੰਮ ਕਰਦੇ 28 ਭਾਰਤੀ ਨਾਗਰਿਕਾਂ ਨੇ ਬਗ਼ਦਾਦ ਵਿਚ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਸੀ ਅਤੇ ਭਾਰਤ ਪਰਤਣ ਲਈ ਮਦਦ ਮੰਗੀ ਸੀ। ਦੂਤਾਵਾਸ ਵੱਲੋਂ ਇਨ੍ਹਾਂ ਭਾਰਤੀਆਂ ਦੀ ਵਾਪਸੀ ਲਈ ਉਦੋਂ ਤੋਂ ਹੀ ਇਰਾਕ 'ਚ ਕੌਮੀ ਅਤੇ ਮੁਕਾਮੀ ਅਧਿਕਾਰੀਆਂ ਨਾਲ ਰਾਬਤਾ ਰੱਖਿਆ ਜਾ ਰਿਹਾ ਹੈ।

ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਦੇ ਤਰਜਮਾਨ ਵਿਸ਼ਨੂੰ ਪ੍ਰਕਾਸ਼ ਨੇ ਸੁਆਲ ਦੇ ਜਵਾਬ 'ਚਿ ਦੱਸਿਆ ਕਿ ਦੂਤਾਵਾਸ ਵੱਲੋਂ ਇਸ ਮਾਮਲੇ ਸਬੰਧੀ ਪੰਜਾਬ ਸਰਕਾਰ ਅਤੇ ਪਰਵਾਸੀ ਭਾਰਤੀਆਂ ਦੇ ਮਾਮਲਿਆਂ ਦੇ ਮੰਤਰਾਲੇ ਨਾਲ ਵੀ ਰਾਬਤਾ ਰੱਖਿਆ ਜਾ ਰਿਹਾ ਹੈ।

ਇਹ ਪਹਿਲੀ ਵਾਰ ਨਹੀਂ ਜਦੋਂ ਉੱਤਰੀ ਰਾਜਾਂ ਖਾਸ ਕਰਕੇ ਪੰਜਾਬ ਦੇ ਨੌਜਵਾਨਾਂ ਨੂੰ ਟਰੈਵਲ ਏਜੰਟਾਂ ਵੱਲੋਂ ਵਿਦੇਸ਼ 'ਚ ਚੰਗੀਆਂ ਨੌਕਰੀਆਂ ਦੁਆਉਣ ਦੇ ਝਾਂਸੇ ਦੇ ਕੇ ਠੱਗਿਆ ਗਿਆ। ਇਹ ਧੰਦਾ ਕਈ ਸਾਲਾਂ ਤੋਂ ਚੱਲ ਰਿਹਾ ਹੈ ਪਰ ਨਾ ਤਾਂ ਨੌਜਵਾਨਾਂ ਨੇ ਇਸ ਤੋਂ ਸਬਕ ਸਿੱਖਿਆ ਅਤੇ ਨਾ ਹੀ ਅਧਿਕਾਰੀਆਂ ਨੇ ਇਸ ਧੰਦੇ ਨੂੰ ਬੰਦ ਕਰਾਉਣ ਲਈ ਕੋਈ ਸਖ਼ਤ ਕਦਮ ਪੁੱਟਿਆ। ਅਧਿਕਾਰੀ ਭਾਵੇਂ ਸਖ਼ਤ ਕਾਰਵਾਈ ਕਰਨ ਦੇ ਦਮਗਜ਼ੇ ਮਾਰਦੇ ਹਨ ਪਰ ਸਚਾਈ ਇਹ ਹੈ ਕਿ ਹਰ ਰੋਜ਼ ਨੌਜਵਾਨ ਇਨ੍ਹਾਂ ਟਰੈਵਲ ਏਜੰਟਾਂ ਦੇ ਢਹੇ ਚੜ੍ਹ ਜਾਂਦੇ ਹਨ ਅਤੇ ਵਿਦੇਸ਼ਾਂ 'ਚਿ ਚੰਗੀ ਕਮਾਈ ਕਰਨ ਦੇ ਸੁਪਨੇ ਦੇਖਦੇ ਹੋਏ ਆਪਣੀ ਪਿਤਾ-ਪੁਰਖੀ ਸੰਪਤੀ ਵੀ ਗੁਆ ਬੈਠਦੇ ਹਨ। ਇਕ ਅੰਦਾਜ਼ੇ ਮੁਤਾਬਕ ਪੰਜਾਬ ਦੇ ਲਗਪਗ 15000 ਨੌਜਵਾਨ ਟਰੈਵਲ ਏਜੰਟਾਂ ਦੇ ਫਰੇਬ ਦਾ ਸ਼ਿਕਾਰ ਹੋ ਕੇ ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ 'ਚ ਅੱਡੀਆਂ ਰਗੜ ਰਹੇ ਹਨ। ਇਨ੍ਹਾਂ 'ਚੋਂ ਕੁਝ ਕੁ ਸੈਂਕੜੇ ਨੌਜਵਾਨ ਪਿਛਲੇ ਕੁਝ ਸਾਲਾਂ ਦੌਰਾਨ ਵਤਨ ਪਰਤੇ ਹਨ ਜਿਨ੍ਹਾਂ ਦੀ ਆਪ ਬੀਤੀ ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਚਾਲੂ ਕਿਸਮ ਦੇ ਕੁਝ ਟਰੈਵਲ ਏਜੰਟਾਂ ਨੇ ਤਾਂ ਔਰਤਾਂ ਨੂੰ ਵੀ ਨਹੀਂ ਬਖਸ਼ਿਆ। ਮੁਟਿਆਰਾਂ ਤੇ ਔਰਤਾਂ ਨੂੰ ਦੇਹ ਵਪਾਰ ਦੇ ਰਾਹ 'ਤੇ ਧੱਕਿਆ ਜਾ ਰਿਹਾ ਹੈ। ਇੱਥੇ ਵੀ ਉਹੀ ਤੌਰ-ਤਰੀਕਾ ਚੱਲਦਾ ਹੈ। ਲੜਕੀਆਂ ਨੂੰ ਵਿਦੇਸ਼ਾਂ 'ਚ ਕਮਾਈਦਾਰ ਨੌਕਰੀਆਂ ਦਾ ਲਾਰਾ ਲਾ ਕੇ ਆਪਣੇ 'ਤੇ ਨਿਰਭਰ ਕਰ ਲਿਆ ਜਾਂਦਾ ਅਤੇ ਫੇਰ ਉਨ੍ਹਾਂ ਤੋਂ ਦੇਹ ਵਪਾਰ ਕਰਾਇਆ ਜਾਂਦਾ ਹੈ।

# ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਪੱਤੇ

ਪੰਜਾਬ ਦੀ ਸਿਆਸਤ ਹੁਣ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਉਤੇ ਨਿਰਭਰ ਹੁੰਦੀ ਜਾ ਰਹੀ ਹੈ। ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਬੇਸ਼ੱਕ ਜਿਸ ਮਰਜ਼ੀ ਸਮਾਂ ਵਿਦੇਸ਼ ਵਿਚ ਰਹਿਣ, ਉਹਨਾਂ ਦੀ ਨਜ਼ਰ ਪੰਜਾਬ ਵਿਚ ਵਾਪਰਨ ਵਾਲੀ ਹਰ ਘਟਨਾ ਉਤੇ ਦਿਨ-ਰਾਤ ਰਹਿੰਦੀ ਹੈ। ਪੰਜਾਬੀ ਭਾਸ਼ਾ ਵਿਚ ਛਪਦੇ ਅਖ਼ਬਾਰ ਅਤੇ ਪੰਜਾਬੀ ਰੇਡੀਓ ਸਟੇਸ਼ਨ ਅਤੇ ਟੀ. ਵੀ. ਚੈਨਲ ਪੰਜਾਬ ਅਤੇ ਭਾਰਤ ਦੀ ਹਰ ਪਲ ਦੀ ਖ਼ਬਰ ਉਸੇ ਤਰ੍ਹਾਂ ਵਿਦੇਸ਼ੀ ਪੰਜਾਬੀਆਂ ਤੱਕ ਪਹੁੰਚਾ ਰਹੇ ਹਨ, ਜਿਵੇਂ ਕਿ ਭਾਰਤ ਵਿਚ ਪ੍ਰਸਾਰਿਤ ਹੁੰਦੀਆਂ ਹਨ। ਸੰਚਾਰ ਤੰਤਰ ਵਿਚ ਆਈ ਕ੍ਰਾਂਤੀ ਨੇ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਪੰਜਾਬ ਨਾਲ ਹੋਰ ਜ਼ਿਆਦਾ ਤੇਜ਼ੀ ਨਾਲ ਜੋੜ ਦਿੱਤਾ ਹੈ।

ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਵਿਚ ਪੰਜਾਬ ਪ੍ਰਤੀ ਮੋਹ ਤਾਂ ਸੁਭਾਵਿਕ ਹੈ, ਪਰ ਇਹ ਮੋਹ ਹੋਰ ਅੰਤਾਂ ਦਾ ਹੋਣ ਵੱਲ ਵਧਦਾ ਜਾ ਰਿਹਾ ਹੈ। ਹਰੇਕ ਸਿਆਸੀ ਲੀਡਰ ਵਿਦੇਸ਼ਾਂ ਵਿਚ ਆਪਣੇ ਕੁਝ ਨਾ ਕੁਝ ਸਮਰਥਕ ਰੱਖਣ ਲੱਗ ਪਿਆ ਹੈ। ਲੀਡਰ ਉਹਨਾਂ ਸਮਰਥਕਾਂ ਕੋਲ ਜਾਂਦੇ ਹਨ ਅਤੇ ਉਹਨਾਂ ਨੂੰ ਉਹਨਾਂ ਤੋਂ ਵੱਡੀ ਵਿੱਤੀ ਮਦਦ ਵੀ ਮਿਲਦੀ ਹੈ।


ਅਸਲ ਵਿਚ ਵਿਦੇਸ਼ ਦੌਰਾ ਕਰਨ ਨਾਲ ਸਿਆਸਤਦਾਨਾਂ ਦੇ ਦੋ ਮਕਸਦ ਪੂਰੇ ਹੁੰਦੇ ਹਨ। ਪਹਿਲਾ ਤਾਂ ਇਹ ਕਿ ਸਿਆਸਤਦਾਨਾਂ ਨੂੰ ਚੋਣਾਂ ਲੜਨ ਲਈ ਫੰਡ ਮਿਲਦਾ ਹੈ। ਇਹ ਫੰਡ ਇੰਨਾ ਜ਼ਿਆਦਾ ਹੋ ਜਾਂਦਾ ਹੈ ਕਿ ਕੋਈ ਵੀ ਪਾਰਟੀ ਆਸਾਨੀ ਨਾਲ ਪੰਜਾਬ ਵਿਚ ਚੋਣਾਂ ਲੜ ਸਕਦੀ ਹੈ। ਦੂਜਾ ਵੱਡਾ ਕਾਰਨ ਪ੍ਰਵਾਸੀ ਪੰਜਾਬੀਆਂ ਦੀਆਂ ਵੋਟਾਂ ਹਨ। ਪ੍ਰਵਾਸੀ ਪੰਜਾਬੀ ਦੂਹਰੀ ਨਾਗਰਿਕਤਾ ਮਿਲਣ ਕਾਰਨ ਪੰਜਾਬ ਵਿਚ ਵੋਟ ਦੇਣ ਦੇ ਕਾਬਲ ਹੋ ਗਏ ਹਨ ਅਤੇ ਇੱਥੇ ਚੋਣਾਂ ਵੀ ਲੜਨ ਦੇ ਚਾਹਵਾਨ ਹੋ ਗਏ ਹਨ। ਕਈ ਪ੍ਰਵਾਸੀ ਪੰਜਾਬੀਆਂ ਨੇ ਪੰਜਾਬ ਵਿਚ ਆ ਕੇ ਚੋਣਾਂ 'ਚ ਆਪਣੀ ਕਿਸਮਤ ਅਜ਼ਮਾਈ ਵੀ ਹੈ ਅਤੇ ਕਈਆਂ ਨੂੰ ਪੰਜਾਬ ਵਿਧਾਨ ਸਭਾ ਤੱਕ ਨੁਮਾਇੰਦਗੀ ਕਰਨ ਦਾ ਵੀ ਮੌਕਾ ਮਿਲਿਆ ਹੈ। ਇੰਨਾ ਹੀ ਨਹੀਂ ਇਹ ਪ੍ਰਵਾਸੀ ਪੰਜਾਬੀ ਹੁਣ ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੂੰ ਆਕਰਸ਼ਿਤ ਕਰ ਰਹੇ ਹਨ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ ਪੰਜਾਬ ਆ ਕੇ ਚੋਣਾਂ ਲੜਨ। ਚੋਣਾਂ ਲੜਨ ਦੇ ਕਈ ਫਾਇਦੇ ਵੀ ਹੋ ਸਕਦੇ ਹਨ, ਪਹਿਲਾ ਤਾਂ ਇਹ ਕਿ ਪ੍ਰਵਾਸੀ ਪੰਜਾਬੀਆਂ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਇੱਥੋਂ ਦੀਆਂ ਸਰਕਾਰਾਂ ਉਦੋਂ ਤੱਕ ਨਹੀਂ ਕਰ ਸਕਦੀਆਂ, ਜਦੋਂ ਤੱਕ ਖੁਦ ਪ੍ਰਵਾਸੀ ਚੁਣੀਆਂ ਸੰਸਥਾਵਾਂ ਵਿਚ ਮਜ਼ਬੂਤ ਆਵਾਜ਼ ਬੁਲੰਦ ਕਰਨ ਦੇ ਲਾਇਕ ਨਹੀਂ ਹੁੰਦੇ। ਦੂਜਾ ਪ੍ਰਵਾਸੀ ਪੰਜਾਬੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਆਦਿ ਹੜੱਪਣ ਵਰਗੀਆਂ ਮੁਸ਼ਕਿਲਾਂ ਖੁਦ ਪੰਜਾਬ ਵਿਚ ਆ ਕੇ ਮਜ਼ਬੂਤ ਲਾਬੀ ਕਾਇਮ ਕਰਨ ਨਾਲ ਹੱਲ ਹੋ ਸਕਦੀਆਂ ਹਨ। ਪ੍ਰਵਾਸੀ ਪੰਜਾਬੀ ਪੰਜਾਬ ਦੀ ਸਿਆਸਤ ਵਿਚ ਦਿਲਚਸਪੀ ਜ਼ਰੂਰ ਰੱਖਣ ਪਰ ਇਸ ਦਿਲਚਸਪੀ ਵੱਸ ਉਹਨਾਂ ਦੁਆਰਾ ਦਿੱਤੇ ਜਾ ਰਹੇ ਫੰਡਾਂ ਦੀ ਪੰਜਾਬ ਵਿਚ ਦੁਰਵਰਤੋਂ ਨਹੀਂ ਹੋਣੀ ਚਾਹੀਦੀ। ਪੰਜਾਬ ਦੀ ਸਿਆਸਤ ਇਸ ਵਕਤ ਗੰਧਲੀ ਹੋ ਗਈ ਹੈ। ਸਿਆਸਤਦਾਨ ਨਸ਼ੇ ਵੰਡ ਕੇ, ਪੈਸੇ ਵੰਡ ਕੇ ਅਤੇ ਹੋਰ ਪੈਸੇ ਦੇ ਜ਼ੋਰ ਨਾਲ ਤਰੀਕੇ ਵਰਤ ਕੇ ਚੋਣਾਂ ਜਿੱਤਣ ਦੀ ਕੋਸ਼ਿਸ਼ ਕਰਦੇ ਹਨ। ਅਜਿਹੀਆਂ ਗਲਤ ਪ੍ਰਵਿਰਤੀਆਂ ਨੂੰ ਰੋਕਣ ਲਈ ਵੀ ਪ੍ਰਵਾਸੀ ਪੰਜਾਬੀਆਂ ਦੁਆਰਾ ਕੋਸ਼ਿਸ਼ ਕਰਨੀ ਚਾਹੀਦੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਬਾਦਲ ਪਰਿਵਾਰ ਦਾ ਇਮਤਿਹਾਨ

ਪ੍ਰੈਸ ਤੋਂ ਸੁਨਹਿਰੀ ਅੱਖਰਾਂ ਵਿੱਚ ਪ੍ਰਕਾਸ਼ਿਤ ਕਰਵਾਉਣ ਦੀ ਜਾਣਕਾਰੀ ਸਾਹਮਣੇ ਆਉਣ 'ਤੇ ਸ਼ੁਰੂ ਹੋਈ ਹੈ। ਇਹ ਕਿਸੇ ਬਾਹਰਲੀ ਪ੍ਰੈਸ ਤੋਂ ਪ੍ਰਕਾਸ਼ਿਤ ਹੀ ਨਹੀਂ ਕਰਵਾਏ ਜਾ ਸਕਦੇ। ਇਹਨਾਂ ਸਰੂਪਾਂ ਵਿੱਚ ਅਨੇਕਾਂ ਛਪਾਈ ਦੀਆਂ ਗਲਤੀਆਂ ਹਨ। ਇਹ ਪਤਾ ਲੱਗਾ ਹੈ ਕਿ ਪ੍ਰਧਾਨ ਸਾਹਿਬ ਨੇ ਆਪਣੇ ਕਿਸੇ ਰਿਸ਼ਤੇਦਾਰ ਦੀ ਪ੍ਰੈਸ ਨੂੰ ਇਹ ਸਰੂਪ ਪ੍ਰਕਾਸ਼ਿਤ ਕਰਨ ਦਾ ਠੇਕਾ ਦਿੱਤਾ ਸੀ ਜੇਕਰ ਪੜ੍ਹੇ-ਲਿਖੇ ਨਿਰਪੱਖ ਤੇ ਸਿਆਸਤ ਤੋਂ ਰਹਿਤ ਐਸ.ਜੀ.ਪੀ.ਸੀ. ਦੇ ਮੈਂਬਰ ਹੋਣਗੇ ਤਾਂ ਪ੍ਰਧਾਨ ਅਜਿਹੀ ਮਨਮਰਜ਼ੀ ਨਹੀਂ ਕਰ ਸਕੇਗਾ। ਐਸ.ਜੀ.ਪੀ.ਸੀ. ਦੇ ਕਿਸੇ ਪੜ੍ਹੇ-ਲਿਖੇ ਪ੍ਰਧਾਨ ਨੂੰ ਤਾਂ ਬਰਦਾਸ਼ਤ ਹੀ ਨਹੀਂ ਕੀਤਾ ਜਾਂਦਾ। ਇੱਕ ਵਾਰ ਪ੍ਰੋ: ਕਿਰਪਾਲ ਸਿੰਘ ਬਡੂੰਗਰ ਇੱਕ ਪੜ੍ਹਿਆ ਲਿਖਿਆ ਐਮ.ਏ. ਅੰਗਰੇਜ਼ੀ ਪ੍ਰਧਾਨ ਬਣਿਆ ਸੀ ਉਸ ਦੇ ਕੀਤੇ ਬਹੁਤੇ ਫੈਸਲੇ ਬਾਅਦ ਵਿੱਚ ਬਦਲ ਦਿੱਤੇ ਤੇ ਉਹ ਸਿਆਸੀ ਲੋਕਾਂ ਨੂੰ ਰਾਸ ਨਹੀਂ ਆਇਆ। ਜੁਲਾਈ 2004 ਵਿੱਚ ਐਸ.ਜੀ.ਪੀ.ਸੀ. ਦੀਆਂ ਚੋਣਾਂ ਵਿੱਚ ਅਕਾਲੀ ਦਲ (ਬਾਦਲ) ਦੇ 136 ਅਤੇ ਬਾਕੀ ਗਰੁੱਪਾਂ ਦੇ 34 ਮੈਂਬਰ ਚੁਣੇ ਗਏ ਸਨ, ਉਹਨਾਂ ਵਿੱਚੋਂ ਬਹੁਤੇ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਸਨ। ਇਹਨਾਂ ਵਿੱਚ 33 ਇਸਤਰੀਆਂ ਮੈਂਬਰ ਵੀ ਸ਼ਾਮਲ ਸਨ। ਇਸ ਵਾਰੀ 30 ਇਸਤਰੀਆਂ ਅਤੇ 20 ਅਨੁਸੂਚਿਤ ਜਾਤੀਆਂ ਲਈ ਸੀਟਾਂ ਰਾਖਵੀਂਆਂ ਹਨ। ਇਸ ਵਾਰ ਵੀ 170 ਮੈਂਬਰ ਚੁਣੇ ਜਾਣਗੇ ਜਿਨ੍ਹਾਂ ਵਿੱਚੋਂ 157 ਪੰਜਾਬ ਵਿੱਚੋਂ, 11 ਹਰਿਆਣਾ ਵਿੱਚੋਂ ਅਤੇ 1-1 ਹਿਮਾਚਲ ਅਤੇ ਚੰਡੀਗੜ੍ਹ ਵਿੱਚੋਂ ਚੁਣਿਆ ਜਾਵੇਗਾ। 15 ਮੈਂਬਰ ਮਨੋਨੀਤ ਕੀਤੇ ਜਾਣਗੇ, 5 ਸਿੰਘ ਸਾਹਿਬਾਨ ਅਤੇ 1 ਸ੍ਰੀ ਹਰਿਮੰਦਰ ਸਾਹਿਬ ਦਾ ਹੈੱਡ ਗ੍ਰੰਥੀ ਹੋਵੇਗਾ ਪ੍ਰੰਤੂ ਇਨ੍ਹਾਂ ਨੂੰ ਵੋਟਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਨਹੀਂ ਹੋਵੇਗਾ। ਇਸ ਪ੍ਰਕਾਰ ਹਾਊਸ ਦੇ 191 ਮੈਂਬਰ ਹੋਣਗੇ। ਪਿਛਲੀਆਂ ਚੋਣਾਂ ਵਿੱਚ ਸਹਿਜਧਾਰੀ ਸਿੱਖ ਵੋਟ ਪਾ ਸਕਦੇ ਸਨ। ਇਸ ਵਾਰ ਉਹ ਵੋਟ ਨਹੀਂ ਪਾ ਸਕਣਗੇ। ਹੁਣ 4 ਅਗਸਤ ਤੋਂ 11 ਅਗਸਤ ਤੱਕ ਨਾਮਜ਼ਦਗੀ ਪੇਪਰ ਭਰੇ ਜਾ ਰਹੇ ਹਨ ਤੇ 26 ਅਗਸਤ ਤੱਕ ਪੇਪਰ ਵਾਪਸ ਲਏ ਜਾ ਸਕਦੇ ਹਨ। 22 ਸਤੰਬਰ ਨੂੰ ਇਹਨਾਂ ਚੋਣਾਂ ਦੇ ਨਤੀਜੇ ਨਿਕਲਣਗੇ। ਇਹਨਾਂ ਚੋਣਾਂ ਵਿੱਚ 55 ਲੱਖ ਤੋਂ ਉੱਪਰ ਵੋਟਰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣਗੇ। ਪਿਛਲੀ ਵਾਰ ਐਸ.ਜੀ.ਪੀ.ਸੀ. ਦਾ ਬਜਟ 652 ਕਰੋੜ ਰੁਪਏ ਦਾ ਸੀ। ਐਸ.ਜੀ.ਪੀ.ਸੀ. ਦੇ ਹਰ ਮੈਂਬਰ ਨੂੰ ਆਪੋ-ਆਪਣੇ ਹਲਕੇ ਵਿੱਚ 1-1 ਲੱਖ ਰੁਪਏ ਧਾਰਮਿਕ, ਸਮਾਜਿਕ ਤੇ ਵਿੱਦਿਅਕ ਕੰਮਾਂ ਲਈ ਆਪਣੀ ਮਰਜ਼ੀ ਨਾਲ ਖ਼ਰਚਣ ਦਾ ਅਧਿਕਾਰ ਹੋਵੇਗਾ। ਪਿਛਲੇ ਹਾਊਸ ਦੇ 12 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਇਸ ਵਾਰ ਇਹਨਾਂ ਚੋਣਾਂ ਵਿੱਚ ਨਵੇਂ ਸਮੀਕਰਨ ਹੋਣ ਦੀ ਸੰਭਾਵਨਾ ਹੈ ਪ੍ਰੰਤੂ ਫਿਰ ਵੀ ਬਾਦਲ ਗਰੁੱਪ ਦਾ ਪੰਜਾਬ ਸਰਕਾਰ ਵਿੱਚ ਹੱਥ ਹੋਣ ਕਰਕੇ ਪਲੜਾ ਭਾਰੀ ਰਹਿਣ ਦੀ ਉਮੀਦ ਹੈ ਕਿਉਂਕਿ ਤਹਿਸੀਲਦਾਰਾਂ ਦੀ ਮਦਦ ਨਾਲ ਬਣਾਈਆਂ ਐਸ.ਜੀ.ਪੀ.ਸੀ. ਦੀਆਂ ਵੋਟਾਂ ਆਪਣਾ ਰੰਗ ਜਰੂਰ ਵਿਖਾਉਣਗੀਆਂ। ਅਕਾਲੀ ਦਲ ਦੇ ਦੂਜੇ ਧੜੇ ਇੱਕ ਪਲੇਟਫਾਰਮ 'ਤੇ ਇਕੱਠੇ ਨਹੀਂ ਹੋ ਸਕਣਗੇ ਕਿਉਂਕਿ ਸ. ਸਿਮਰਨਜੀਤ ਸਿੰਘ ਮਾਨ ਵੱਖਰੇ ਚੋਣ ਲੜਨ ਦਾ ਪਹਿਲਾਂ ਹੀ ਐਲਾਨ ਕਰ ਚੁੱਕੇ ਹਨ। ਸ. ਮਨਪ੍ਰੀਤ ਸਿੰਘ ਬਾਦਲ ਜੋ ਅਕਾਲੀ ਦਲ ਨੂੰ ਨੁਕਸਾਨ ਪਹੁੰਚਾ ਸਕਦਾ ਸੀ ਉਹ ਚੋਣਾਂ ਵਿੱਚ ਹਿੱਸਾ ਨਹੀਂ ਲੈ ਰਿਹਾ। ਵੈਸੇ ਵੀ ਉਸ ਨਾਲ ਐਸ.ਜੀ.ਪੀ.ਸੀ. ਦਾ ਇੱਕੋ ਮੈਂਬਰ ਸ. ਗੁਰਮੀਤ ਸਿੰਘ ਗਿਆ ਸੀ। ਦੂਜੇ ਪਾਸੇ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਐਲਾਨ ਕਰ ਚੁੱਕਾ ਹੈ ਕਿ ਉਹਨਾਂ ਦੀ ਪਾਰਟੀ ਧਰਮ ਨਿਰਪੱਖ ਹੋਣ ਕਰਕੇ ਚੋਣਾਂ ਵਿੱਚ ਹਿੱਸਾ ਨਹੀਂ ਲਵੇਗੀ। ਐਸ.ਜੀ.ਪੀ.ਸੀ. ਦੇ ਵੋਟਰਾਂ ਨੂੰ ਸਵੱਛ ਕਿਰਦਾਰ ਵਾਲੇ ਉਮੀਦਵਾਰਾਂ ਨੂੰ ਹੀ ਵੋਟਾਂ ਪਾਉਣੀਆਂ ਚਾਹੀਦੀਆਂ ਹਨ ਜੇਕਰ ਵੋਟਰਾਂ ਨੇ ਅਜਿਹਾ ਕਰਨ ਦਾ ਹੌਸਲਾ ਨਾ ਕੀਤਾ ਤਾਂ ਵਰਤਮਾਨ ਸਰਕਾਰ ਦੀ ਹੱਥ ਠੋਕੀ ਐਸ.ਜੀ.ਪੀ.ਸੀ. ਦੁਬਾਰਾ ਬਣ ਜਾਵੇਗੀ ਤੇ ਸੰਗਤ ਨੂੰ ਉਹਨਾਂ ਦੀਆਂ ਮਨਮਾਨੀਆਂ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ, ਇਸ ਦੇ ਸਿੱਟੇ ਵਜੋਂ ਧਾਰਮਿਕ ਕਦਰਾਂ ਕੀਮਤਾਂ ਵਿੱਚ ਗਿਰਾਵਟ ਆਉਣ ਤੋਂ ਕੋਈ ਰੋਕ ਨਹੀਂ ਸਕਦਾ। ਬਾਦਲ ਪਰਿਵਾਰ ਲਈ ਇਹ ਚੋਣਾਂ ਇਮਤਿਹਾਨ ਦਾ ਸਮਾਂ ਹੋਵੇਗਾ ਪ੍ਰੰਤੂ ਅਕਾਲੀ ਦਲ ਦੇ ਕਈ ਧੜਿਆਂ ਨੇ ਇਹ ਚੋਣਾਂ ਲੜਨ ਲਈ ਪੰਥਕ ਮੋਰਚੇ ਦੇ ਨਾਂ ਹੇਠ ਮਿਲ ਕੇ ਲੜਨ ਦਾ ਫੈਸਲਾ ਕੀਤਾ ਹੈ, ਇਸਦੇ ਬਹੁਤੇ ਚੰਗੇ ਨਤੀਜੇ ਆਉਣ ਦੀ ਉਮੀਦ ਨਹੀਂ ਕਿਉਂਕਿ ਅਜੇ ਵੀ ਕਈ ਧੜੇ ਪੰਥਕ ਮੋਰਚੇ ਤੋਂ ਬਾਹਰ ਰਹਿ ਗਏ ਹਨ, ਪਰਜਾਤੰਤਰ ਵਿਚ ਹਰ ਇਕ ਵਿਅਕਤੀ ਨੂੰ ਚੋਣ ਲੜਨ ਦਾ ਅਧਿਕਾਰ ਹੈ। ਇਸ ਮੋਰਚੇ ਦੇ ਗਠਨ ਨਾਲ ਬਾਦਲ ਪਰਿਵਾਰ ਦੀ ਮਨਾਪਲੀ ਨੂੰ ਇਕ ਕਿਸਮ ਨਾਲ ਚੈਲੰਜ ਤਾਂ ਖੜ੍ਹਾ ਹੋ ਗਿਆ ਹੈ ਪ੍ਰੰਤੂ ਅਜੇ ਵੀ ਇਹਨਾਂ ਦੀਆਂ ਵੋਟਾਂ ਵੰਡੀਆਂ ਜਾਣਗੀਆਂ ਤੇ ਬਾਦਲ ਪਰਿਵਾਰ ਦਾ ਕਬਜ਼ਾ ਬਰਕਰਾਰ ਰਹਿਣ ਦੀ ਉਮੀਦ ਹੈ। ਕਾਂਗਰਸ ਪਾਰਟੀ ਆਪਣੇ ਆਪ ਨੂੰ ਧਰਮ ਨਿਰਪੱਖ ਕਹਿ ਕੇ ਐਸ.ਜੀ.ਪੀ.ਸੀ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਲੈਂਦੀ ਤੇ ਕਾਂਗਰਸੀ ਸਿੱਖਾਂ ਨੂੰ ਅਕਾਲੀ ਦਲ ਬਾਦਲ ਦੇ ਰਹਿਮੋ ਕਰਮ ਤੇ ਛੱਡ ਦਿੱਤਾ ਜਾਂਦਾ ਹੈ। ਅਕਾਲੀ ਦਲ ਬਾਦਲ ਐਸ.ਜੀ.ਪੀ.ਸੀ ਦੇ ਸਿਰ ਤੇ ਧਰਮ ਦੀ ਆੜ ਵਿਚ ਆਪਣੀ ਸਿਆਸਤ ਕਰਦੀ ਹੈ। ਪੰਜਾਬ ਦੇ ਵੋਟਰਾਂ ਨੂੰ ਆਪਣੇ ਵੋਟ ਅਧਿਕਾਰ ਵਰਤਣ ਤੋਂ ਪਹਿਲਾਂ ਐਸ.ਜੀ.ਪੀ.ਸੀ ਤੇ ਅਕਾਲੀ ਦਲ ਦੇ ਇਕ ਧੜੇ ਦੀ ਅਜਾਰੇਦਾਰੀ ਅਤੇ ਮਨਮਰਜ਼ੀ ਨਾਲ ਹੁਣ ਤੱਕ ਕੀਤੇ ਗਏ ਕੰਮਾਂ ਦਾ ਲੇਖਾ ਜੋਖਾ ਜਰੂਰ ਕਰਨਾ ਚਾਹੀਦਾ ਹੈ।

## ਕੌਮੀ ਵਿਰਾਸਤ ਖਾਲਸਾ ਕਾਲਜ

ਪ੍ਰਸਿੱਧ ਸਿੱਖ ਵਿਦਵਾਨ ਡਾ. ਜਸਬੀਰ ਸਿੰਘ ਘੁੰਮਣ ਨੇ ਸਦੀ ਪੁਰਾਣਾ ਸਿੱਖਾਂ ਦਾ ਸਿੱਖਿਆ ਪੱਖੋਂ ਮੱਕਾ ਮੰਨਿਆ ਜਾਂਦਾ ਖਾਲਸਾ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਅਤੇ ਪ੍ਰਾਈਵੇਟ ਹੱਥਾਂ ਵਿਚ ਦੇਣ ਦੇ ਸੰਦਰਭ ਵਿਚ ਸਾਰੇ ਪੱਖਾਂ ਉਤੇ ਵਿਚਾਰ ਕਰਦਿਆਂ ਇਕ ਪੁਸਤਕ ਦੀ ਸੰਪਾਦਨਾ ਕੀਤੀ ਹੈ, ਜਿਸ ਵਿਚ ਵੱਖ ਵੱਖ ਵਿਦਵਾਨਾਂ ਦੇ ਵਿਚਾਰ ਪੇਸ਼ ਕੀਤੇ ਹਨ, ਜੋ ਨੂੰ ਅਸੀਂ ਆਪਣੇ ਪਾਠਕਾਂ ਲਈ ਇਸ ਵਾਰ ਛਾਪ ਰਹੇ ਹਾਂ। -ਸੰਪਾਦਕ



ਜਸਬੀਰ ਸਿੰਘ ਘੁੰਮਣ

# ਵਿਦਿਆ ਦਾ ਧਾਮ: ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਦੀ ਲੋੜ

**ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ**

ਖਾਲਸਾ ਕਾਲਜ ਅੰਮ੍ਰਿਤਸਰ ਨੂੰ ਖ਼ਾਲਸਾ ਯੂਨੀਵਰਸਿਟੀ ਵਿਚ ਤਬਦੀਲ ਕਰਨ ਸਬੰਧੀ ਵਾਦ-ਵਿਵਾਦ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਖ਼ਾਲਸਾ ਕਾਲਜ ਬਚਾਓ ਮੋਰਚਾ ਵੱਲੋਂ ਜਨਹਿਤ ਵਿਚ ਜਾਰੀ ਇਕ ਇਸ਼ਤਿਹਾਰ ਵਿਚ ਇਸ ਫੈਸਲੇ ਦਾ ਤਿੱਖਾ ਵਿਰੋਧ ਕਰਦੇ ਹੋਏ ਇਸ ਨੂੰ ਜਿਉਂ ਦਾ ਤਿਉਂ ਰੱਖਣ ਦੀ ਅਪੀਲ ਕੀਤੀ ਗਈ ਹੈ। ਕਾਲਜ ਦੇ ਕੁਝ ਸਟਾਫ ਮੈਂਬਰ ਇਸ ਨੂੰ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਵਾਂਗ ਕੇਂਦਰੀ ਯੂਨੀਵਰਸਿਟੀ ਬਣਾਉਣ ਦੇ ਹੱਕ ਵਿਚ ਹਨ, ਭਾਵੇਂ ਕਿ ਉਹ ਇਸ ਸਬੰਧੀ ਖੁੱਲ੍ਹ ਕੇ ਸਾਹਮਣੇ ਆਉਣ ਲਈ ਤਿਆਰ ਨਹੀਂ ਹਨ।

ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਦੇ ਪ੍ਰਮੁੱਖ ਆਗੂਆਂ ਵੱਲੋਂ ਜਾਰੀ ਕੀਤੇ ਗਏ ਬਿਆਨ ਮੁਤਾਬਕ ਕਾਲਜ ਨੂੰ ਯੂਨੀਵਰਸਿਟੀ ਬਣਾਉਣ ਦਾ ਸੁਪਨਾ ਕੋਈ ਨਵਾਂ ਨਹੀਂ, ਬਲਕਿ 1920 ਦਾ ਹੈ, ਜੋ ਕਿ ਹੁਣ 21ਵੀਂ ਸਦੀ ਵਿਚ ਪੂਰਾ ਹੋਣ ਜਾ ਰਿਹਾ ਹੈ। ਜਦੋਂ ਅਸੀਂ ਇਸ ਪਿਛੋਕੜ ਵਿਚ ਬਨਾਰਸ ਹਿਦੂ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਇਤਿਹਾਸਕ ਪਿਛੋਕੜ ’ਤੇ ਝਾਤ ਪਾਉਂਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਬਨਾਰਸ ਹਿੰਦੂ ਕਾਲਜ 1873 ਵਿਚ ਹੋਂਦ ’ਚ ਆਇਆ ਸੀ, ਜਿਸ ਨੂੰ 1915 ਵਿਚ ਸੰਸਦ ਰਾਹੀਂ ਯੂਨੀਵਰਸਿਟੀ ਦਾ ਦਰਜਾ ਦਿੱਤਾ ਗਿਆ। ਇਸੇ ਤਰ੍ਹਾਂ ਮੁਹੰਮਦਨ ਐਂਗਲੋ ਓਰੀਐਂਟਲ ਕਾਲਜ, ਅਲੀਗੜ੍ਹ 1886 ਵਿਚ ਆਰੰਭ ਕੀਤਾ ਗਿਆ, ਜਿਸ ਨੂੰ 1920 ਵਿਚ ਕੇਂਦਰੀ ਮੁਸਲਿਮ ਯੂਨੀਵਰਸਿਟੀ ਦਾ ਨਾਂ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਖ਼ਾਲਸਾ ਕਾਲਜ ਅੰਮ੍ਰਿਤਸਰ ਨੇ ਵੀ ਇਸੇ ਤਰ੍ਹਾਂ ਇਨ੍ਹਾਂ ਧਾਰਮਿਕ ਕਾਲਜਾਂ ਵਾਂਗ ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਵਿਚ ਤਬਦੀਲ ਹੋ ਜਾਣਾ ਸੀ, ਜੇ ਉਦੋਂ 1920 ਵਿਚ ਖ਼ਾਲਸਾ ਕਾਲਜ ਦੇ ਵਿਦਿਆਰਥੀ ਆਜ਼ਾਦੀ ਦੀ ਲਹਿਰ ਵਿਚ ਭਾਗ ਨਾ ਲੈ ਰਹੇ ਹੁੰਦੇ।

ਇਸ ਸਮੇਂ ਬਨਾਰਸ ਹਿੰਦੂ ਯੂਨੀਵਰਸਿਟੀ ਨੂੰ ਕੇਂਦਰ ਵੱਲੋਂ 1000 ਕਰੋੜ ਰੁਪਏ ਦੇ ਕਰੀਬ ਸਾਲਾਨਾ ਗਰਾਂਟ ਮਿਲ ਰਹੀ ਹੈ। ਇੱਥੋਂ ਦੇ ਵਿਦਿਆਰਥੀਆਂ ਦੀਆਂ ਫੀਸਾਂ ਬਹੁਤ ਹੀ ਘੱਟ ਹਨ। ਬੀ. ਏ. ਕਲਾਸ ਦੀ ਫੀਸ ਕੇਵਲ 2500 ਰੁਪਏ ਸਾਲਾਨਾ ਦੇ ਕਰੀਬ ਹੈ। ਇਸੇ ਤਰ੍ਹਾਂ ਅਲੀਗੜ੍ਹ ਯੂਨੀਵਰਸਿਟੀ ਨੂੰ ਕੇਂਦਰ ਵੱਲੋਂ ਇੰਨੀ ਹੀ ਸਾਲਾਨਾ ਗਰਾਂਟ ਮਿਲਦੀ ਹੈ ਅਤੇ ਫੀਸਾਂ ਵੀ ਬਨਾਰਸ ਯੂਨੀਵਰਸਿਟੀ ਵਾਂਗ ਮਾਮੂਲੀ ਹਨ। ਬਨਾਰਸ ਯੂਨੀਵਰਸਿਟੀ ਵਿਚ 15 ਹਜ਼ਾਰ ਦੇ ਕਰੀਬ ਵਿਦਿਆਰਥੀ, 1700 ਅਧਿਆਪਕ ਤੇ 8 ਹਜ਼ਾਰ ਨਾਨ-ਟੀਚਿੰਗ ਸਟਾਫ ਹੈ। ਅਮਰੀਕਾ, ਯੂਰਪ, ਏਸ਼ੀਆ, ਮੱਧ ਪੂਰਬ, ਅਫਰੀਕਾ ਆਦਿ ਤੋਂ ਵੱਡੀ ਗਿਣਤੀ ਵਿਦਿਆਰਥੀ ਇੱਥੇ ਪੜ੍ਹਦੇ ਹਨ। ਇਹ ਯੂਨੀਵਰਸਿਟੀ ਹਿੰਦੁਸਤਾਨ ਦੀਆਂ ਚੋਣਵੀਆਂ ਯੂਨੀਵਰਸਿਟੀਆਂ ਵਿਚੋਂ ਇਕ ਹੈ। ਅੱਜਕਲ੍ਹ ਇਸ ਦੇ ਦੋ ਕੈਂਪਸ ਹਨ। ਬਨਾਰਸ ਵਾਲੇ ਕੈਂਪਸ ਦਾ ਖੇਤਰ 1300 ਏਕੜ ਅਤੇ ਮਿਰਜ਼ਾਪੁਰ ਜ਼ਿਲ੍ਹੇ ਵਾਲੇ ਬਰਕਾਸ਼ਾ ਕੈਂਪਸ ਦਾ ਖੇਤਰ 2700 ਏਕੜ ਹੈ। ਇੱਥੇ 14 ਫੈਕਲਟੀਆਂ ਅਤੇ 124 ਵਿਭਾਗਾਂ ਤੋਂ ਇਲਾਵਾ 927 ਬਿਸਤਰਿਆਂ ਵਾਲਾ ਆਧੁਨਿਕ ਯੰਤਰਾਂ ਨਾਲ ਲੈਸ ਆਪਣਾ ਹਸਪਤਾਲ ਤੇ ਇਕ ਆਪਣਾ ਫਲਾਇੰਗ ਕਲੱਬ ਵੀ ਹੈ।

ਤੀਹ ਹਜ਼ਾਰ ਵਿਦਿਆਰਥੀਆਂ ਵਾਲੀ 1160 ਏਕੜ ਵਿਚ ਫੈਲੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀਆਂ 12 ਫੈਕਲਟੀਆਂ ਦੇ 95 ਵਿਭਾਗ, 5 ਇੰਸਟੀਚਿਊਟ ਅਤੇ 13 ਸੈਂਟਰ ਹਨ। ਇਹ ਯੂਨੀਵਰਸਿਟੀ ਹਿੰਦੁਸਤਾਨ ਵਿਚੋਂ ਸੱਤਵੇਂ ਨੰਬਰ ’ਤੇ ਆਉਣ ਵਾਲੀ ਯੂਨੀਵਰਸਿਟੀ ਹੈ। ਇਸ ਯੂਨੀਵਰਸਿਟੀ ਨੂੰ ਸਥਾਪਤ ਕਰਨ ਦੇ ਪਿੱਛੇ ਜੋ ਉਦੇਸ਼ ਰੱਖੇ ਗਏ ਸਨ, ਉਨ੍ਹਾਂ ਮੁਤਾਬਕ ਇਸ ਨੇ ਖੋਜ ਅਤੇ ਹੋਰ ਕਾਰਜਾਂ ਤੋਂ ਇਲਾਵਾ ਇਸਲਾਮ ਵਿਚਾਰਧਾਰਾ ਅਤੇ ਇਸਲਾਮੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੈ ਅਤੇ ਨਾਲੋ-ਨਾਲ ਭਾਰਤ ਦੇ ਧਰਮਾਂ, ਸਭਿਅਤਾ ਅਤੇ ਸਭਿਆਚਾਰ ਦੀ ਪੜ੍ਹਾਈ ਨੂੰ ਅੱਗੇ ਤੋਰਨਾ ਹੈ, ਖਾਸ ਕਰਕੇ ਭਾਰਤ ਵਿਚ ਰਹਿ ਰਹੇ ਮੁਸਲਮਾਨਾਂ ਦੇ ਵਿਦਿਅਕ ਅਤੇ ਸਭਿਆਚਾਰਕ ਪੱਖ ਨੂੰ ਪ੍ਰਫੁੱਲਿਤ ਕਰਨਾ ਹੈ। ਇਸੇ ਤਰਜ਼ ’ਤੇ ਬਨਾਰਸ ਯੂਨੀਵਰਸਿਟੀ ਦਾ ਮਕਸਦ ਵੀ ਵੈਦਿਕ, ਹਿੰਦੂ, ਬੋਧੀ, ਜੈਨ, ਇਸਲਾਮ, ਸਿੱਖ, ਇਸਾਈ, ਪਾਰਸੀ ਅਤੇ ਹੋਰ ਸਭਿਆਤਾਵਾਂ, ਸੱਭਿਆਚਾਰਾਂ ਅਤੇ ਧਰਮਾਂ, ਸਾਹਿਤ, ਇਤਿਹਾਸ, ਵਿਗਿਆਨ ਅਤੇ ਹੁਨਰਾਂ ਦੀ ਘੋਖ ਕਰਨ ਨੂੰ ਉਤਸ਼ਾਹਿਤ ਕਰਨਾ ਹੈ।

ਇਨ੍ਹਾਂ ਯੂਨੀਵਰਸਿਟੀਆਂ ਵਾਂਗ ਸਿੱਖ ਆਗੂਆਂ ਵੱਲੋਂ ਅੰਮ੍ਰਿਤਸਰ ਵਿਖੇ ਹੀ ਅਜਿਹੀ ਯੂਨੀਵਰਸਿਟੀ ਸਥਾਪਤ ਕਰਨ ਦੀ ਮੰਗ ਕੀਤੀ ਜਾਂਦੀ ਰਹੀ ਹੈ, ਜਿਸ ਦੀ ਪ੍ਰੋੜ੍ਹਤਾ ਮੌਜੂਦਾ ਖ਼ਾਲਸਾ ਕਾਲਜ, ਯੂਨੀਵਰਸਿਟੀਆਂ ਦੇ ਆਗੂਆਂ ਦੇ ਬਿਆਨ ਤੋਂ ਵੀ ਹੁੰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੇ ਅਵਤਾਰ ਧਾਰਨ ਦੀ ਪੰਜਵੀਂ ਸ਼ਤਾਬਦੀ ਸਮੇਂ ਇਹ ਆਸ ਦੀ ਕਿਰਨ ਜਾਗੀ ਸੀ ਕਿ ਉਪਰੋਕਤ ਯੂਨੀਵਰਸਿਟੀਆਂ ਵਾਂਗ ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਵੀ ਸਥਾਪਤ ਹੋਵੇਗੀ, ਪਰ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਦੇ ਨਾਂ ’ਤੇ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਥਾਪਤ ਕਰਨ ਦਾ ਐਲਾਨ ਕਰ ਦਿੱਤਾ, ਜਿਸ ਨੂੰ ਖ਼ਾਲਸਾ ਕਾਲਜ ਦੇ ਉਸ ਵੇਲੇ ਦੀ ਪ੍ਰਬੰਧਕ ਕਮੇਟੀ ਨੇ ਸਹਿਮਤੀ ਪ੍ਰਗਟ ਕਰਦੇ ਹੋਏ ਆਪਣੀ ਵਿਸ਼ਾਲ ਕੈਂਪਸ ਦੀ ਬੇਸ਼ਕੀਮਤੀ 300 ਏਕੜ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ।

ਇਸ ਸਮੇਂ ਖ਼ਾਲਸਾ ਕਾਲਜ ਕੈਂਪਸ 200 ਏਕੜ ਜ਼ਮੀਨ ਵਿਚ ਹੈ ਅਤੇ ਇੱਥੇ ਕੇਵਲ 2500 ਵਿਦਿਆਰਥੀ ਪੜ੍ਹਦੇ ਹਨ। ਕੇਵਲ 4 ਫੈਕਲਟੀਆਂ ਦੇ 20 ਵਿਭਾਗਾਂ ਦੇ 150 ਅਧਿਆਪਕ, 200 ਨਾਨ-ਟੀਚਿੰਗ ਕਰਮਚਾਰੀ ਕੰਮ ਕਰਦੇ ਹਨ। ਬਨਾਰਸ ਯੂਨੀਵਰਸਿਟੀ ਦੇ 60 ਹੋਸਟਲ, ਅਲੀਗੜ੍ਹ ਦੇ 73 ਹੋਸਟਲਾਂ ਦੇ ਮੁਕਾਬਲੇ ਖ਼ਾਲਸਾ ਕਾਲਜ ਦੇ ਕੇਵਲ 6 ਹੋਸਟਲ ਹਨ। ਇਸ ਕਾਲਜ ਨੂੰ 1000 ਕਰੋੜ ਦੇ ਮੁਕਾਬਲੇ ’ਤੇ ਕੇਵਲ 12 ਕਰੋੜ ਰੁਪਏ ਸਾਲਾਨਾ ਗਰਾਂਟ ਮਿਲਦੀ ਹੈ, ਜੋ ਕਿ ਹਰ ਸਾਲ ਲਗਾਤਾਰ ਘਟਦੀ ਜਾ ਰਹੀ ਹੈ। ਉਪਰੋਕਤ ਕੇਂਦਰੀ ਯੂਨੀਵਰਸਿਟੀਆਂ ਦੀ ਆਮ ਵਿਦਿਆਰਥੀਆਂ ਲਈ ਫੀਸ 2500 ਰੁਪਏ ਸਾਲਾਨਾ ਦੇ ਮੁਕਾਬਲੇ ਖ਼ਾਲਸਾ ਕਾਲਜ ਦੇ ਵਿਦਿਆਰਥੀਆਂ ਦੀ ਆਮ ਫੀਸ ਇਸ ਤੋਂ ਦਸ ਗੁਣਾਂ, ਭਾਵ 25 ਹਜ਼ਾਰ ਰੁਪਏ ਸਾਲਾਨਾ ਹੈ ਅਤੇ ਨਵੇਂ ਵਿਦਿਅਕ ਸੈਸ਼ਨ ਤੋਂ ਬਣਨ ਜਾ ਰਹੀ ਖ਼ਾਲਸਾ ਯੂਨੀਵਰਸਿਟੀ ਦੀਆਂ ਫੀਸਾਂ ਵਧਣ ਦੀ ਸੰਭਾਵਨਾ ਹੈ। ਜੇ ਇਨ੍ਹਾਂ ਦੋਵਾਂ ਯੂਨੀਵਰਸਿਟੀਆਂ ਵਾਂਗ ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਵੀ ਉਸ ਸਮੇਂ ਬਣ ਗਈ ਹੁੰਦੀ ਤਾਂ ਇਸ ਨਾਲ ਅੰਮ੍ਰਿਤਸਰ ਦਾ ਵਿਦਿਅਕ ਨਕਸ਼ਾ ਹੋਰ ਹੀ ਹੋਣਾ ਸੀ। ਅਸੀਂ ਸਮਝਦੇ ਹਾਂ ਕਿ ਬਨਾਰਸ ਹਿੰਦੂ ਯੂਨੀਵਰਸਿਟੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਾਂਗ ਅੰਮ੍ਰਿਤਸਰ ਸਿੱਖ ਯੂਨੀਵਰਸਿਟੀ ਵੀ ਬਣਨੀ ਚਾਹੀਦੀ ਹੈ, ਜਿਸ ਦਾ ਆਪਣਾ ਵੱਖਰਾ ਵਿਸ਼ਾਲ ਕੈਂਪਸ ਹੋਵੇ। ਖ਼ਾਲਸਾ ਕਾਲਜ ਹੋਰਨਾਂ ਕਾਲਜਾਂ ਵਾਂਗ ਇਸ ਯੂਨੀਵਰਸਿਟੀ ਦਾ ਮਾਨਤਾ ਪ੍ਰਾਪਤ ਕਾਲਜ ਹੋਵੇ। ਜੇ ਇਹ ਯੂਨੀਵਰਸਿਟੀ ਸਥਾਪਤ ਹੋ ਜਾਂਦੀ ਹੈ ਤਾਂ ਇਸ ਯੂਨੀਵਰਸਿਟੀ ਦਾ ਉਦੇਸ਼ ਖੋਜ ਅਤੇ ਹੋਰ ਕਾਰਜਾਂ ਤੋਂ ਇਲਾਵਾ ਸਿੱਖ ਵਿਚਾਰਧਾਰਾ ਅਤੇ ਸਿੱਖ ਧਰਮ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਹੋਵੇਗਾ ਅਤੇ ਨਾਲੋ-ਨਾਲ ਭਾਰਤ ਦੇ ਧਰਮਾਂ, ਸੱਭਿਅਤਾ ਅਤੇ ਸੱਭਿਆਚਾਰ ਦੀ ਪੜ੍ਹਾਈ ਨੂੰ ਅੱਗੇ ਖੜ੍ਹਨਾ ਤੇ ਖਾਸ ਕਰਕੇ ਭਾਰਤ ਵਿਚ ਰਹਿ ਰਹੇ ਸਿੱਖਾਂ ਦੇ ਵਿੱਦਿਅਕ ਅਤੇ ਸੱਭਿਆਚਾਰਕ ਪੱਖ ਨੂੰ ਪ੍ਰਫੁੱਲਿਤ ਕਰਨਾ ਹੋਵੇਗਾ।

ਇਸ ਤਰ੍ਹਾਂ ਸਰਹੱਦੀ ਜ਼ਿਲ੍ਹੇ ਵਿਚ ਸਥਾਪਤ ਇਸ ਯੂਨੀਵਰਸਿਟੀ ਨੂੰ ਵੱਡੀ ਪੱਧਰ ’ਤੇ ਕੇਂਦਰੀ ਸਹਾਇਤਾ ਮਿਲਣ ਨਾਲ, ਜਿੱਥੇ ਗੁਰੂ ਕੀ ਨਗਰੀ ਅੰਮ੍ਰਿਤਸਰ ਨੂੰ ਆਰਥਿਕ ਲਾਭ ਹੋਵੇਗਾ, ਉਥੇ ਸਿੱਖ ਧਰਮ, ਸਭਿਆਚਾਰ, ਭਾਸ਼ਾ ਦੇ ਪ੍ਰਫੁੱਲਿਤ ਹੋਣ ਲਈ ਨਵੇਂ ਦਿਸਹੱਦੇ ਖੁੱਲ੍ਹਣਗੇ। ਮਾਮੂਲੀ ਫੀਸ ਹੋਣ ਕਰਕੇ ਸਰਹੱਦੀ ਜ਼ਿਲ੍ਹਿਆਂ ਦੇ ਬਹੁਤ ਹੀ ਗਰੀਬ ਵਿਦਿਆਰਥੀਆਂ ਨੂੰ ਵੀ ਉੱਚ ਕੋਟੀ ਦੀ ਸਿੱਖਿਆ ਪ੍ਰਾਪਤ ਕਰਨ ਦਾ ਅਵਸਰ ਮਿਲੇਗਾ।

ਇਸ ਸਮੇਂ ਅੰਮ੍ਰਿਤਸਰ ਦੇ ਸਪੂਤ ਡਾ. ਮਨਮੋਹਨ ਸਿੰਘ ਦੇਸ਼ ਦੇ ਪ੍ਰਧਾਨ ਮੰਤਰੀ ਹੋਣ ਕਰਕੇ ਇਸ ਤਜਵੀਜ਼ ਨੂੰ ਅਮਲੀ ਰੂਪ ਧਾਰਨ ਕਰਨ ਵਿਚ ਮੁਸ਼ਕਿਲ ਵੀ ਨਹੀਂ ਆਵੇਗੀ। ਲੋੜ ਹੈ ਕਿ ਖ਼ਾਲਸਾ ਕਾਲਜ ਚੈਰੀਟੇਬਲ ਸੁਸਾਇਟੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਰਾਹੀਂ ਕੇਂਦਰ ਸਰਕਾਰ ਪਾਸ ਇਸ ਤਜਵੀਜ਼ ਨੂੰ ਲੈ ਕੇ ਪਹੁੰਚ ਕਰੇ। ਇਸ ਨਾਲ ਮੌਜੂਦਾ ਤਣਾਅ ਖਤਮ ਹੋਵੇਗਾ ਅਤੇ ਸੁਸਾਇਟੀ ਦਾ ਪਰਚਮ ਹੋਰ ਉੱਚਾ ਲਹਿਰਾਏਗਾ।

*(ਧੰਨਵਾਦ ਸਹਿਤ ਪ. ਟ.)*

# ‘ਅਮਰੀਕਾ ਤੋਂ ਲਾਦੇਨ ਦੀ ਮੌਤ ਦਾ ਬਦਲਾ ਲੈਣ ਵਾਲ਼ੇ ਅਨਸਰ ਅਫ਼ਗਾਨਿਸਤਾਨ ’ਚ ਸਰਗਰਮ’

ਨਵੀਂ ਦਿੱਲੀ- ਤਾਲਿਬਾਨ ਵੱਲੋਂ ਬੀਤੇ ਦਿਨੀਂ ਅਫ਼ਗਾਨਿਸਤਾਨ ਵਿੱਚ ਇੱਕ ਅਮਰੀਕੀ ਹੈਲੀਕਾਪਟਰ ਨੂੰ ਡੇਗੇ ਜਾਣ ਦੀ ਘਟਨਾ ਅਮਰੀਕਾ ਲਈ ਤਾਂ ਵੱਡਾ ਝਟਕਾ ਹੈ ਹੀ, ਅਫ਼ਗਾਨਿਸਤਾਨ ਦੀਆਂ ਖ਼ਤਰਨਾਕ ਸਥਿਤੀਆਂ ਦਾ ਸੰਕੇਤਕ ਵੀ ਹੈ। ਤਾਲਿਬਾਨ ਦੀ ਇਸ ਕਾਰਵਾਈ ਵਿੱਚ 38 ਵਿਅਕਤੀ ਮਾਰੇ ਗਏ, ਜਿਨ੍ਹਾਂ ਵਿਚੋਂ 30 ਅਮਰੀਕੀ ਫ਼ੌਜੀ ਸਨ। ਖ਼ੁਦ ਉਤੇ ਅੱਤਵਾਦੀ ਹਮਲੇ ਤੋਂ ਬਾਅਦ ਲਗਭਗ 10 ਵਰ੍ਹੇ ਪਹਿਲਾਂ ਜਦੋਂ ਅਮਰੀਕਾ ਨੇ ਤਾਲਿਬਾਨ ਦੇ ਕਬਜ਼ੇ ਵਾਲ਼ੇ ਅਫ਼ਗਾਨਿਸਤਾਨ ਉਤੇ ਹਮਲਾ ਕੀਤਾ ਸੀ, ਤਦ ਤੋਂ ਕਿਸੇ ਇੱਕ ਦਿਨ ਵਿੱਚ ਅਮਰੀਕਾ ਨੂੰ ਲੱਗਾ ਇਹ ਸਭ ਤੋਂ ਵੱਡਾ ਘਟਨਾ ਹੈ। ਇਸ ਘਟਨਾ ਵਿੱਚ ਜਿਹੜੇ 30 ਅਮਰੀਕੀ ਫ਼ੌਜੀ ਜਵਾਨ ਮਾਰੇ ਗਏ ਹਨ, ਉਨ੍ਹਾਂ ਵਿੱਚ ਨੇਵੀ ਸੀਲਜ਼ ਦੇ 22 ਕਮਾਂਡੋ ਵੀ ਸ਼ਾਮਲ ਹਨ। ਚੇਤੇ ਰਹੇ ਕਿ ਇਸੇ ਵਰ੍ਹੇ ਮਈ ’ਚ ਪਾਕਿਸਤਾਨ ਦੇ ਐਬਟਾਬਾਦ ਵਿਖੇ ਖ਼ਤਰਨਾਕ ਅੱਤਵਾਦੀ ਸੰਗਠਨ ਦੇ ਸਰਗਨੇ ਓਸਾਮਾ ਬਿਨ ਲਾਦੇਨ ਨੂੰ ਮਾਰਨ ਦਾ ਕੰਮ ਨੇਵੀ ਸੀਲਜ਼ ਨੇ ਹੀ ਅੰਜਾਮ ਦਿੱਤਾ ਸੀ। ਖ਼ੁਦ ਤਾਲਿਬਾਨ ਨੇ ਇਸ ਅਮਰੀਕੀ ਹੈਲੀਕਾਪਟਰ ਨੂੰ ਡੇਗਣ ਦੀ ਜ਼ਿੰਮੇਵਾਰੀ ਵੀ ਲੈ ਲਈ ਹੈ। ਇਸ ਲਈ ਇਹ ਸਮਝਣਾ ਔਖਾ ਨਹੀਂ ਹੋਣਾ ਚਾਹੀਦਾ ਕਿ ਤਾਲਿਬਾਨ ਦੀ ਇਹ ਕਾਰਵਾਈ ਲਾਦੇਨ ਦੀ ਮੌਤ ਦਾ ਬਦਲਾ ਲੈਣ ਦੀ ਮਨਸ਼ਾ ਤੋਂ ਪ੍ਰੇਰਿਤ ਹੈ। ਇਹ ਭੁੱਲਣਾ ਨਹੀਂ ਚਾਹੀਦਾ ਕਿ ਲਾਦੇਨ ਦੀ ਮੌਤ ਤੋਂ ਬਾਅਦ ਹੀ ਅਲ ਕਾਇਦਾ ਸਮੇਤ ਕਈ ਅੱਤਵਾਦੀ ਸੰਗਠਨਾਂ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਬਦਲਾ ਲੈਣਗੇ। ਤਾਲਿਬਾਨ ਵੱਲੋਂ ਅਮਰੀਕੀ ਹੈਲੀਕਾਪਟਰ ਨੂੰ ਡੇਗਣਾ ਉਸੇ ਬਦਲੇ ਦੀ ਕਾਰਵਾਈ ਲਗਦਾ ਹੈ। ਕਿਹਾ ਜਾ ਸਕਦਾ ਹੈ ਕਿ ਲਾਦੇਨ ਦੀ ਮੌਤ ਦਾ ਬਦਲਾ ਲੈਣ ਵਾਲ਼ੇ ਅਨਸਰ ਹੁਣ ਸਰਗਰਮ ਹੋ ਗਏ ਹਨ। ਇਸ ਅਮਰੀਕੀ ਹੈਲੀਕਾਪਟਰ ਨੂੰ ਤਾਲਿਬਾਨ ਨੇ ਉਸ ਵੇਲੇ ਡੇਗਿਆ, ਜਦੋਂ ਉਹ ਅਫ਼ਗਾਨਿਸਤਾਨ-ਪਾਕਿਸਤਾਨ ਦੀ ਸਰਹੱਦ ਉਤੇ ਕੁੱਝ ਪ੍ਰਮੁੱਖ ਤਾਲਿਬਾਨ ਅੱਤਵਾਦੀਆਂ ਨੂੰ ਮਾਰਨ ਜਾਂ ਫੜਨ ਦੀ ਮੁਹਿੰਮ ਉਤੇ ਸੀ। ਬੇਸ਼ੱਕ ਤਾਲਿਬਾਨ ਦੀ ਇਹ ਅਣਮਨੁੱਖੀ ਕਾਰਵਾਈ ਦਸਦੀ ਹੈ ਕਿ ਅਮਰੀਕੀ ਲੀਡਰਸ਼ਿਪ ਵਿੱਚ ਕੌਮਾਂਤਰੀ ਸੁਰੱਖਿਆ ਬਲਾਂ ਦੀ ਇੱਕ ਦਹਾਕੇ ਤੋਂ ਚੱਲ ਰਹੀ ਕਾਰਵਾਈ ਦੇ ਬਾਵਜੂਦ ਖ਼ੁਦ ਅਫ਼ਗਾਨਿਸਤਾਨ ’ਚ ਤਾਲਿਬਾਨ ਦੀ ਰੀੜ੍ਹ ਨਹੀਂ ਤੋੜੀ ਜਾ ਸਕੀ ਹੈ।

10 ਸਾਲ ਦਾ ਅਰਸਾ ਬਹੁਤ ਲੰਮੇਰਾ ਹੁੰਦਾ ਹੈ ਅਤੇ ਅਮਰੀਕਾ ਨੇ ਅਫ਼ਗਾਨਿਸਤਾਨ ਉਤੇ ਹਮਲਾ ਤਾਲਿਬਾਨ ਦੇ ਖ਼ਾਤਮੇ ਦੇ ਮਕਸਦ ਨਾਲ਼ ਹੀ ਕੀਤਾ ਸੀ। ਇਸ ਘਟਨਾ ਤੋਂ ਪਹਿਲਾਂ ਵੀ ਤਾਲਿਬਾਨ ਸਮੇਂ ਸਮੇਂ ’ਤੇ ਅਮਰੀਕਾ ਅਤੇ ਉਸ ਦੇ ਦੋਸਤ ਦੇਸ਼ਾਂ ਨੂੰ ਨਿਸ਼ਾਨਾ ਬਣਾਉਂਦਾ ਰਿਹਾ ਹੈ ਪਰ ਹਾਲੀਆ ਘਟਲਾ ਬਹੁਤ ਵੱਡੀ ਹੈ ਅਤੇ ਤਾਲਿਬਾਨ ਦੀ ਤਾਕਤ ਅਤੇ ਮਨਸੂਬਿਆਂ ਦਾ ਸਬੂਤ ਵੀ। ਦਰਅਸਲ ਇਸ ਘਟਨਾ ਦਾ ਸਮਾਂ ਵੀ ਬਹੁਤ ਮਹੱਤਵਪੂਰਣ ਹੈ। ਤਾਲਿਬਾਨ ਨੇ ਅਮਰੀਕਾ ਨੂੰ ਇਹ ਸਭ ਤੋਂ ਵੱਡਾ ਝਟਕਾ ਉਦੋਂ ਦਿੱਤਾ ਹੈ ਕਿ ਜਦੋਂ ਅਮਰੀਕਾ ਨੇ ਅਫ਼ਗਾਨਿਸਤਾਨ ਤੋਂ ਆਪਣੀਆਂ ਫ਼ੌਜਾਂ ਵਾਪਸ ਸੱਦਣ ਦੇ ਸਮਾਂਬੱਧ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ ਅਤੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਤਾਲਿਬਾਨ ਦੇ ਇੱਕ ਗੁੱਟ ਨਾਲ਼ ਸੱਤਾ ਵਿੱਚ ਭਾਈਵਾਲ਼ੀ ਦੇ ਫ਼ਾਰਮੂਲੇ ਉਤੇ ਗੱਲਬਾਤ ਕਰ ਰਹੇ ਹਨ। ਅਜਿਹੀ ਸਥਿਤੀ ਵਿੱਚ ਇਹ ਅਨੁਮਾਨ ਲਾਉਣਾ ਔਖਾ ਨਹੀਂ ਹੋਣਾ ਚਾਹੀਦਾ ਕਿ ਜਦੋਂ ਅਮਰੀਕਾ ਅਤੇ ਦੋਸਤ ਦੇਸ਼ਾਂ ਦੀਆਂ ਫ਼ੌਜਾਂ ਅਫ਼ਗਾਨਿਸਤਾਨ ਤੋਂ ਪੂਰੀ ਤਰ੍ਹਾਂ ਵਾਪਸ ਚਲੀਆਂ ਜਾਣਗੀਆਂ, ਤਦ ਉਥੇ ਸੱਤਾ ’ਚ ਵੀ ਤਾਲਿਬਾਨ ਨੂੰ ਭਾਈਵਾਲ਼ੀ ਮਿਲ਼ ਜਾਵੇਗੀ। ਫਿਰ ਉਦੋਂ ਅਫ਼ਗਾਨਿਸਤਾਨ ਦਾ ਦ੍ਰਿਸ਼ ਕਿੰਨਾ ਡਰਾਉਣਾ ਹੋਵੇਗਾ। ਤਾਲਿਬਾਨ ਵੱਲੋਂ ਅਮਰੀਕੀ ਹੈਲੀਕਾਪਟਰ ਨੂੰ ਡੇਗੇ ਜਾਣ ਨਾਲ਼ ਸਭ ਤੋਂ ਵੱਡਾ ਪ੍ਰਸ਼ਨ ਚਿੰਨ੍ਹ ਤਾਂ ਅਮਰੀਕਾ ਦੀ ਅੱਤਵਾਦ ਵਿਰੁੱਧ ਫ਼ੌਜੀ ਮੁਹਿੰਮ ਉਤੇ ਹੀ ਲਗਦਾ ਹੈ। ਬੇਸ਼ੱਕ ਇੱਕ ਦਹਾਕੇ ਤੱਕ ਅਫ਼ਗਾਨਿਸਤਾਨ ਦੇ ਪਹਾੜੀ ਖੇਤਰਾਂ ਵਿੱਚ ਵੀ ਫ਼ੌਜੀ ਮੁਹਿੰਮ ਚਲਾਉਣ ਦੀ ਕੀਮਤ ਜਾਨ ਮਾਲ ਦੇ ਨੁਕਸਾਨ ਦੇ ਰੂਪ ਵਿੱਚ ਅਮਰੀਕਾ ਨੇ ਵੀ ਚੁਕਾਈ ਹੈ ਅਤੇ ਉਸ ਦੇ ਮਿੱਤਰ ਦੇਸ਼ਾਂ ਨੇ ਵੀ ਪਰ ਅਫ਼ਗਾਨਿਸਤਾਨ ਤਾਂ ਇਸ ਦੌਰਾਨ ਤਬਾਹ ਹੀ ਹੋ ਗਿਆ ਹੈ। ਇਹ ਤਬਾਹੀ ਤਦ ਹੋਰ ਵੀ ਭਿਆਨਕ ਮਹਿਸੂਸ ਹੁੰਦੀ ਹੈ, ਜਦੋਂ ਉਨ੍ਹਾਂ ਤਾਲਿਬਾਨ ਦੇ ਮਨਸੂਬੇ ਅੱਜ ਵੀ ਓਨੇ ਹੀ ਬੁਲੰਦ ਨਜ਼ਰ ਆਉਂਦੇ ਹਨ, ਜਿਨ੍ਹਾਂ ਦੇ ਖ਼ਾਤਮੇ ਲਈ ਇਹ ਪੂਰੀ ਕਵਾਇਦ ਕੀਤੀ ਗਈ ਸੀ। ਅੱਤਵਾਦ ਵਿਰੁੱਧ ਇਸ ਫ਼ੌਜੀ ਮੁਹਿੰਮ ਦੀ ਕਾਮਯਾਬੀ ਅਤੇ ਨਾਕਾਮੀ ਦੀ ਬਹਿਸ ਵਿਚਾਲ਼ੇ ਤਬਾਹ ਅਫ਼ਗਾਨਿਸਤਾਨ ਦੇ ਮੁੜ ਨਿਰਮਾਣ ਦਾ ਮਹੱਤਵ ਆਪਣੀ ਥਾਂ ਉਤੇ ਹੈ। ਇਸ ਕੰਮ ਦੀ ਜ਼ਿੰਮੇਵਾਰੀ ਅਮਰੀਕਾ ਅਤੇ ਉਸ ਦੇ ਦੋਸਤ ਦੇਸ਼ਾਂ ਉਤੇ ਵਧੇਰੇ ਆਇਦ ਹੁੰਦੀ ਹੈ। ਤਾਲਿਬਾਨ ਦੇ ਖ਼ਾਤਮੇ ਅਤੇ ਅਫ਼ਗਾਨਿਸਤਾਨ ਦੇ ਮੁੜ ਨਿਰਮਾਣ ਤੋਂ ਬਿਨਾਂ ਹੀ ਅਮਰੀਕਾ ਅਤੇ ਦੋਸਤ ਦੇਸ਼ਾਂ ਦੀਆਂ ਫ਼ੌਜਾਂ ਦੀ ਵਾਪਸੀ ਦਾ ਪ੍ਰੋਗਰਾਮ ਇੱਕ ਵੱਡੇ ਖ਼ਤਰੇ ਨੂੰ ਸੱਦਾ ਸਿੱਧ ਹੋ ਸਕਦਾ ਹੈ। ਜ਼ਿੰਮੇਵਾਰੀ ਭਾਵੇਂ ਅਮਰੀਕਾ ਅਤੇ ਉਸ ਦੇ ਮਿੱਤਰ ਦੇਸ਼ਾਂ ਦੀ ਹੋਵੇ ਪਰ ਆਪਣੇ ਪੁਰਾਣੇ ਰਵਾਇਤੀ ਸੰਬੰਧਾਂ ਦੇ ਚਲਦਿਆਂ ਭਾਰਤ ਵੀ ਅਫ਼ਗਾਨਿਸਤਾਨ ਦੇ ਮੁੜ ਨਿਰਮਾਣ ਵਿੱਚ ਹਰ ਸੰਭਵ ਮਦਦ ਕਰ ਰਿਹਾ ਹੈ ਪਰ ਇਹ ਗੱਲ ਨਾਪਾਕ ਪਾਕਿਸਤਾਨ ਨੂੰ ਚੰਗੀ ਨਹੀਂ ਲੱਗ ਰਹੀ। ਇਸੇ ਲਈ ਅਫ਼ਗਾਨਿਸਤਾਨ ’ਚ ਭਾਰਤੀਆਂ ਅਤੇ ਭਾਰਤੀ ਦੂਤਾਵਾਸ ਨੂੰ ਵਾਰ ਵਾਰ ਜਾਣ ਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

## ਇੰਗਲੈਂਡ ਵਿਚ 700 ਦੰਗਾਕਾਰੀਆਂ ’ਤੇ ਦੋਸ਼ ਆਇਦ

ਲੰਡਨ- ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਪਿਛਲੇ ਹਫਤੇ ਚਾਰ ਦਿਨ ਸੜਕਾਂ ‘ਤੇ ਹੋਈ ਹਿੰਸਾ ਅਤੇ ਕਾਰੋਬਾਰੀ ਅਦਾਰਿਆਂ ‘ਚੋਂ ਸਾਮਾਨ ਚੋਰੀ ਕਰਨ ਸਬੰਧੀ 700 ਤੋਂ ਵੱਧ ਲੋਕਾਂ ‘ਤੇ ਦੋਸ਼ ਆਇਦ ਕੀਤੇ ਗਏ ਹਨ ਜਦਕਿ ਅਧਿਕਾਰੀਆਂ ਨੇ ਐਲਾਨ ਕੀਤਾ ਕਿ ਹਫਤੇ ਦੇ ਅਖੀਰਲੇ ਦਿਨਾਂ ਤੱਕ ਜਾਂ ਜੇ ਲੋੜ ਪਈ ਤਾਂ ਇਸ ਤੋਂ ਅੱਗੇ ਵੀ ਉਹ ਐਮਰਜੈਂਸੀ ਪੁਲੀਸਿੰਗ ਲੈਵਲ ਬਰਕਰਾਰ ਰੱਖਿਆ ਜਾਵੇਗਾ।

ਗ੍ਰਹਿ ਮੰਤਰੀ ਥੈਰੇਸਾ ਮੇਘ ਨੇ ਆਖਿਆ ਕਿ ਅਧਿਕਾਰੀ ਕੋਈ ਜੋਖਮ ਨਹੀਂ ਲੈਣਗੇ ਅਤੇ ਲੰਡਨ ਤੇ ਹੋਰਨਾਂ ਸ਼ਹਿਰਾਂ ਵਿਚ ਹਫਤੇ ਦੇ ਅਖੀਰਲੇ ਦਿਨੀਂ 16000 ਪੁਲੀਸ ਅਫਸਰ ਤਾਇਨਾਤ ਰਹਿਣਗੇ। ਉਨ੍ਹਾਂ ਕਿਹਾ ਕਿ ਕੁਝ ਸਮੇਂ ਲਈ ਨਫਰੀ ਬਰਕਰਾਰ ਰੱਖੀ ਜਾਵੇਗੀ ਹਾਲਾਂਕਿ ਰਾਤਾਂ ਨੂੰ ਅਮਨ ਚੈਨ ਬਣਿਆ ਹੋਇਆ ਹੈ। “ਅਸੀਂ ਢਿੱਲ ਨਹੀਂ ਵਰਤ ਸਕਦੇ।” ਲੰਡਨ ਪੁਲੀਸ ਨੇ 1700 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦਾ ਐਲਾਨ ਕੀਤਾ ਸੀ ਜਿਨ੍ਹਾਂ ‘ਚੋਂ 700 ਉਪਰ ਦੋਸ਼ ਆਇਦ ਕੀਤੇ ਗਏ ਹਨ ਤੇ ਅਦਾਲਤਾਂ ਵੱਲੋਂ ਚੌਵੀਂ ਘੰਟੇ ਕੰਮ ਕੀਤਾ ਜਾ ਰਿਹਾ ਹੈ।

ਜਿਨ੍ਹਾਂ ਲੋਕਾਂ ‘ਤੇ ਦੋਸ਼ ਆਇਦ ਕੀਤੇ ਗਏ ਹਨ ਉਨ੍ਹਾਂ ‘ਚੋਂ ਦੋ ਤਿਹਾਈ ਦੇ ਰਿਮਾਂਡ ਦਿੱਤੇ ਗਏ ਹਨ। ਫਸਾਦੀਆਂ ਖ਼ਿਲਾਫ਼ ਸਖਤੀ ਦਾ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਡੇਵਿਡ ਕੈਮਰੋਨ ਨੇ ਫਸਾਦੀਆਂ ਖ਼ਿਲਾਫ਼ ਤੇਜ਼ੀ ਨਾਲ ਨਿਆਂ ਕਰਨ ਪ੍ਰਤੀ ਆਪਣੀ ਸਰਕਾਰ ਦਾ ਆਇਦ ਦ੍ਰਿੜ੍ਹਾਇਆ ਸੀ। ਕੈਮਰੌਨ ਨੇ ਇਹ ਪ੍ਰਸਤਾਵ ਵੀ ਰੱਖਿਆ ਸੀ ਕਿ ਦੁਕਾਨਾਂ ਤੇ ਮਾਲਾਂ ‘ਚੋਂ ਸਾਮਾਨ ਲੁੱਟਣ ਵਾਲਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰੀ ਰਿਆਇਤੀ ਘਰਾਂ ‘ਚੋਂ ਬੇਦਖਲ ਕੀਤਾ ਜਾਵੇ।

## ਵੱਖਰੇ ਅੰਦਾਜ਼ ਵਾਲੇ ਕਲਾਕਾਰ ਵਜੋਂ ਪ੍ਰਸਿੱਧ ਰਹੇ ਸ਼ੰਮੀ ਕਪੂਰ

ਮੁੰਬਈ- ਆਪਣੀ ਬੇਜੋੜ ਅਦਾ ਦੇ ਚਲਦਿਆਂ 50 ਤੇ 60 ਦੇ ਦਹਾਕੇ ਵਿਚ ਵੱਡੇ ਪਰਦੇ ’ਤੇ ਰਾਜ ਕਰਨ ਵਾਲੇ ਪ੍ਰਸਿੱਧ ਅਤੇ ਬਜ਼ੁਰਗ ਅਭਿਨੇਤਾ ਸ਼ੰਮੀ ਕਪੂਰ ਦਾ ਅੱਜ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਹ 79 ਸਾਲ ਦੇ ਸਨ। ਉਨ੍ਹਾਂ ਦੇ ਪ੍ਰੀਵਾਰ ਵਿਚ ਉਨ੍ਹਾਂ ਦੀ ਪਤਨੀ ਨੀਲਾ ਦੇਵੀ, ਪੁੱਤਰ ਅਦਿਤਯਾ ਰਾਜ ਅਤੇ ਪੁੱਤਰੀ ਕੰਚਨ ਦੇਸਾਈ ਪਿੱਛੇ ਛੱਡ ਗਏ ਹਨ। ਸਾਲ 1953 ਵਿਚ ਬਾਲੀਵੁੱਡ ਵਿਚ ਦਸਤਕ ਦੇਣ ਵਾਲੇ ਸ਼ੰਮੀ ਦੀ ਪਹਿਲੀ ਫ਼ਿਲਮ ਜੀਵਨ ਜਯੋਤੀ ਸੀ। 1961 ਵਿਚ ਸੁਪਰ ਹਿੱਟ ਫ਼ਿਲਮ ਜੰਗਲੀ ਨੇ ਉਨ੍ਹਾਂ ਨੂੰ ਵੱਡੇ ਪਰਦੇ ਦੀ ਦੁਨੀਆਂ ਵਿਚ ਖਾਸ ਜਗ੍ਹਾ ਦਿਵਾਈ। ਸ਼ੰਮੀ ਨੇ ਫ਼ਿਲਮਾਂ ਵਿਚ ਆਪਣੀ ਖਾਸ ਅਦਾਕਾਰੀ ਨਾਲ ਅਲੱਗ ਜਗ੍ਹਾ ਬਣਾਈ। ਭਾਰਤ ਦੇ ਐਲਵਿਸ ਪ੍ਰੈਸਲੀ ਕਹੇ ਜਾਣ ਵਾਲੇ ਕਪੂਰ ਗਲੈਮਰ ਪਰਦੇ ’ਤੇ ਅਦਾਕਾਰੀ ਦੀ ਸ਼ੁਰੂਆਤ ਕੀਤੀ ਜਦੋਂ ਉਨ੍ਹਾਂ ਦੇ ਵੱਡੇ ਭਰਾ ਰਾਜ ਕਪੂਰ ਦੇ ਨਾਲ ਹੀ ਦੇਵਾ ਆਨੰਦ ਅਤੇ ਦਲੀਪ ਕੁਮਾਰ ਛਾਏ ਹੋਏ ਸਨ।





JOE ਜੌਹਲ ਦੀ ਹਿੰਮਤ ਸਦਕਾ ਯੂਬਾ ਸਿਟੀ ਦੇ ਦੌਰੇ ਦੌਰਾਨ ਓਮ ਪ੍ਰਕਾਸ਼ ਚੌਟਾਲਾ ਦੇ ਸਪੁਤਰ - ਅਜੈ ਸਿੰਘ ਚੌਟਾਲਾ ਕੜੀ ਲੀਫ਼ ਰੈਸਟੋਰੈਂਟ ਵਿੱਚ ਸ੍ ਦੀਦਾਰ ਸਿੰਘ ਬੈਸ, ਅਮਰਜੀਤ ਦੁਲਾਈ, ਕੁਲਦੀਪ ਜੌਹਲ, ਰਾਹੁਲ ਰਬੇ ਬਾਬ ਔਜਲਾ, ਸੁਖੀ ਸੰਘੇੜਾ, ਸੁਰੇਸ਼ ਸ਼ਰਮਾ ਅਤੇ ਹੋਰ ਪਤਵੰਤਿਆ ਨਾਲ। (ਹੇਠਾ ਦੁਪਿਹਰ ਦੇ ਖਾਣੇ ਦੌਰਾਨ)



ਸ੍ ਦੀਦਾਰ ਸਿੰਘ ਬੈਸ ਅਜੈ ਸਿੰਘ ਚੌਟਾਲਾ ਨੂੰ ਆਪਣੇ ਖੇਤਾ ਅਤੇ ਪਰੂਨ ਡਰਾਇਰ ਦਾ ਦੌਰਾ ਕਰਵਾਉਦੇ ਹੋਏ।





ਸ੍ ਦੀਦਾਰ ਸਿੰਘ ਬੈਸ ਅਜੈ ਸਿੰਘ ਚੌਟਾਲਾ ਨੂੰ ਉਸਦੇ ਪਿਤਾ ਜੀ ਵੱਲੋ ਕੀਤੇ ਵਾਅਦੇ ਯਾਦ ਕਰਵਾਉਦੇ ਹੋਏ ਜਿਸ ਅਧੀਨ ਹਰਿਆਣਾ ਵਿੱਚ ਪੰਜਾਬੀ ਧਾਰਮਿਕ ਯੂਨਿਵਰਸਿਟੀ ਖੋਲਣ ਬਾਰੇ ਵਿਚਾਰ ਵਟਾਦਰਾ ਕੀਤਾ ਗਿਆਂ।

## ਕੀ ਆਉਣ ਵਾਲੇ ਸਾਲ ਵਿੱਚ ਅਜੇ ਹੋਰ 10%-15% ਘਰਾ ਦੀ ਕੀਮਤ ਘਟੇਗੀ? ਕਿੱਥੇ-ਕਿੱਥੇ?

ਪਰਦੇਸ ਟਾਇਮਜ਼ ਦੇ ਜਨਵਰੀ ਵਾਲੇ ਇਸ ਯੂਬਾ ਸਿਟੀ ਖਬਰਨਾਮਾ ਵਾਲੇ ਅੰਕ ਵਿੱਚ 2011 ਵਿੱਚ ਕਿੰਨੀ ਕੁ ਘਰਾ ਦੀ ਕੀਮਤ ਘਟੇਗੀ - ਦੀ ਖਬਰ ਜਦ ਆਈ ਤਾ ਕਈ ਪਾਸਿਉ ਇਸ ਵਾਰੇ ਕਾਲਾ ਆਈਆਂ। ਪਰਦੇਸ ਟਾਇਮਜ਼ ਦਾ ਇਹ ਪਹਿਲਾ ਬਣਦਾ ਫਰਜ਼ ਕਿ ਸਾਡੇ ਪੜਨ ਵਾਲਿਆ ਨੂੰ ਸਹੀ ਖਬਰ ਦਿੱਤੀ ਜਾਵੇ, ਅਸੀ ਹਮੇਸ਼ਾ ਪੂਰਾ ਕੀਤਾ ਹੈ ਅਤੇ ਇਸੇ ਤਰਾ ਹੀ ਪੂਰਾ ਕਰਦੇ ਰਹਾਗੇ। ਜਦੋ ਤੋਂ (ਮਤਲਬ ਕਿ 2006 ਤੋਂ) ਘਰਾ ਦੀ ਕੀਮਤ ਘਟਣ ਲੱਗੀ ਹੈ ਅਸੀ ਹਮੇਸ਼ਾ ਹੀ ਸਹੀ ਸਲਾਹ ਦਿੰਦੇ ਰਹੇ ਹਾਂ। ਵੇਚਣ ਦੇ ਲਈ ਅਸੀ ਕਦੇ ਕੀਮਤ ਵੱਧਣ ਦਾ ਲਾਰਾ ਨਹੀ ਲਾਇਆਂ - ਇਹ ਨਹੀ ਕਿਹਾ ਕਿ ਇਹ ਲੈ ਲਉ ਹੁਣ ਮਹਿੰਗੇ ਹੋਣ ਲੱਗੇ ਹਨ। ਅਸੀ ਤਾ ਸਗੋ ਬਚਾਅ ਕੇ ਪੈਰ ਰੱਖਣ ਦੀਆ ਹਮੇਸ਼ਾ ਸਲਾਹਾ ਦਿੰਦੇ ਰਹੇ ਹਾ। ਜੇਕਰ ਅਸੀ ਹੁਣ ਕਹੀਏ ਕਿ ਅਜੇ ਵੀ ਘਰਾ ਦੀ ਕੀਮਤ ਹੋਰ 10% ਤੋ ਜਿਆਦਾ ਘਟ ਸਕਦੀ ਹੈ ਕੀ ਤੁਸੀ ਮੰਨਣ ਲਈ ਤਿਆਰ ਹੋ? ਜੇਕਰ ਇਸ ਬਾਰੇ ਤੁਹਾਨੂੰ ਕੋਈ ਸਵਾਲ ਹੋਵੇ ਤਾ ਤੁਸੀ ਮੈਕ ਰੀਅਲ ਇਸਟੇਟ ਤੇ ਰਣਜੀਤ ਕੰਦੋਲਾ ਨੂੰ 530-755-1130 ਤੇ ਫੋਨ ਕਰ ਸਕਦੇ ਹੋ। ਵਾਲ ਸਟਰੀਟ ਅਨੁਸਾਰ ਆਉਣ ਵਾਲੇ ਸਾਲ ਜਿਸ ਇਲਾਕੇ ਵਿੱਚ ਘਰਾ ਦੀ ਦੀ ਕੀਮਤ ਘਟੇਗੀ ਉਹ ਕਰਮਵਾਰ ਇਸ ਤਰਾ ਹਨ -

1. Napel, Florida (expected price drop -16.6%) 2. Riverside-San Bernardino, California (expected price drop -15.6%) 3. Las Vegas, Nevada (expected price drop -13.9%) 4. Detriot, Michigan (expected price drop -13.4%) 5. Merced, California (expected price drop -13.2%) 6. Miami, Florida (expected price drop -13%), 7. El-Centro, California (expected price drop -12.1%) 8. Salinas, California (expected price drop -11.8%) 9. Bethesda, Maryland (expected price drop -11.5%) 10. Fort Lauderdale, Florida (expected price drop -11.1%)


7-Eleven store for sale in Yuba City. 2800 sqft. Inside sale $80,000/month. 4 gas pump. EVR upgraded.

**Need two LIQUOR STORES/GAS STATIONS in Sacramento area. Sellers, please call us with details.**

For Sale in Olivehurst: 6685 sqft grocery store (with beer wine) sale: ~ $900,000/year. asking price $1.2M second option: lease it for $.80/sqft for $475,000

**Liqour Store for sale in Oroville $350,000 Rent $1600/M NNN, Sale $70,000/M**

ਸ਼ਾਰਟ ਸੇਲਾਂ - ਅਸੀ ਬਿਨਾ ਕੋਈ ਫੀਸ ਚਾਰਜ ਕੀਤਿਆ ਸ਼ਾਰਟ ਸੇਲ ਕਰਣ ਦੀ ਸਰਵਿਸ ਵੀ ਪ੍ਦਾਨ ਕਰਦੇ ਹਾ, ਬਸ਼ਰਤੇ ਘਰ ਕੈਲਾਫ਼ੋਰਨੀਆ ਵਿੱਚ ਕਿਤੇ ਵੀ ਹੋਵੇ।



**MAC REAL ESTATE SERVICES**
550 N. PALORA AVE., SUITE A YUBA CITY www.RanjitKandola.com

Need a Liquor License in Butte County

Ranjit Kandola - Realtor
Ph: 530-755-1130



# Sahota Concrete Services

CA State Contractor License # 962346

ਸੀਮੈਂਟ ਅਤੇ ਘਰ ਨਾਲ ਸਬੰਧਤ ਕਿਸੇ ਕਿਸਮ ਦਾ ਵੀ ਕੰਮ ਹੈ ਤਾ ਤੁਸੀ ਹੁਣ ਜਸਵਿੰਦਰ ਸਹੋਤਾ ਨੂੰ ਕਾਲ ਕਰੋ। ਅਸੀ ਕੈਲਾਫੋਰਨੀਆ ਦੇ ਹਰ ਹਿਸੇ ਵਿੱਚ ਜਾਣ ਲਈ ਤਿਆਰ ਹਾਂ।

Jaswinder Sahota Cell: 530-300-6529

ਖ਼ੁਸ਼ਖਬਰੀ ਖ਼ੁਸ਼ਖਬਰੀ

# ਸਟਾਕਟਨ ਕਾਰਡੀਓਲੌਜੀ ਮੈਡੀਕਲ ਗਰੁੱਪ ਵਿਚ ਇਕ ਹੋਰ ਤਜ਼ਰਬੇਕਾਰ ਡਾਕਟਰ

## ਦਿਲ ਦੇ ਰੋਗਾਂ ਦੀ ਮਾਹਿਰ





ਡਾ. ਅਮਰਦੀਪ ਕੇ. ਸਿੰਘ, ਐਮ. ਡੀ.

ਮੇਰੀ ਜ਼ਿੰਦਗੀ ਦਾ ਖਾਸ ਮਕਸਦ ਹੈ ਲੋਕਾਂ ਦੀ ਮੱਦਦ ਕਰਨਾ, ਖਾਸ ਕਰਕੇ ਕਾਰਡੀਓਲੌਜੀ ਮੈਡੀਕਲ ਵਿਚ। ਇਹ ਵਿਚਾਰ ਹਨ ਡਾ. ਅਮਰਦੀਪ ਕੇ. ਸਿੰਘ ਦੇ ਜਿਨ੍ਹਾਂ ਨੇ ਇਨਟਰਨਲ ਮੈਡੀਸਨ ਵਿਚ ਰੈਜੀਡੈਂਸੀ ਕੀਤੀ ਹੈ ਤੇ ਕਾਰਡੀਓਲੌਜੀ ਮੈਡੀਕਲ ਗਰੁੱਪ ਸਟਾਕਟਨ ਵਿਚ

**ਸਤੰਬਰ 1, 2011**

ਤੋਂ ਡਾਕਟਰੀ ਲੋੜਾਂ ਲਈ ਡਾਕਟਰ ਹੋਣਗੇ। ਇਨ੍ਹਾਂ ਨੇ ਕਾਰਡੀਓਲੌਜੀ ਫੈਲੋਸ਼ਿਪ ਸਦਰਨ ਕੈਲੀਫੋਰਨੀਆ ਯੂਨੀਵਰਸਿਟੀ ਤੋਂ ਕੀਤੀ ਹੈ ਤੇ ਟਰੇਨਿੰਗ ਵੀ ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਸਾਨ ਫਰਾਂਸਿਸਕੋ ਕੀਤੀ ਹੈ।

**ਡਾ. ਅਮਰਦੀਪ ਕੇ. ਸਿੰਘ** ਨੇ ਬੋਰਡ ਸਰਟੀਫੀਕੇਸ਼ਨ ਵੀ ਈਕੋਕਾਰਡੀਓਲੌਜੀ ਵਿਚ ਲੈਬਲ ਦੋ-ਕਾਰੀਡੀਆਕ ਵਿਚ, ਨਿਉਕਲੀਅਰ ਮੈਡੀਸਨ ਵਿਚ ਕੀਤਾ।

ਏ ਬੀ ਆਈ ਐਮ ਕਾਰਡੀਓਲੌਜੀ ਬੋਰਡ ਏ ਬੀ ਆਈ ਐਮ. ਇਨਟਰਨਲ ਮੈਡੀਸਨ ਵਿਚ ਸਰਟੀਫਿਕੇਟ ਪਾਸ ਹਨ।

ਕਲੀਨੀਕਲ ਕਾਰਡੀਓਲੌਜੀ ਦੇ ਨਾਲ ਨਾਲ ਮੈਨੇਜਮੈਂਟ ਕੋਰੋਨਰੀ ਆਟਰੀਜ਼ ਬਿਮਾਰੀ ਅਤੇ ਆਟਰੀਅਲ ਸੈਪਟਲ ਤਕਲੀਫਾਂ ਲਈ ਨਵੀਂ ਤਕਨੀਕ ਵੀ ਵਰਤੀ ਜਾਂਦੀ ਹੈ।

ਡਾ. ਅਮਰਦੀਪ ਕੇ. ਸਿੰਘ ਬੜੇ ਮਾਣ ਨਾਲ ਕਹਿੰਦੇ ਹਨ ਕਿ ਉਹ ਕਈ ਭਾਸ਼ਾਵਾਂ ਜਿਸ ਵਿਚ ਹਿੰਦੀ, ਪੰਜਾਬੀ, ਇੰਗਲਿਸ਼, ਸਪੈਨਿਸ਼ ਵਰਗੀਆਂ ਭਾਸ਼ਾਵਾਂ ਵਿਚ ਤੁਹਾਡੇ ਨਾਲ ਗੱਲਬਾਤ ਕਰ ਸਕਦੇ ਹਨ।

ਸਟਾਕਟਨ ਕਾਰਡੀਓਲੌਜੀ ਵਿਚ ਪਹਿਲੀ ਲੇਡੀ ਡਾਕਟਰ ਜੋ ਕਿ ਔਰਤਾਂ ਦੀਆਂ ਪੇਚੀਦਾ ਬਿਮਾਰੀਆਂ ਨੂੰ ਸਮਝਦੀ ਹੈ। ਤੁਸੀਂ ਅਪੁਆਇੰਟਮੈਂਟ (ਮਿਲਣ ਦਾ ਸਮਾਂ) ਲਈ ਫੋਨ ਕਰ ਕੇ ਆਪਣੀ ਭਾਸ਼ਾ ਵਿਚ ਤਕਲੀਫ ਦੱਸ ਸਕਦੇ ਹੋ। **209-944-5750**

## 415 E. Harding Way, Suite D
## Stockton CA 95204

# 209-944-5750